ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 21 | Issue 129| 26 June to 2 July , 2024 | Ph.: (510) 240-5949 | Email: asrtimes@gmail.com

## ਪਾਕਿ ਪੰਜਾਬ ਸਰਕਾਰ ਨੇ ਸਿੱਖ ਮੈਰਿਜ ਐਕਟ 2024 ਨੂੰ ਦਿੱਤੀ ਮਨਜ਼ੂਰੀ



ਲਾਹੌਰ/ਏ.ਟੀ.ਨਿਊਜ਼ : ਪਾਕਿਸਤਾਨ ਦੇ ਪੰਜਾਬ ਸੂਬੇ ਦੀ ਸਰਕਾਰ ਨੇ ਸਿੱਖ ਮੈਰਿਜ ਐਕਟ 2024 ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਭਾਈਚਾਰੇ ਦੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਜੋੜੇ ਆਪਣੇ ਵਿਆਹ ਅਤੇ ਤਲਾਕ ਨੂੰ ਰਜਿਸਟਰ ਕਰ ਸਕਣਗੇ। ਸੂਬਾਈ ਕੈਬਨਿਟ ਨੇ ਬੀਤੇ ਦਿਨੀਂ ਮੁੱਖ ਮੰਤਰੀ ਮਰੀਅਮ ਨਵਾਜ਼ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪੰਜਾਬ ਸਿੱਖ ਆਨੰਦ ਕਾਰਜ ਮੈਰਿਜ ਰਜਿਸਟਰਾਰ ਅਤੇ ਮੈਰਿਜ ਰੂਲਜ਼ 2024 ਨੂੰ ਪ੍ਰਵਾਨਗੀ ਦਿੱਤੀ।

ਪੰਜਾਬ ਦੇ ਘੱਟ ਗਿਣਤੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਪਹਿਲੇ ਸਿੱਖ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਇਸ ਨੂੰ ਸਿੱਖਾਂ ਲਈ ਇਤਿਹਾਸਕ ਦਿਨ ਦੱਸਿਆ ਹੈ। ਉਨ੍ਹਾਂ ਕਿਹਾ, 'ਅੱਜ ਪੰਜਾਬ ਦੁਨੀਆ ਦਾ ਅਜਿਹਾ ਪਹਿਲਾ ਸੂਬਾ ਬਣ ਗਿਆ ਹੈ, ਜਿੱਥੇ ਪੰਜਾਬ ਸਿੱਖ ਮੈਰਿਜ ਐਕਟ ਲਾਗੂ ਕੀਤਾ ਗਿਆ ਹੈ।' ਉਨ੍ਹਾਂ ਅੱਗੇ ਕਿਹਾ ਕਿ ਦੂਜੇ ਸੂਬਿਆਂ 'ਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕ ਵੀ ਆਪਣੇ ਵਿਆਹ ਰਜਿਸਟਰ ਕਰਵਾਉਣ ਲਈ ਪੰਜਾਬ ਸੂਬੇ 'ਚ ਆ ਸਕਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਕੁਝ ਮਹੀਨਿਆਂ ਵਿੱਚ ਹਿੰਦੂ ਮੈਰਿਜ ਐਕਟ ਨੂੰ ਵੀ ਕੈਬਨਿਟ ਅੱਗੇ ਰੱਖਿਆ ਜਾਵੇਗਾ। ਰਮੇਸ਼ ਸਿੰਘ ਅਰੋੜਾ ਅਨੁਸਾਰ ਸਿੱਖ ਮੈਰਿਜ ਐਕਟ ਦੀ ਪ੍ਰਵਾਨਗੀ ਸਾਲ 2017 ਤੋਂ ਉਡੀਕੀ ਜਾ ਰਹੀ ਸੀ। ਵਿਆਹ ਰਜਿਸਟਰ ਕਰਵਾਉਣ ਵਾਲਿਆਂ ਦੀ ਉਮਰ 18 ਸਾਲ ਜਾਂ ਵੱਧ ਹੋਵੇ। ਜੇਕਰ ਵਿਆਹ ਵਿੱਚ ਕੋਈ ਅੜਚਨ ਆਉਂਦੀ ਹੈ ਤਾਂ ਉਸ ਨੂੰ ਪੰਜ ਮੈਂਬਰੀ ਸੰਗਤ ਵੱਲੋਂ ਹੱਲ ਕੀਤਾ ਜਾਵੇਗਾ।

# ਸ੍ਰੀ ਦਰਬਾਰ ਸਾਹਿਬ 'ਚ ਵਾਪਰ ਰਹੀਆਂ ਘਟਨਾਵਾਂ ਅਗਿਆਨਵੱਸ ਜਾਂ ਪਬਲੀਸਿਟੀ ਸਟੰਟ ?

## ਸ਼੍ਰੋਮਣੀ ਕਮੇਟੀ ਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਕਰਨੇ ਚਾਹੀਦੇ ਨੇ ਵਿਸ਼ੇਸ਼ ਉਪਰਾਲੇ



ਪਟਿਆਲਾ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੋਟਾਂ ਰਾਹੀਂ ਚੁਣੀ ਹੋਈ ਸਿੱਖਾਂ ਦੀ ਲੋਕਤੰਤਰੀ ਸੰਸਥਾ ਹੈ, ਜਿਸ ਨੂੰ ਸਿੱਖਾਂ ਦੀ 'ਮਿੰਨੀ ਪਾਰਲੀਮੈਂਟ' ਵੀ ਕਿਹਾ ਜਾਂਦਾ ਹੈ। ਸਿੱਖ ਧਰਮ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਵੀ ਸ਼੍ਰੋਮਣੀ ਕਮੇਟੀ 'ਤੇ ਹੈ।

ਇਸ ਸਮੇਂ 21 ਜੂਨ ਨੂੰ ਯੋਗਾ ਦਿਵਸ ਮੌਕੇ ਗੁਜਰਾਤ ਦੀ ਇੱਕ ਕੁੜੀ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਯੋਗਾ ਕਰਨ ਅਤੇ ਆਪਣੀ ਯੋਗਾ ਕਰਦੀ ਹੋਈ ਦੀ ਫੋਟੋ ਸੋਸ਼ਲ ਮੀਡੀਆ 'ਤੇ ਪਾਉਣ ਦਾ ਮਾਮਲਾ ਸੁਰਖ਼ੀਆਂ ਵਿੱਚ ਹੈ। ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਕੁਝ ਸਮਾਂ ਪਹਿਲਾਂ ਇੱਕ ਲੜਕੀ ਵੱਲੋਂ ਆਪਣੇ ਮੂੰਹ 'ਤੇ ਤਿਰੰਗਾ ਝੰਡਾ ਬਣਾ ਕੇ ਸ੍ਰੀ ਦਰਬਾਰ ਸਾਹਿਬ ਅੰਦਰ ਆਉਣ ਦਾ ਯਤਨ ਕਰਨ ਨਾਲ ਵਿਵਾਦ ਪੈਦਾ ਹੋ ਗਿਆ ਸੀ। ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਅੰਦਰ ਇੱਕ ਗੈਰ ਸਿੱਖ ਨੌਜਵਾਨ ਜੰਗਲਾ ਟੱਪ ਕੇ ਚਲਾ ਗਿਆ ਸੀ ਤੇ ਉਸ ਨੇ ਗੁਰੂ ਗ੍ਰੰਥ ਸਾਹਿਬ ਜੀ ਨੇੜੇ ਪਈ ਕਿਰਪਾਨ ਚੁੱਕ ਲਈ ਸੀ। ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਵਾਰ ਸਿੱਖ ਮਰਿਆਦਾ ਦੀ ਉਲੰਘਣਾ ਕਰਕੇ ਵਿਵਾਦ ਪੈਦਾ ਹੁੰਦੇ ਰਹੇ ਹਨ। ਸਿਰਫ਼ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੀ ਨਹੀਂ, ਸਗੋਂ ਪੰਜਾਬ ਅਤੇ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਸਥਿਤ ਗੁਰਧਾਮਾਂ ਵਿੱਚ ਵੀ ਅਕਸਰ ਕੁਝ ਲੋਕਾਂ ਵੱਲੋਂ ਮਰਿਆਦਾ ਦੀ ਉਲੰਘਣਾ ਕਰਨ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਪਟਿਆਲਾ ਦੇ ਇਤਿਹਾਸਿਕ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿੱਚ ਵੀ ਕੁਝ ਸਮਾਂ ਪਹਿਲਾਂ ਇੱਕ ਔਰਤ ਸਰੋਵਰ ਕੰਢੇ ਸ਼ਰਾਬ ਪੀਣ ਲੱਗ ਪਈ ਸੀ, ਜਿਸ ਨੂੰ ਇੱਕ ਸ਼ਰਧਾਲੂ ਨੇ ਗੋਲੀ ਮਾਰ ਦਿੱਤੀ ਸੀ। ਇਸ ਤੋਂ ਇਲਾਵਾ ਵੱਖ- ਵੱਖ ਗੁਰਧਾਮਾਂ ਵਿੱਚ ਬੇਅਦਬੀ ਦੀਆਂ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ। ਮਰਿਆਦਾ ਦੀ ਉਲੰਘਣਾ ਦੀਆਂ ਘਟਨਾਵਾਂ ਸਿਰਫ਼ ਗੁਰਧਾਮਾਂ ਤੱਕ ਹੀ ਸੀਮਿਤ ਨਹੀਂ ਸਗੋਂ ਸਾਰੇ ਧਰਮਾਂ ਦੇ ਧਾਰਮਿਕ ਸਥਾਨਾਂ 'ਤੇ ਵਾਪਰ ਰਹੀਆਂ ਹਨ। ਕੋਝੀ ਚਾਲ ਦੇ ਨਾਲ ਲੋਕਾਂ ਨੂੰ ਧਰਮ ਦੇ ਆਧਾਰ 'ਤੇ ਵੰਡਿਆ ਜਾ ਰਿਹਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਲਈ 'ਧਰਮ ਪ੍ਰਚਾਰ ਕਮੇਟੀ' ਵੀ ਬਣਾਈ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਬਜਟ ਸਾਲ 2024-25 ਅਨੁਸਾਰ ਧਰਮ ਅਤੇ ਅੰਮ੍ਰਿਤ ਪ੍ਰਚਾਰ 'ਤੇ ਖਰਚਾ 18000000 ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਲਈ ਪੰਜਾਬੀ ਮਾਸਿਕ ਪੱਤਰ ਗੁਰਮਤਿ ਪ੍ਰਕਾਸ਼, ਗੁਰਮਤਿ ਗਿਆਨ (ਹਿੰਦੀ) ਅਤੇ ਗੁਰਦੁਆਰਾ ਗਜ਼ਟ ਛਾਪੇ ਜਾਂਦੇ ਹਨ ਪਰ ਇਹ ਵੀ ਅਸਲੀਅਤ ਹੈ ਕਿ ਭਾਰਤ ਦੇ ਵੱਖ- ਵੱਖ ਸੂਬਿਆਂ ਦੇ ਗੈਰ ਸਿੱਖਾਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਅਤੇ ਸਿੱਖ ਮਰਿਆਦਾ ਦੀ ਜਾਣਕਾਰੀ ਦੇਣ ਵਿੱਚ ਸ਼੍ਰੋਮਣੀ ਕਮੇਟੀ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕੀ। ਇਹੋ ਹੀ ਮੁੱਖ ਕਾਰਨ ਹੈ ਕਿ ਅਕਸਰ ਭਾਰਤ ਦੇ ਵੱਖ- ਵੱਖ ਸੂਬਿਆਂ ਤੋਂ ਆਏ ਗੈਰ ਸਿੱਖ ਲੋਕ ਸ੍ਰੀ ਦਰਬਾਰ ਸਾਹਿਬ ਵਿਖੇ ਜਾਣੇ/ਅਣਜਾਣੇ ਮਰਿਆਦਾ ਦੀ ਉਲੰਘਣਾ ਕਰ ਜਾਂਦੇ ਹਨ। ਇਹ ਵੀ ਪਤਾ ਚੱਲਿਆ ਹੈ ਕਿ ਦੂਜੇ ਸੂਬਿਆਂ ਤੋਂ ਆਏ ਅਨੇਕਾਂ ਗੈਰ ਸਿੱਖ ਲੋਕਾਂ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਪਵਿੱਤਰ ਕੜਾਹ ਪ੍ਰਸ਼ਾਦਿ ਕਿਰਪਾਨ ਭੇਟਾ ਕਰਵਾਉਣ ਦੀ ਮਰਿਆਦਾ ਬਾਰੇ ਵੀ ਜਾਣਕਾਰੀ ਨਹੀਂ ਹੁੰਦੀ ਅਤੇ ਉਹ ਕੜਾਹ ਪ੍ਰਸ਼ਾਦਿ ਲੈਣ ਤੋਂ ਬਾਅਦ ਉਸ ਨੂੰ ਕਿਰਪਾਨ ਭੇਟਾ ਕਰਵਾਉਣ ਤੋਂ ਬਿਨਾਂ ਹੀ ਪਰਿਕਰਮਾ ਵਿੱਚ ਬੈਠ ਕੇ ਹੀ ਛੱਕ ਲੈਂਦੇ ਹਨ। ਸਿੱਖ ਸੰਗਤਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਸ੍ਰੀ ਦਰਬਾਰ ਸਾਹਿਬ ਆਉਂਦੇ ਗੈਰ ਸਿੱਖਾਂ ਅਤੇ ਹੋਰਨਾਂ ਸੂਬਿਆਂ ਤੋਂ ਆਉਂਦੇ ਲੋਕਾਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਮਰਿਆਦਾ ਬਾਰੇ ਸਹੀ ਜਾਣਕਾਰੀ ਦੇਣ ਲਈ ਠੋਸ ਉਪਰਾਲੇ ਨਹੀਂ ਕਰ ਰਹੀ। ਇਹ ਠੀਕ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਵੱਖ-ਵੱਖ ਥਾਂਵਾਂ 'ਤੇ ਸਿੱਖ ਧਰਮ ਅਤੇ ਸ੍ਰੀ ਦਰਬਾਰ ਸਾਹਿਬ ਦੀ ਮਰਿਆਦਾ ਬਾਰੇ ਬੋਰਡ ਲਗਾਏ ਹੋਏ ਹਨ, ਪਰ ਇਹਨਾਂ ਬੋਰਡਾਂ ਵੱਲ ਸ੍ਰੀ ਦਰਬਾਰ ਸਾਹਿਬ ਆਉਣ ਵਾਲੀਆਂ ਸੰਗਤਾਂ ਅਤੇ ਗੈਰ ਸਿੱਖਾਂ ਵੱਲੋਂ ਘੱਟ ਧਿਆਨ ਦਿੱਤਾ ਜਾਂਦਾ ਹੈ, ਜਿਸ ਕਾਰਨ ਜਾਣਕਾਰੀ ਨਾ ਹੋਣ ਕਾਰਨ ਮਰਿਆਦਾ ਦੀ ਉਲੰਘਣਾ ਕਰਨ ਦੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਅਨੇਕਾਂ ਗੈਰ ਸਿੱਖਾਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੁੰਦੀ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਸਿਰ ਢੱਕ ਕੇ ਰੱਖਣਾ ਹੁੰਦਾ ਹੈ, ਜਿਸ ਕਾਰਨ ਅਕਸਰ ਅਨੇਕਾਂ ਗੈਰ ਸਿੱਖ ਨੰਗੇ ਸਿਰ ਜਾਂ ਸਿਰ ਨੂੰ ਕੱਪੜੇ ਨਾਲ ਢਕੇ ਤੋਂ ਬਿਨਾਂ ਹੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਜਾਣ ਦਾ ਯਤਨ ਕਰਦੇ ਹਨ। ਕਈ ਵਾਰ ਅਜਿਹਾ ਕਰਨ ਵਾਲੇ ਗੈਰ ਸਿੱਖਾਂ ਅਤੇ ਸ਼੍ਰੋਮਣੀ ਕਮੇਟੀ ਦੇ ਸੇਵਾਦਾਰਾਂ ਵਿਚਾਲੇ ਬਹਿਸ ਵੀ ਹੋ ਜਾਂਦੀ ਹੈ। ਅਕਸਰ ਸ਼ਰਧਾਲੂਆਂ ਵੱਲੋਂ ਇਹ ਦੋਸ਼ ਵੀ ਲੱਗਦੇ ਹਨ ਕਿ ਸ਼੍ਰੋਮਣੀ ਕਮੇਟੀ ਦੇ ਕੁਝ ਕੁ ਸੇਵਾਦਾਰਾਂ ਦਾ ਰਵੱਈਆ ਸ਼ਰਧਾਲੂਆਂ ਪ੍ਰਤੀ ਨਿਮਰਤਾ ਵਾਲਾ ਨਹੀਂ ਹੁੰਦਾ। ਮੀਡੀਆ ਰਿਪੋਰਟਾਂ ਅਨੁਸਾਰ ਇਸ ਸਮੇਂ ਜੂਨ ਦੀਆਂ ਛੁੱਟੀਆਂ ਦੌਰਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹਰ ਦਿਨ ਕਰੀਬ 4 ਲੱਖ ਸ਼ਰਧਾਲੂ ਨਤਮਸਤਕ ਹੋਣ ਲਈ ਪਹੁੰਚ ਰਹੇ ਹਨ। ਵਿਸ਼ਵ ਪ੍ਰਸਿੱਧ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਹਾਲ ਵਿਖੇ ਸੰਗਤਾਂ ਨੂੰ 24 ਘੰਟੇ ਲੰਗਰ ਅਟੁੱਟ ਵਰਤਾਇਆ ਜਾਂਦਾ ਹੈ।

(ਬਾਕੀ ਸਫ਼ਾ 30 'ਤੇ)

### ਭਾਰਤੀ ਵਿਦਿਆਰਥੀਆਂ ਨੂੰ ਝਟਕਾ

# ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਟਰੂਡੋ ਨੇ ਬਦਲੇ ਨਿਯਮ




ਓਟਾਵਾ/ਏ.ਟੀ.ਨਿਊਜ਼ : ਕੈਨੇਡਾ 'ਚ ਐਂਟਰੀ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ (ਪੀ.ਜੀ.ਡਬਲਯੂ.ਪੀ.) ਹੁਣ ਪ੍ਰਭਾਵੀ ਨਹੀਂ ਹੋਵੇਗਾ। ਕੈਨੇਡਾ ਸਰਕਾਰ ਨੇ ਪੀ.ਜੀ.ਡਬਲਯੂ.ਪੀ. ਰਾਹੀਂ ਵਿਦੇਸ਼ੀ ਨਾਗਰਿਕਾਂ ਦੇ ਦਾਖ਼ਲੇ 'ਤੇ ਰੋਕ ਲਗਾ ਦਿੱਤੀ ਹੈ। ਵਿਦੇਸ਼ੀ ਰਾਸ਼ਟਰੀ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਅਰਜ਼ੀਆਂ 21 ਜੂਨ, 2024 ਤੋਂ ਬਾਅਦ ਬੰਦ ਕਰ ਦਿੱਤੀਆਂ ਗਈਆਂ ਹਨ। ਕੈਨੇਡਾ ਸਰਕਾਰ ਨੇ ਬਾਰਡਰ ਸਰਵਿਸਿਜ਼ ਅਫਸਰਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਕੈਨੇਡਾ ਵਿੱਚ ਦਾਖ਼ਲੇ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀਆਂ ਅਰਜ਼ੀਆਂ 'ਤੇ ਵਿਚਾਰ ਨਾ ਕਰਨ। ਕੈਨੇਡਾ ਸਰਕਾਰ ਦੇ ਇੱਕ ਬਿਆਨ ਅਨੁਸਾਰ, ਵਿਦੇਸ਼ੀ ਨਾਗਰਿਕ ਹੁਣ ਸਰਹੱਦ 'ਤੇ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਲਈ ਅਰਜ਼ੀ ਨਹੀਂ ਦੇ ਸਕਦੇ ਹਨ। ਇਹ ਫੈਸਲਾ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ। ਫਾਈਨੈਂਸ਼ੀਅਲ ਐਕਸਪ੍ਰੈੱਸ ਦੇ ਅਨੁਸਾਰ, ਬਿਨੈਕਾਰ ਕੈਨੇਡਾ ਦੇ ਅੰਦਰੋਂ ਪੀ.ਜੀ.ਡਬਲਯੂ.ਪੀ. ਲਈ ਅਰਜ਼ੀ ਦੇ ਸਕਦੇ ਹਨ ਜੇਕਰ ਉਨ੍ਹਾਂ ਦੇ ਅਧਿਐਨ ਪਰਮਿਟ ਦੀ ਮਿਆਦ ਖ਼ਤਮ ਨਹੀਂ ਹੋਈ ਹੈ। ਜੋ ਬਿਨੈਕਾਰ ਆਪਣੇ ਅਧਿਐਨ ਪਰਮਿਟ ਦੇ ਵੈਧ ਰਹਿਣ ਦੌਰਾਨ ਆਪਣੇ ਵਰਕ ਪਰਮਿਟ ਅਪਲਾਈ ਕਰਦੇ ਹਨ, ਉਨ੍ਹਾਂ ਨੂੰ ਵਰਕ ਪਰਮਿਟ ਅਰਜ਼ੀ 'ਤੇ ਫ਼ੈਸਲਾ ਆਉਣ ਤੱਕ ਬਿਨਾਂ ਪਰਮਿਟ ਦੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਕਿਸੇ ਵਿਦੇਸ਼ੀ ਨਾਗਰਿਕ 'ਤੇ ਆਪਣੇ ਅਧਿਐਨ ਪਰਮਿਟ ਨੂੰ ਵਧਾਉਣ ਲਈ ਅਰਜ਼ੀ ਪੇਸ਼ ਕੀਤੀ ਹੈ ਅਤੇ ਉਹ ਅਧਿਐਨ ਕਰ ਰਹੇ ਹਨ ਤਾਂ ਇਹ ਨਿਯਮ ਉਨ੍ਹਾਂ 'ਤੇ ਲਾਗੂ ਨਹੀਂ ਹੁੰਦਾ, ਉਨ੍ਹਾਂ ਨੂੰ ਯੋਗ ਹੋਣ ਲਈ ਆਪਣਾ ਨਵਾਂ ਅਧਿਐਨ ਪਰਮਿਟ ਪ੍ਰਾਪਤ ਹੋਣ ਤੱਕ ਉਡੀਕ ਕਰਨੀ ਹੋਵੇਗੀ। ਬਿਨੈਕਾਰ ਜਿਨ੍ਹਾਂ ਦਾ ਅਧਿਐਨ ਪਰਮਿਟ ਅਵੈਧ ਹੋ ਜਾਂਦਾ ਹੈ ਜਾਂ ਵਰਕ ਪਰਮਿਟ ਲਈ ਅਰਜ਼ੀ ਦੇਣ ਤੋਂ ਪਹਿਲਾਂ ਮਿਆਦ ਖ਼ਤਮ ਹੋ ਜਾਂਦੀ ਹੈ, ਉਹ ਕੈਨੇਡਾ ਤੋਂ ਅਰਜ਼ੀ ਦੇਣ ਦੇ ਯੋਗ ਨਹੀਂ ਹੋਣਗੇ।

## ਕੀ ਹੈ ਕੈਨੇਡਾ ਦਾ ਵਰਕ ਪਰਮਿਟ ?

ਜਿਨ੍ਹਾਂ ਬਿਨੈਕਾਰਾਂ ਕੋਲ ਕੈਨੇਡਾ 'ਚ ਵਰਕ ਪਰਮਿਟ ਲਈ ਅਰਜ਼ੀ ਦੇਣ ਦੀ ਯੋਗਤਾ ਨਹੀਂ ਹੈ, ਉਹ ਕੈਨੇਡਾ ਤੋਂ ਬਾਹਰ ਪ੍ਰਕਿਰਿਆ ਲਈ ਆਪਣੀ ਅਰਜ਼ੀ ਇਲੈਕਟ੍ਰਾਨਿਕ ਰੂਪ 'ਚ ਜਮ੍ਹਾਂ ਕਰ ਸਕਦੇ ਹਨ। ਬਿਨੈਕਾਰ ਇਲੈਕਟ੍ਰਾਨਿਕ ਰੂਪ 'ਚ ਅਰਜ਼ੀ ਜਮ੍ਹਾਂ ਕਰ ਸਕਦੇ ਹਨ ਜੇਕਰ ਉਹ ਕੈਨੇਡਾ 'ਚ ਰਹਿੰਦੇ ਹਨ। ਜਦੋਂ ਤੱਕ ਉਹ ਅਸਲ ਵਰਕ ਪਰਮਿਟ ਪ੍ਰਾਪਤ ਨਹੀਂ ਕਰਦੇ, ਉਦੋਂ ਤੱਕ ਉਨ੍ਹਾਂ ਨੂੰ ਸੈਲਾਨੀਆਂ ਵਜੋਂ ਆਪਣੀ ਸਥਿਤੀ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਹਾਲਾਂਕਿ, ਉਹ ਆਪਣੀ ਪੀ.ਜੀ.ਡਬਲਯੂ.ਪੀ. ਅਰਜ਼ੀ 'ਤੇ ਫੈਸਲੇ ਦੀ ਉਡੀਕ ਕਰਦੇ ਹੋਏ ਸਮੇਂ ਕੰਮ ਕਰਨ ਦੇ ਯੋਗ ਨਹੀਂ ਹਨ। ਕੈਨੇਡਾ 'ਚ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਕਿਸੇ ਨੂੰ ਵੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕੈਨੇਡਾ 'ਚ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਤੁਹਾਨੂੰ ਕੈਨੇਡਾ 'ਚ ਰਹਿਣ ਅਤੇ ਕੈਨੇਡੀਅਨ ਪੋਸਟ-ਸੈਕੰਡਰੀ ਸੰਸਥਾ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ 3 ਸਾਲਾਂ ਤੱਕ ਫੁੱਲ-ਟਾਈਮ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਕੈਨੇਡਾ 'ਚ ਪੋਸਟ ਗ੍ਰੈਜੂਏਟ ਵਰਕ ਪਰਮਿਟ ਲਈ ਅਰਜ਼ੀ ਦੇਣ ਦੇ ਯੋਗ ਹੋਣ ਲਈ, ਤੁਹਾਨੂੰ ਘੱਟ-ਘੱਟ 8 ਮਹੀਨਿਆਂ ਦੇ ਸਿੱਖਿਆ ਪ੍ਰੋਗਰਾਮ ਤੋਂ ਗ੍ਰੈਜੂਏਟ ਹੋਣਾ, ਕੈਨੇਡਾ ਦੀ ਕਿਸੇ ਯੂਨੀਵਰਸਿਟੀ ਤੋਂ ਅੰਡਰਗਰੈਜੂਏਟ ਜਾਂ ਗ੍ਰੈਜੂਏਟ ਪ੍ਰੋਗਰਾਮ ਪੂਰਾ ਕਰਨਾ ਜ਼ਰੂਰੀ ਹੈ। ਪਰਮਿਟ ਲਈ ਤੁਹਾਨੂੰ ਆਪਣੇ ਅੰਤਿਮ ਅੰਕ ਜਾਰੀ ਕਰਨ ਦੇ 180 ਦਿਨਾਂ ਦੇ ਅੰਦਰ ਵਰਕ ਪਰਮਿਟ ਲਈ ਅਰਜ਼ੀ ਦੇਣੀ ਹੋਵੇਗੀ।

# Call for concepts

# June 1984 Sikh Holocaust Memorial Design

ਗੁਰਦੁਆਰਾ ਸਾਹਿਬ ਫਰੀਮੌਂਟ

GURDWARA SAHIB FREMONT

June 2024 marks the 40th anniversary of Sikh massacre. In commemoration of these events and as a tribute to those who sacrificed their lives for justice, Gurdwara Sahib Fremont, Californina is undertaking the creation of a 1984 Memorial. Our aim is to honor the courage and resilience of the Sikh community while fostering remembrance and awareness.



**We are calling upon Sikhs from across the globe to submit their creative ideas.**

**US$3100** for the winning idea/concept (1st prize)

**US$2100** or the runner-up idea/concept (2nd prize)

**US$1500** for the 3rd runner-up idea/concept (3rd prize)

Deadline to submit concepts is **July 31, 2024**

Awards for the most compelling concepts

For more info, please scan or visit **www.acesse.dev/June1984**

IMPRESSION AWARENESS CHARDI KALA

# 'ਆਪ' ਸਰਕਾਰ ਵੱਲੋਂ ਕਰਜ਼ੇ ਚੁੱਕਣ ਕਾਰਨ ਪੰਜਾਬ ਲਗਾਤਾਰ ਵੱਡੇ ਵਿੱਤੀ ਸੰਕਟ ਵੱਲ

## 2025 ਦੇ ਅੰਤ ਤੱਕ 3.74 ਲੱਖ ਕਰੋੜ ਰੁਪਏ ਤੱਕ ਪਹੁੰਚ ਸਕਦੈ ਕਰਜ਼ਾ

## ਭਾਰਤ-ਪਾਕਿ ਵਿਚਾਲੇ ਸਰਹੱਦੀ ਵਪਾਰ ਨੂੰ ਮੁੜ ਖੋਲ੍ਹਣ ਨਾਲ ਪੰਜਾਬ ਦੀ ਆਰਥਿਕਤਾ ਸੁਧਰ ਸਕਦੀ ਹੈ : ਘੁੰਮਣ

ਪੰਜਾਬ ਦੀ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਸੂਬੇ ਸਿਰ ਚੜ੍ਹਿਆ ਕਰਜ਼ੇ ਦਾ ਬੋਝ ਘੱਟ ਕਰਨ ਦੇ ਨਾਲ-ਨਾਲ ਸਰਕਾਰ ਬਣਾਉਣ ਮਗਰੋਂ ਹੋਰ ਕਰਜ਼ਾ ਨਾ ਲੈਣ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਲਗਾਤਾਰ ਕਰਜ਼ੇ ਚੁੱਕ-ਚੁੱਕ ਕੇ ਕੰਮ ਚਲਾਇਆ ਜਾ ਰਿਹਾ ਹੈ, ਜਿਸਦੇ ਚਲਦੇ ਸੂਬਾ ਸਰਕਾਰ ਸਿਆਸੀ ਵਿਰੋਧੀਆਂ ਦੇ ਨਿਸ਼ਾਨੇ 'ਤੇ ਰਹੀ ਹੈ। ਮਾਹਿਰਾਂ ਅਨੁਸਾਰ ਜਿਸ ਰਫਤਾਰ ਨਾਲ ਪੰਜਾਬ ਸਰਕਾਰ ਕਰਜ਼ਾ ਚੁੱਕ ਰਹੀ ਹੈ ਪੰਜਾਬ ਲਗਾਤਾਰ ਵੱਡੇ ਵਿੱਤੀ ਸੰਕਟ ਵੱਲ ਵੱਧ ਰਿਹਾ ਹੈ, ਜਦਕਿ ਇਸਦੇ ਉਲਟ ਸਰਕਾਰ ਦਾਅਵੇ ਕਰਦੀ ਰਹੀ ਹੈ ਕਿ ਸੂਬੇ ਦਾ ਖਜ਼ਾਨਾ ਭਰਿਆ ਹੋਇਆ ਹੈ, ਪਰ ਇਥੇ ਸਵਾਲ ਇਹ ਉੱਠਦਾ ਹੈ ਜੇਕਰ ਸੂਬੇ ਦਾ ਖਜ਼ਾਨਾ ਭਰਿਆ ਹੋਇਆ ਹੈ ਤਾਂ ਸਰਕਾਰ ਨੂੰ ਵਾਰ-ਵਾਰ ਮੋਟਾ ਕਰਜ਼ਾ ਚੁੱਕਣ ਦੀ ਜ਼ਰੂਰਤ ਕਿਉਂ ਪੈ ਰਹੀ ਹੈ। ਜਾਣਕਾਰੀ ਅਨੁਸਾਰ 'ਆਪ' ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਵਿੱਤੀ ਸਾਲ 2021-22 ਦੇ ਅੰਤ ਵਿੱਚ ਪੰਜਾਬ ਸਿਰ 2.82 ਲੱਖ ਕਰੋੜ ਰੁਪਏ ਦਾ ਬਕਾਇਆ ਕਰਜ਼ਾ ਸੀ ਜੋ ਇਸ ਵਿੱਤੀ ਸਾਲ 2024-25 ਦੇ ਅੰਤ ਤੱਕ ਬਕਾਇਆ ਕਰਜ਼ਾ 3.74 ਲੱਖ ਕਰੋੜ ਰੁਪਏ ਤੱਕ ਪਹੁੰਚਣ ਦੀ ਸੰਭਾਵਨਾ ਹੈ। ਦੱਸਣਯੋਗ ਹੈ ਕਿ ਸਾਲ 2024 ਦੀ ਸ਼ੁਰੂਆਤ ਮੌਕੇ ਹੀ ਭਗਵੰਤ ਮਾਨ ਸਰਕਾਰ ਨੇ ਮੋਟਾ ਕਰਜ਼ਾ ਚੁੱਕ ਲਿਆ ਸੀ। ਸਰਕਾਰ ਨੇ ਸਾਲ ਦੀ ਸ਼ੁਰੂਆਤ ਵਿੱਚ ਹੀ 2500 ਕਰੋੜ ਦਾ ਕਰਜ਼ਾ ਚੁੱਕ ਲਿਆ ਸੀ। ਆਰਥਿਕ ਮਾਮਲਿਆਂ ਦੇ ਮਾਹਿਰ ਰਣਜੀਤ ਸਿੰਘ ਘੁੰਮਣ ਕਹਿੰਦੇ ਹਨ ਕਿ ਸੂਬੇ ਦਾ ਕਰਜ਼ਾ ਚਿੰਤਾ ਦਾ ਵਿਸ਼ਾ ਤਾਂ ਹੈ ਪਰ ਵੱਡੀ ਚਿੰਤਾ ਦੀ ਗੱਲ ਹੈ ਕਿ ਸੂਬਾ ਕਰਜ਼ਾ




ਲੈ ਕੇ ਕਰਜ਼ਾ ਚੁਕਾ ਰਿਹਾ ਹੈ। ਇਸ ਦਾ ਮਤਲਬ ਹੈ ਕਿ ਜਿਹੜੀਆਂ ਚੀਜ਼ਾਂ ਜਾਂ ਸੇਵਾਵਾਂ 'ਤੇ ਪੈਸਾ ਖ਼ਰਚ ਹੋਣਾ ਚਾਹੀਦਾ ਹੈ, ਜਿਵੇਂ ਕਿ ਸਿਹਤ, ਸਿੱਖਿਆ ਜਾਂ ਉਦਯੋਗ, ਉਹ ਨਹੀਂ ਹੋ ਰਿਹਾ ਤੇ ਸੂਬਾ ਸਿਰਫ਼ ਪਿਛੜ ਹੀ ਰਿਹਾ ਹੈ। 2001-02 ਵਿੱਚ ਪ੍ਰਤੀ ਸਾਲ ਕਰਜ਼ਾ ਔਸਤਨ 2,696 ਕਰੋੜ ਵਧਿਆ ਸੀ, 2023-24 ਵਿੱਚ ਇਹ ਤਕਰੀਬਨ 34,784 ਕਰੋੜ ਪ੍ਰਤੀ ਸਾਲ ਦੀ ਦਰ ਨਾਲ ਵੱਧ ਰਿਹਾ ਹੈ।

### ਕੀ ਕਾਰਨ ਹਨ ਕਰਜ਼ੇ ਦੇ

ਪਿਛਲੇ ਤਕਰੀਬਨ ਤਿੰਨ ਦਹਾਕਿਆਂ ਤੋਂ ਪੰਜਾਬ ਦੀ ਆਰਥਿਕ ਵਿਕਾਸ ਦਰ ਦੇਸ਼ ਦੇ ਦੂਜੇ ਸੂਬਿਆਂ ਅਤੇ ਦੇਸ਼ ਦੀ ਔਸਤ ਵਿਕਾਸ ਦਰ ਤੋਂ ਹੇਠਾਂ ਰਹਿ ਰਹੀ ਹੈ। ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ ਵੀ ਪੰਜਾਬ 15ਵੇਂ-16ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਯਾਦ ਰਹੇ ਕਿ 1970 ਤੋਂ 1992 ਤੱਕ ਪੰਜਾਬ ਦੀ ਵਿਕਾਸ ਦਰ ਦੇਸ਼ ਦੇ ਔਸਤ ਵਿਕਾਸ ਦਰ ਤੋਂ ਉੱਪਰ ਰਹੀ ਅਤੇ 1995-96 ਤੱਕ ਪ੍ਰਤੀ ਜੀਅ ਆਮਦਨ ਵਿੱਚ ਵੀ ਪੰਜਾਬ ਮੋਹਰੀ ਸੂਬਾ ਰਿਹਾ। ਸਰਕਾਰ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੁੰਦੀ ਜਾ ਰਹੀ ਹੈ ਅਤੇ ਅੱਜ ਹਰ ਪੰਜਾਬੀ ਸਿਰ ਤਕਰੀਬਨ ਇੱਕ ਲੱਖ ਰੁਪਏ ਦਾ ਸਰਕਾਰੀ ਕਰਜ਼ਾ ਹੈ। ਭਾਰਤੀ ਰਿਜ਼ਰਵ ਬੈਂਕ ਅਨੁਸਾਰ ਪੰਜਾਬ ਵਿੱਚ ਪ੍ਰਤੀ ਜੀਅ ਕਰਜ਼ਾ ਦੇਸ਼ ਦੇ ਸਾਰੇ ਸੂਬਿਆਂ ਤੋਂ ਜ਼ਿਆਦਾ ਹੈ। ਨਿੱਤ ਵਧ ਰਹੇ ਕਰਜ਼ੇ ਅਤੇ ਵਿੱਤੀ ਬਦਇੰਤਜ਼ਾਮੀ ਕਰਕੇ ਪੰਜਾਬ ਸਰਕਾਰ ਦੀ ਨਿਵੇਸ਼ ਕਰਨ ਦੀ ਸਮਰਥਾ ਸੁੰਗੜ ਰਹੀ ਹੈ। ਗੈਂਗਸਟਰਾਂ, ਕਰਾਈਮ, ਫਿਰੌਤੀਆਂ ਕਾਰਨ ਨਿਵੇਸ਼ ਦਾ ਵਾਜਬ ਮਾਹੌਲ ਨਾ ਹੋਣ ਕਾਰਨ ਨਿੱਜੀ ਨਿਵੇਸ਼ ਵੀ ਪੰਜਾਬ ਵਿੱਚ ਆਉਣ ਤੋਂ ਝਿਜਕਦਾ ਹੈ। ਨਿਵੇਸ਼-ਆਮਦਨ ਅਨੁਪਾਤ ਵਿੱਚ ਵੀ ਪੰਜਾਬ ਫਾਡੀ ਹੈ। ਫਲਸਰੂਪ ਪੰਜਾਬ ਵਿੱਚ ਨਾ ਤਾਂ ਵਿਕਾਸ ਦਰ ਵਿੱਚ ਲੋੜੀਂਦਾ ਵਾਧਾ ਹੋ ਰਿਹਾ ਹੈ ਅਤੇ ਨਾ ਹੀ ਰੁਜ਼ਗਾਰ ਦੇ ਲੋੜੀਂਦੇ ਮੌਕੇ ਪੈਦਾ ਹੋ ਰਹੇ ਹਨ। ਇੱਕ ਦੋ ਸੂਬਿਆਂ ਨੂੰ ਛੱਡ ਕੇ ਪੰਜਾਬ ਵਿੱਚ ਬੇ-ਰੁਜ਼ਗਾਰੀ ਦੀ ਦਰ ਸਭ ਤੋਂ ਜ਼ਿਆਦਾ ਹੈ।

(ਬਾਕੀ ਸਫ਼ਾ 30 'ਤੇ)

### ਸਰਕਾਰ ਕੋਲ ਕਰਜ਼ੇ ਦੀ ਪ੍ਰੇਸ਼ਾਨੀ ਤੋਂ ਸੂਬੇ ਨੂੰ ਬਾਹਰ ਕੱਢਣ ਦੀ ਕੋਈ ਯੋਜਨਾ ਨਹੀਂ : ਜਾਖੜ



ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸੱਤਾ ਸੰਭਾਲੀ ਹੈ, ਸੂਬੇ ਦੀ ਆਰਥਿਕਤਾ ਆਈ.ਸੀ.ਯੂ. ਵਿੱਚ ਚਲੀ ਗਈ ਹੈ ਅਤੇ ਸਰਕਾਰ ਕੋਲ ਇਸ ਪ੍ਰੇਸ਼ਾਨੀ ਤੋਂ ਸੂਬੇ ਨੂੰ ਬਾਹਰ ਕੱਢਣ ਦਾ ਕੋਈ ਤਰੀਕਾ ਅਤੇ ਯੋਜਨਾ ਨਹੀਂ ਹੈ ਉਨ੍ਹਾਂ ਕਿਹਾ ਕਿ ਸਰਕਾਰ ਕੋਲ ਮੁਲਾਜ਼ਮਾਂ ਨੂੰ ਦੇਣ ਲਈ ਤਨਖਾਹਾਂ ਨਹੀਂ, ਸਰਕਾਰ ਕਰਜ਼ੇ ਚੁੱਕ ਕੇ ਚਲਾਈ ਜਾ ਰਹੀ ਹੈ, ਪਰ ਆਪਣੇ ਝੂਠੇ ਪ੍ਰਚਾਰ ਲਈ ਕਰੋੜਾਂ ਰੁਪਏ ਖਰਚੇ ਜਾ ਰਹੇ

### ਕਰਜ਼ੇ ਕਾਰਨ ਪੰਜਾਬ ਢਹਿ-ਢੇਰੀ ਹੋਣ ਦੀ ਕਗਾਰ 'ਤੇ ਪੁੱਜਿਆ : ਬਾਜਵਾ



ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਰਕਾਰ ਸਮੇਤ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਪੰਜਾਬ ਦੀ ਆਰਥਿਕਤਾ ਨੂੰ ਇੰਨੇ ਮਾੜੇ ਢੰਗ ਨਾਲ ਸੰਭਾਲ ਰਹੇ ਹਨ ਕਿ ਇਹ ਢਹਿ-ਢੇਰੀ ਹੋਣ ਦੀ ਕਗਾਰ 'ਤੇ ਪਹੁੰਚ ਗਿਆ ਹੈ। ਬਾਜਵਾ ਨੇ ਕਿਹਾ ਕਿ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਪੰਜਾਬ ਦੇ ਵਿੱਤ ਮੰਤਰਾਲੇ ਦਾ ਨਾਂਅ ਬਦਲ ਕੇ ਕਰਜ਼ਾ ਚੁੱਕਣ ਵਾਲਾ ਮੰਤਰਾਲਾ ਰੱਖਿਆ ਜਾਣਾ ਚਾਹੀਦਾ ਹੈ।

### 'ਆਪ' ਸਰਕਾਰ ਸੱਤਾ ਵਿੱਚ ਆਉਣ ਤੋਂ ਬਾਅਦ ਲਗਾਤਾਰ ਕਰਜ਼ੇ ਚੁੱਕ ਕੇ ਕੰਮ ਚਲਾ ਰਹੀ ਹੈ : ਭੱਠਲ



ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਸੱਤਾ 'ਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਸੂਬੇ ਸਿਰ ਚੜ੍ਹਿਆ ਕਰਜ਼ਾ ਲਾਹੁਣ ਅਤੇ ਹੋਰ ਕਰਜ਼ਾ ਨਾ ਚੁੱਕਣ ਦੇ ਵੱਡੇ-ਵੱਡੇ ਵਾਅਦੇ ਕਰਦੀ ਰਹੀ ਹੈ, ਪਰ ਸੱਤਾ 'ਚ ਆਉਣ ਤੋਂ ਬਾਅਦ ਲਗਾਤਾਰ ਕਰਜ਼ੇ ਚੁੱਕ ਕੇ ਕੰਮ ਚਲਾਇਆ ਜਾ ਰਿਹਾ ਹੈ, ਜਿਸ ਦਾ ਹਿਸਾਬ ਸੂਬੇ ਦੇ ਰਾਜਪਾਲ ਵੀ ਪੁੱਛ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਸਿਰਫ਼ ਇਸ਼ਤਿਹਾਰਬਾਜ਼ੀ ਕਰਕੇ ਜਿਥੇ ਸੂਬੇ ਦੇ ਲੋਕਾਂ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਵਿੱਚ ਲੱਗੀ ਹੈ, ਓਥੇ ਲੋਕਾਂ ਦੇ ਪੈਸੇ ਨੂੰ ਵੀ ਦੋਵੇਂ ਹੱਥਾਂ ਨਾਲ ਲੁਟਾਇਆ ਜਾ ਰਿਹਾ।

# ਪੰਜਾਬ ਦੇ ਸੰਸਦ ਮੈਂਬਰਾਂ ਨੇ ਪੰਜਾਬੀ ਵਿੱਚ ਹਲਫ਼ ਲਿਆ

## 'ਇਨਕਲਾਬ ਜ਼ਿੰਦਾਬਾਦ, ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਕੀਤਾ ਬੁਲੰਦ







ਨਵੀਂ ਦਿੱਲੀ/ਏ.ਟੀ.ਨਿਊਜ਼ : ਅਠਾਰ੍ਹਵੀਂ ਲੋਕ ਸਭਾ ਦੇ ਪਹਿਲੇ ਇਜਲਾਸ ਦੇ ਦੂਜੇ ਦਿਨ ਹੇਠਲੇ ਸਦਨ ਵਿੱਚ ਪੰਜਾਬੀ ਮਾਂ-ਬੋਲੀ ਦੀ ਗੂੰਜ ਸੁਣਾਈ ਦਿੱਤੀ। ਪੰਜਾਬ ਦੇ 12 ਲੋਕ ਸਭਾ ਮੈਂਬਰਾਂ ਨੇ ਪੰਜਾਬੀ ਵਿੱਚ ਸਹੁੰ ਚੁੱਕੀ। ਚੰਡੀਗੜ੍ਹ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਵੀ ਲੰਘੇ ਦਿਨ ਪੰਜਾਬੀ ਵਿੱਚ ਹਲਫ਼ ਲਿਆ ਸੀ। ਪੰਜਾਬ ਦੇ ਸੰਸਦ ਮੈਂਬਰਾਂ ਨੇ ਲੋਕ ਸਭਾ ਵਿੱਚ ਸਹੁੰ ਚੁੱਕਣ ਦੇ ਨਾਲ ਹੀ 'ਇਨਕਲਾਬ ਜ਼ਿੰਦਾਬਾਦ, ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਵੀ ਬੁਲੰਦ ਕੀਤਾ। ਪੰਜਾਬ ਦੇ ਸੰਸਦ ਮੈਂਬਰਾਂ ਵੱਲੋਂ ਹਲਫ਼ ਲੈਣ ਮੌਕੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ 'ਆਪ' ਦੇ ਸੰਸਦ ਮੈਂਬਰਾਂ ਦੀ ਹੌਸਲਾ ਅਫ਼ਜ਼ਾਈ ਲਈ ਸੰਸਦ ਵਿੱਚ ਮੌਜੂਦ ਸਨ।

ਪੰਜਾਬੀ ਵਿੱਚ ਹਲਫ਼ ਲੈਣ ਵਾਲਿਆਂ 'ਚ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਮਲਵਿੰਦਰ ਸਿੰਘ ਕੰਗ, ਰਾਜ ਕੁਮਾਰ ਚੱਬੇਵਾਲ, ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਜੀਤ ਸਿੰਘ ਔਜਲਾ, ਡਾ. ਅਮਰ ਸਿੰਘ, ਸਰਬਜੀਤ ਸਿੰਘ ਖ਼ਾਲਸਾ, ਸੁਖਜਿੰਦਰ ਸਿੰਘ ਰੰਧਾਵਾ, ਸ਼ੇਰ ਸਿੰਘ ਘੁਬਾਇਆ, ਚਰਨਜੀਤ ਸਿੰਘ ਚੰਨੀ, ਹਰਸਿਮਰਤ ਕੌਰ ਬਾਦਲ ਅਤੇ ਡਾ. ਧਰਮਵੀਰ ਗਾਂਧੀ ਸ਼ਾਮਲ ਹਨ। ਲੋਕ ਸਭਾ ਵਿੱਚ ਪ੍ਰੋ-ਟੈੱਮ ਸਪੀਕਰ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦਾ ਨਾਮ ਲਿਆ, ਪਰ ਉਹ ਸੰਸਦ ਵਿੱਚ ਹਾਜ਼ਰ ਨਹੀਂ ਸਨ। ਅੰਮ੍ਰਿਤਪਾਲ ਸਿੰਘ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਪਤਾ ਲੱਗਿਆ ਹੈ ਕਿ ਜੇਲ੍ਹ ਪ੍ਰਸ਼ਾਸਨ ਅੰਮ੍ਰਿਤਪਾਲ ਨੂੰ ਲੋਕ ਸਭਾ ਵਿੱਚ ਲੈ ਕੇ ਨਹੀਂ ਆਇਆ। ਪਿਛਲੀ ਲੋਕ ਸਭਾ ਵਿੱਚ ਪੰਜਾਬ ਦੇ 13 ਵਿੱਚੋਂ 12 ਲੋਕ ਸਭਾ ਮੈਂਬਰਾਂ ਨੇ ਪੰਜਾਬੀ ਵਿੱਚ ਸਹੁੰ ਚੁੱਕੀ ਸੀ। ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੰਨੀ ਦਿਓਲ ਨੇ ਉਦੋਂ ਹਿੰਦੀ ਵਿੱਚ ਹਲਫ਼ ਲਿਆ ਸੀ। ਲੋਕ ਸਭਾ ਹਲਕਾ ਸੰਗਰੂਰ ਤੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਮਾਂ ਬੋਲੀ ਪੰਜਾਬੀ ਵਿੱਚ ਸਹੁੰ ਚੁੱਕਣ ਤੋਂ ਬਾਅਦ ਦੇਸ਼ ਦੇ ਆਜ਼ਾਦੀ ਘੁਲਾਟੀਆਂ, ਕਿਸਾਨਾਂ ਤੇ ਜਵਾਨਾਂ ਨੂੰ ਸਿਜਦਾ ਕਰਦਿਆਂ 'ਇਨਕਲਾਬ ਜ਼ਿੰਦਾਬਾਦ, ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਲਗਾਇਆ। ਇਸ ਤੋਂ ਇਲਾਵਾ ਵੀ ਪੰਜਾਬ ਦੇ ਕਈ ਹੋਰ ਸੰਸਦ ਮੈਂਬਰਾਂ ਨੇ ਲੋਕ ਸਭਾ ਵਿੱਚ ਸਹੁੰ ਚੁੱਕਣ ਤੋਂ ਬਾਅਦ ਦੇਸ਼ ਹਿੱਤ ਵਿੱਚ ਜੈਕਾਰੇ ਛੱਡੇ। ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਤੋਂ ਨਵੇਂ ਚੁਣੇ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਵੀ ਸੋਮਵਾਰ ਨੂੰ ਪੰਜਾਬੀ ਵਿੱਚ ਸਹੁੰ ਚੁੱਕੀ ਹੈ। ਹਾਲਾਂਕਿ ਇਸ ਤੋਂ ਪਹਿਲਾਂ ਕਾਂਗਰਸ ਵੱਲੋਂ ਚੁਣ ਕੇ ਜਾਂਦੇ ਰਹੇ ਸੰਸਦ ਮੈਂਬਰ ਪਵਨ ਕੁਮਾਰ ਬਾਂਸਲ ਹਿੰਦੀ ਵਿੱਚ ਸਹੁੰ ਚੁੱਕਦੇ ਰਹੇ ਹਨ। 18ਵੀਂ ਲੋਕ ਸਭਾ ਵਿੱਚ ਪੰਜਾਬ ਤੇ ਚੰਡੀਗੜ੍ਹ ਦੇ ਸੰਸਦ ਮੈਂਬਰਾਂ ਨੇ ਪੰਜਾਬੀ ਵਿੱਚ ਸਹੁੰ ਚੁੱਕ ਕੇ ਮਾਂ ਬੋਲੀ ਪੰਜਾਬੀ ਦਾ ਮਾਣ ਵਧਾਇਆ ਹੈ।

### ਸੰਸਦ 'ਚ ਪਈ ਅੰਮ੍ਰਿਤਪਾਲ ਸਿੰਘ ਨੂੰ ਆਵਾਜ਼, ਸਹੁੰ ਚੁੱਕਣ ਲਈ ਸਪੀਕਰ ਨੇ ਖ਼ੁਦ ਦਿੱਤਾ ਸੱਦਾ

ਲੋਕ ਸਭਾ ਚੋਣਾਂ ਵਿਚ ਜਿੱਤ ਹਾਸਲ ਕਰਨ ਵਾਲੇ ਪੰਜਾਬ ਦੇ ਸਾਰੇ ਸਾਂਸਦ ਅੱਜ ਨਵੀਂ ਦਿੱਲੀ ਪਹੁੰਚੇ, ਜਿਥੇ ਉਹਨਾਂ ਨੂੰ ਸਹੁੰ ਚੁਕਾਈ ਗਈ। ਇਸ ਮੌਕੇ ਪੰਜਾਬ ਦੇ ਸਾਰੇ ਸਾਂਸਦ ਮੌਜੂਦ ਸਨ ਸਿਰਫ਼ ਅੰਮ੍ਰਿਤਪਾਲ ਸਿੰਘ ਨੂੰ ਛੱਡ ਕੇ। ਜੇਲ੍ਹ ਵਿਚ ਬੰਦ ਹੋਣ ਕਾਰਨ ਉਹ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਨਹੀਂ ਹੋ ਸਕੇ, ਕਿਉਂਕਿ ਉਹਨਾਂ ਨੂੰ ਇਸ ਦੀ ਇਜਾਜ਼ਤ ਨਹੀਂ ਮਿਲੀ।

ਦੱਸ ਦੇਈਏ ਕਿ ਸੰਸਦ ਸੈਸ਼ਨ ਦੇ ਦੂਜੇ ਦਿਨ ਮੰਗਲਵਾਰ ਨੂੰ ਪ੍ਰੋਟੈਮ ਸਪੀਕਰ ਨੇ ਪੰਜਾਬ ਦੇ ਸਾਰੇ ਸਾਂਸਦਾਂ ਨੂੰ ਸਹੁੰ ਚੁੱਕਣ ਲਈ ਇਕ-ਇਕ ਕਰਕੇ ਆਵਾਜ਼ ਲਗਾਈ ਗਈ। ਇਸ ਦੌਰਾਨ ਇਸੇ ਲੜੀ ਤਹਿਤ ਖਡੂਰ ਸਾਹਿਬ ਦੇ ਸੰਸਦ ਮੈਂਬਰ (ਬਾਕੀ ਸਫ਼ਾ 31'ਤੇ)

# ਅਮਰੀਕਾ ਖ਼ਬਰਨਾਮਾ

## ਦੁਨੀਆਂ ਭਰ 'ਚ ਮਨਾਇਆ ਗਿਆ ਕੌਮਾਂਤਰੀ ਯੋਗ ਦਿਵਸ



ਨਿਊਯਾਰਕ/ ਏ.ਟੀ.ਨਿਊਜ਼ :ਦੁਨੀਆਂ ਭਰ ਦੇ ਹਜ਼ਾਰਾਂ ਯੋਗ ਪ੍ਰੇਮੀਆਂ ਨੇ ਪਿਛਲੇ ਦਿਨੀਂ 10ਵਾਂ ਕੌਮਾਂਤਰੀ ਯੋਗ ਦਿਵਸ ਮਨਾਇਆ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਟਾਈਮਜ਼ ਸਕੁਏਅਰ ਅਲਾਇੰਸ ਦੇ ਨਾਲ ਟਾਈਮਜ਼ ਸਕੁਏਅਰ ਵਿੱਚ ਵਿਸ਼ੇਸ਼ ਯੋਗ ਸੈਸ਼ਨ ਕਰਵਾਏ। ਵਾਸ਼ਿੰਗਟਨ ਵਿੱਚ ਸੈਂਕੜੇ ਯੋਗ ਪ੍ਰੇਮੀ ਇਸ ਦਿਨ ਨੂੰ ਮਨਾਉਣ ਲਈ ਇਕੱਤਰ ਹੋਏ। ਇਜ਼ਰਾਈਲ ਦੇ ਤਲ ਅਵੀਵ ਵਿੱਚ ਯੋਗ ਦਿਵਸ ਮਨਾਇਆ ਗਿਆ। ਸਿੰਗਾਪੁਰ ਦੇ ਸਿਹਤ ਰਾਜ ਮੰਤਰੀ ਨੇ ਯੋਗ ਦਿਵਸ ਵਿੱਚ ਹਿੱਸਾ ਲਿਆ। ਇਸ ਤੋਂ ਇਲਾਵਾ ਦੁਨੀਆ ਦੇ ਹੋਰ ਮੁਲਕਾਂ ਵਿੱਚ ਯੋਗ ਦਿਵਸ ਮਨਾਇਆ ਗਿਆ।

# ਕਾਨੂੰਨਸਾਜ਼ਾਂ ਤੇ ਕਾਰੋਬਾਰੀਆਂ ਵੱਲੋਂ ਅਮਰੀਕਾ-ਭਾਰਤ ਸਬੰਧ ਮਜ਼ਬੂਤ ਬਣਾਉਣ ਦਾ ਅਹਿਦ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਕਾਨੂੰਨਸਾਜ਼ਾਂ, ਕਾਰੋਬਾਰੀ ਆਗੂਆਂ ਤੇ ਵ੍ਹਾਈਟ ਹਾਊਸ ਦੇ ਸੀਨੀਅਰ ਅਧਿਕਾਰੀਆਂ ਨੇ ਅਮਰੀਕਾ ਤੇ ਭਾਰਤ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਦਾ ਅਹਿਦ ਕੀਤਾ ਹੈ। ਇੱਥੇ ਭਾਰਤ-ਅਮਰੀਕਾ ਰਣਨੀਤਕ ਭਾਈਵਾਲੀ ਫੋਰਮ (ਯੂ.ਐੱਸ.ਆਈ.ਐੱਸ.ਪੀ.ਐੱਫ.) ਦੇ ਸਾਲਾਨਾ ਸੰਮੇਲਨ ਮੌਕੇ ਉਨ੍ਹਾਂ ਨੇ ਪਿਛਲੇ ਇੱਕ ਦਹਾਕੇ 'ਚ ਭਾਰਤ ਵਿੱਚ ਹੋਏ ਵਿਕਾਸ ਦੀ ਵੀ ਸ਼ਲਾਘਾ ਕੀਤੀ।

ਕੋਹਲਬਰਗ ਕਰੈਵਿਸ ਰੌਬਰਟਸ ਐਂਡ ਕੰਪਨੀ (ਕੇ.ਕੇ.ਆਰ.) ਦੇ ਸਹਿ-ਬਾਨੀ ਤੇ ਸਹਿ-ਕਾਰਜਕਾਰੀ ਚੇਅਰਮੈਨ ਹੈਨਰੀ ਆਰ. ਕਰੈਵਿਸ ਨੇ ਕਿਹਾ, "ਭਾਰਤ ਕਾਰੋਬਾਰ ਕਰਨ ਲਈ ਬਹੁਤ ਵਧੀਆ ਮੁਲਕ ਹੈ। ਉੱਥੇ 86 ਕਰੋੜ ਲੋਕਾਂ ਕੋਲ ਇੰਟਰਨੈੱਟ ਹੈ ਤੇ ਨਵੇਂ ਵਿਚਾਰਾਂ ਵਾਲੇ ਉੱਦਮੀਆਂ ਕੋਲ ਬੇਸ਼ੁਮਾਰ ਮੌਕੇ ਹਨ।

ਯੂ.ਐੱਸ.ਆਈ.ਐੱਸ.ਪੀ.ਐੱਫ. ਨੇ ਅਮਰੀਕਾ-ਭਾਰਤ ਸਬੰਧਾਂ ਦੀ ਮਜ਼ਬੂਤੀ ਲਈ ਦ੍ਰਿੜ੍ਹ ਪ੍ਰਤੀਬੱਧਤਾ



ਦਿਖਾਉਣ ਵਾਲੇ ਕਰੈਵਿਸ ਨੂੰ ਗਲੋਬਲ ਲੀਡਰਸ਼ਿਪ ਐਵਾਰਡ-2024 ਨਾਲ ਸਨਮਾਨਿਤ ਵੀ ਕੀਤਾ। ਕਰੈਵਿਸ ਦੀ ਅਗਵਾਈ ਹੇਠ ਕੇਕੇਆਰ ਕੰਪਨੀ ਭਾਰਤ 'ਚ ਸਭ ਤੋਂ ਵੱਡੇ ਨਿਵੇਸ਼ਕਾਂ ਵਿੱਚੋਂ ਇੱਕ ਬਣ ਕੇ ਉੱਭਰੀ ਹੈ ਅਤੇ ਪਿਛਲੇ ਦੋ ਦਹਾਕਿਆਂ ਦੌਰਾਨ ਉਸ ਵੱਲੋਂ ਵੱਖ-ਵੱਖ ਸੈਕਟਰਾਂ 'ਚ 11 ਅਰਬ ਡਾਲਰ ਦਾ ਨਿਵੇਸ਼ ਕੀਤਾ ਗਿਆ, ਜਿਸ ਨਾਲ ਨੌਕਰੀਆਂ ਦੇ ਹਜ਼ਾਰਾਂ ਮੌਕੇ ਪੈਦਾ ਹੋਏ ਅਤੇ ਭਾਰਤ ਦੇ ਅਰਥਚਾਰੇ ਦੇ ਵਾਧੇ 'ਚ ਯੋਗਦਾਨ ਮਿਲਿਆ।

ਉਨ੍ਹਾਂ ਆਖਿਆ, "ਭਾਰਤ ਲੰਮੇ ਸਮੇਂ ਤੋਂ ਕੰਪਨੀ ਲਈ ਇੱਕ ਮੁੱਖ ਬਾਜ਼ਾਰ ਰਿਹਾ ਹੈ ਕਿਉਂਕਿ ਦੇਸ਼ ਦਾ ਵਿਕਾਸ ਅਸਰਦਾਰ ਹੈ, ਆਬਾਦੀ ਗਤੀਸ਼ੀਲ ਹੈ ਅਤੇ ਨਵੇਂ ਵਿਚਾਰਾਂ ਵਾਲੇ ਉੱਦਮੀ ਅਤੇ ਕਾਰੋਬਾਰੀ ਭਾਈਚਾਰਾ ਮੌਜੂਦ ਹੈ।" ਇਸ ਮੌਕੇ ਯੂ.ਐੱਸ.ਆਈ.ਐੱਸ.ਪੀ.ਐੱਫ. ਦੇ ਚੇਅਰਮੈਨ ਜੌਹਨ ਚੈਂਬਰਜ਼ ਨੇ ਭਾਈਵਾਲੀ ਅਤੇ ਤਕਨੀਕ ਦੇ ਭਵਿੱਖ ਬਾਰੇ ਗੱਲ ਕੀਤੀ ਅਤੇ ਕਿਹਾ, "ਮਸਨੂਈ ਬੌਧਿਕਤਾ (ਏ.ਆਈ.) ਭਵਿੱਖ ਵਿੱਚ ਸਭ ਤੋਂ ਵੱਡੀ ਬੁਨਿਆਦੀ ਤਬਦੀਲੀ ਲਿਆਵੇਗੀ। ਏ.ਆਈ. ਹਰ ਕਾਰੋਬਾਰ ਤੇ ਹਰ ਦੇਸ਼ 'ਤੇ ਅਸਰਅੰਦਾਜ਼ ਹੋਵੇਗੀ। ਇਸ ਲਈ ਇਹ ਸਾਡੇ ਲਈ ਇਕੱਠੇ ਹੋਣ ਤੇ ਕੰਮ ਕਰਨ ਦਾ ਮੌਕਾ ਹੈ।" ਇਸ ਮੌਕੇ ਰਿਪਬਲਿਕਨ ਸੈਨੇਟਰ ਸਟੀਵ ਡੈਨੇਸ ਅਤੇ ਡੈਨ ਸੁਲੀਵਨ ਵੀ ਮੌਜੂਦ ਸਨ। ਸਵੀਟ ਡੈਨੇਸ ਨੇ ਕਿਹਾ, "ਅਸੀਂ ਟੈਕਸ ਘਟਾਉਣ ਲਈ ਭਾਰਤ ਸਰਕਾਰ ਨਾਲ ਕੰਮ ਕਰ ਰਹੇ ਹਾਂ। ਭਾਰਤ ਦਾਲਾਂ ਦਾ ਸਭ ਤੋਂ ਵੱਡਾ ਖਪਤਕਾਰ ਹੈ ਅਤੇ ਮੋਨਟਾਨਾ ਨੰਬਰ ਇੱਕ ਉਤਪਾਦਕ ਹੈ। ਇਸ ਕਰਕੇ ਇਹ ਇੱਕ ਕੁਦਰਤੀ ਸਬੰਧ ਹੈ।" ਸੁਲੀਵਨ ਨੇ ਕਿਹਾ, "ਭਾਰਤ ਦੀ ਕਹਾਣੀ ਦੁਨੀਆ ਦੇ ਸਾਹਮਣੇ ਨਹੀਂ ਆਈ। ਸਾਨੂੰ ਭਾਰਤ ਨੂੰ ਦੁਨੀਆਂ ਦੇ ਸਾਹਮਣੇ ਲਿਆਉਣ ਦੀ ਲੋੜ ਹੈ।"

## ਬਾਇਡਨ ਦੀ ਚੋਣ ਮੁਹਿੰਮ 'ਚ ਜੁਟਾਏ ਚਾਰ ਕਰੋੜ ਡਾਲਰ

ਵਾਸ਼ਿੰਗਟਨ/ਏ.ਟੀ.ਨਿਊਜ਼: ਮੁੜ ਚੋਣ ਮੈਦਾਨ ਵਿੱਚ ਉਤਰੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦੀ ਮੁਹਿੰਮ ਦੌਰਾਨ ਦੋ ਪ੍ਰੋਗਰਾਮਾਂ ਰਾਹੀਂ ਇਕੱਤਰ ਕੀਤੇ ਤਿੰਨ ਕਰੋੜ ਡਾਲਰ ਸਮੇਤ ਪਿਛਲੇ ਦੋ ਹਫ਼ਤਿਆਂ ਵਿੱਚ ਚਾਰ ਕਰੋੜ ਤੋਂ ਵੱਧ ਅਮਰੀਕੀ ਡਾਲਰ ਜੁਟਾਏ ਗਏ ਹਨ। ਸੱਤਾਧਾਰੀ ਡੈਮੋਕਰੈਟਿਕ ਪਾਰਟੀ ਦੇ ਉਪ ਖਜ਼ਾਨਚੀ ਅਜੈ ਭਟੋਰੀਆ ਨੇ ਦੱਸਿਆ ਕਿ ਫੰਡ ਜੁਟਾਉਣ ਦਾ ਇੱਕ ਪ੍ਰੋਗਰਾਮ ਲਾਸ ਏਂਜਲਸ ਵਿੱਚ ਕਰਵਾਇਆ ਗਿਆ ਜਿਸ ਵਿੱਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, ਜਾਰਜ ਕਲੂਨੀ ਅਤੇ ਜੂਲੀਆ ਰੌਬਰਟਸ ਵਰਗੀਆਂ ਹਸਤੀਆਂ ਨੇ ਸ਼ਿਰਕਤ ਕੀਤੀ ਜਦੋਂਕਿ ਦੂਜਾ ਵਰਜਨੀਆ ਦੇ ਸਾਬਕਾ ਗਵਰਨਰ



ਟੈਰੀ ਮੈਕਾਲਿਫ਼ ਦੇ ਘਰ ਹੋਇਆ। ਉਨ੍ਹਾਂ ਕਿਹਾ, "ਬਾਇਡਨ ਵੱਲੋਂ ਤਿੰਨ ਦਿਨ ਪਹਿਲਾਂ ਲਾਸ ਏਂਜਲਸ ਵਿੱਚ ਉੱਘੀਆਂ ਹਸਤੀਆਂ ਤੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਮਿਲ ਕੇ ਤਿੰਨ ਕਰੋੜ ਡਾਲਰ ਇਕੱਤਰ ਕੀਤੇ ਗਏ। ਆਖ਼ਰੀ ਦੋ ਹਫ਼ਤਿਆਂ ਵਿੱਚ ਅਸੀਂ ਚਾਰ ਕਰੋੜ ਅਮਰੀਕੀ ਡਾਲਰ ਤੋਂ ਵੱਧ ਧਨ ਜੁਟਾਇਆ ਹੈ।" ਉਨ੍ਹਾਂ ਕਿਹਾ, "ਸਾਡੀ ਮੁਹਿੰਮ ਲਗਾਤਾਰ ਧਨ ਜੁਟਾਉਣ ਵਿੱਚ ਸਫ਼ਲ ਹੋ ਰਹੀ ਹੈ, ਇਸ ਮਹੀਨੇ ਟੀਵੀ ਇਸ਼ਤਿਹਾਰਾਂ ਰਾਹੀ ਪੰਜ ਕਰੋੜ ਅਮਰੀਕੀ ਡਾਲਰ ਦੀ ਕਮਾਈ ਹੋਈ ਹੈ।"

## ਅਮਰੀਕਾ ਦੇ ਏਅਰਪੋਰਟ 'ਤੇ ਨਕਲੀ ਬਰੈਂਡ ਕੱਪੜੇ, ਜੁੱਤੇ ਲਿਜਾਣ ਕਾਰਨ ਹੋ ਸਕਦੀ ਹੈ ਜੇਲ੍ਹ

### ਕਸਟਮਜ਼ ਦੁਆਰਾ ਪਿਊਮਾ, ਐਡੀਡਾਸ ਜਾਂ ਨਾਈਕੀ ਵਰਗੇ ਬ੍ਰਾਂਡਾਂ ਦਾ ਨਕਲੀ ਸਾਮਾਨ ਕੀਤਾ ਜਾ ਸਕਦੈ ਜ਼ਬਤ

ਨਿਊਯਾਰਕ/ਏ.ਟੀ.ਨਿਊਜ਼ : ਜੇਕਰ ਤੁਸੀਂ ਕਿਸੇ ਵੀ ਬ੍ਰਾਂਡ ਦੇ ਡੁਪਲੀਕੇਟ ਕੱਪੜੇ ਜਾਂ ਜੁੱਤੇ ਪਾ ਕੇ ਅਮਰੀਕਾ ਦੇ ਏਅਰਪੋਰਟ 'ਤੇ ਪਹੁੰਚਦੇ ਹੋ ਤਾਂ ਤੁਹਾਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਮਰੀਕਾ ਕਸਟਮਜ਼ ਐਂਡ ਪ੍ਰੋਟੈਕਸ਼ਨ (ਸੀਬੀਪੀ) ਨਿਯਮਾਂ ਦੇ ਤਹਿਤ, ਯੂ. ਐਸ. ਕਸਟਮਜ਼ ਦੁਆਰਾ ਪਿਊਮਾ, ਐਡੀਡਾਸ ਜਾਂ ਨਾਈਕੀ ਵਰਗੇ ਬ੍ਰਾਂਡਾਂ ਦਾ ਨਕਲੀ ਸਾਮਾਨ ਜ਼ਬਤ ਕੀਤਾ ਜਾ ਸਕਦਾ ਹੈ। ਇੰਨਾ ਹੀ ਨਹੀਂ ਤੁਹਾਡੇ ਖ਼ਿਲਾਫ਼ ਕੇਸ ਵੀ ਦਰਜ ਕੀਤਾ ਜਾ ਸਕਦਾ ਹੈ।

ਦਰਅਸਲ ਅਮਰੀਕਾ ਦੇ ਕਸਟਮ ਅਧਿਕਾਰੀਆਂ ਨੇ ਨਕਲੀ ਸਮਾਨ ਦੀ ਤਸਕਰੀ 'ਤੇ ਨਿਗਰਾਨੀ ਵਧਾ ਦਿੱਤੀ ਹੈ। ਇਸ ਦੇ ਤਹਿਤ ਹਾਲ ਹੀ ਦੇ ਮਹੀਨਿਆਂ ਵਿੱਚ ਅਮਰੀਕਾ ਜਾਣ ਵਾਲੇ ਕਈ ਭਾਰਤੀ ਵਿਦਿਆਰਥੀਆਂ ਅਤੇ ਯਾਤਰੀਆਂ ਤੋਂ ਕਈ ਮਹਿੰਗੀਆਂ ਲਗਜ਼ਰੀ ਚੀਜ਼ਾਂ ਜ਼ਬਤ ਕੀਤੀਆਂ ਗਈਆਂ ਸਨ। ਇੱਕ ਮੀਡੀਆ ਰਿਪੋਰਟ ਮੁਤਾਬਕ ਜੇਕਰ ਲੋਕ ਨਕਲੀ ਸਮਾਨ ਲੈ ਕੇ ਏਅਰਪੋਰਟ 'ਤੇ ਪਹੁੰਚਦੇ ਹਨ ਤਾਂ ਉਨ੍ਹਾਂ ਦਾ ਸਮਾਨ ਡਸਟਬਿਨ 'ਚ ਸੁੱਟ ਦਿੱਤਾ ਜਾਂਦਾ ਹੈ।

ਸੀ.ਬੀ.ਪੀ. ਨਿਯਮ ਕਹਿੰਦੇ ਹਨ ਕਿ ਤੁਸੀਂ ਕਿਸੇ ਵੀ ਕਿਸਮ ਦੀ ਨਕਲੀ ਵਸਤੂ ਜਿਵੇਂ ਕਿ ਕਮੀਜ਼, ਹੈਂਡਬੈਗ ਜਾਂ ਜੁੱਤੀਆਂ ਨੂੰ ਲੈ ਜਾ ਸਕਦੇ ਹੋ, (ਬਾਕੀ ਸਫ਼ਾ 30 'ਤੇ)

## ਸ਼ਹੀਦਾਂ ਨੂੰ ਸਮਰਪਿਤ ਇੱਕ ਵਿਸ਼ੇਸ਼ ਉਪਰਾਲਾ

ਗੁਰ ਪਿਆਰੀ ਸਾਧ ਸੰਗਤ ਜੀਓ

40 ਸਾਲ ਹੋ ਗਏ ਹਨ ਜਦੋਂ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਅਤੇ ਪੰਜਾਬ ਭਰ ਦੇ ਕਈ ਹੋਰ ਗੁਰਦੁਆਰਿਆਂ 'ਤੇ ਹਮਲਾ ਕੀਤਾ, ਜਿਸ ਨੂੰ ਤੀਜੇ ਘੱਲੂਘਾਰੇ ਵਜੋਂ ਵੀ ਜਾਣਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਫ਼ਰੀਮਾਂਟ ਉਨ੍ਹਾਂ ਦਲੇਰ ਸਿੱਖਾਂ ਦੀ ਯਾਦ ਵਿੱਚ ਇੱਕ ਯਾਦਗਾਰ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ ਜਿਨ੍ਹਾਂ ਨੇ ਸਾਡੇ ਭਾਈਚਾਰੇ ਨਾਲ ਹੋਈ ਬੇਇਨਸਾਫ਼ੀ ਦਾ ਵਿਰੋਧ ਕੀਤਾ। ਅਸੀਂ ਜੁਲਾਈ ਦੇ ਅੰਤ ਤੱਕ ਰੂਪ ਰੇਖਾ ਲਈ ਤੁਹਾਨੂੰ ਕੀਮਤੀ ਰਾਏ ਦੇਣ ਦੀ ਬੇਨਤੀ ਕਰ ਰਹੇ ਹਾਂ। ਜਦੋਂ ਕਿ ਅਸੀਂ ਸੇਵਾ ਦੇ ਤੌਰ 'ਤੇ ਆਪਣੇ ਰਚਨਾਤਮਕ ਵਿਚਾਰਾਂ ਦਾ ਯੋਗਦਾਨ ਪਾਉਣ ਲਈ ਬਹੁਤ ਸਾਰੇ ਲੋਕਾਂ ਦੀ ਇੱਛਾ ਦੀ ਸ਼ਲਾਘਾ ਕਰਦੇ ਹਾਂ, ਅਸੀਂ ਜੇਤੂਆਂ ਲਈ ਚੰਗੇ ਨਕਦ ਇਨਾਮਾਂ ਦਾ ਐਲਾਨ ਕਰਦੇ ਹੋਏ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ। ਕਿਰਪਾ ਕਰਕੇ ਜਮਾਂ ਕੀਤੇ ਵੇਰਵਿਆਂ ਤੇ ਦਿਸ਼ਾ-ਨਿਰਦੇਸ਼ਾਂ ਲਈ ਦਿੱਤੇ ਗਏ ਲਿੰਕ www.acesse.dev/June1984 'ਤੇ ਜਾਓ।

## ਐਲੋਨ ਮਸਕ ਬਣੇ 12ਵੇਂ ਬੱਚੇ ਦੇ ਪਿਤਾ

ਨਿਊਯਾਰਕ/ ਏ.ਟੀ.ਨਿਊਜ਼ : ਮੀਡੀਆ ਹਾਊਸ ਬਲੂਮਬਰਗ ਨੇ ਆਪਣੀ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਹੈ ਕਿ ਸਪੇਸ-ਐਕਸ ਅਤੇ ਟੇਸਲਾ ਦੇ ਸੀਈਓ ਐਲੋਨ ਮਸਕ ਇਸ ਸਾਲ ਆਪਣੇ 12ਵੇਂ ਬੱਚੇ ਦੇ ਪਿਤਾ ਬਣੇ ਹਨ। ਇਹ ਬੱਚਾ ਉਹਨਾਂ ਦੀ ਪਤਨੀ ਅਤੇ ਨਿਊਰਲਿੰਕ ਦੇ ਮੈਨੇਜਰ ਸ਼ਿਵਾਨ ਜਿਲਿਸ ਦੇ ਘਰ ਪੈਦਾ ਹੋਇਆ ਹੈ। ਇਸ ਤੋਂ ਪਹਿਲਾਂ ਦੋਵਾਂ ਦੇ ਘਰ 2022 ਵਿੱਚ ਜੁੜਵਾਂ ਬੱਚੇ ਹੋਏ ਸਨ।

ਇਸ ਦੇ ਨਾਲ ਹੀ ਦੱਸ ਦਈਏ ਕਿ ਐਲੋਨ ਮਸਕ ਦੇ ਪਹਿਲਾਂ ਵੀ 8 ਬੱਚੇ ਹਨ ਜਿਨ੍ਹਾਂ ਵਿੱਚੋਂ 5 ਬੱਚੇ ਉਹਨਾਂ ਦੀ ਪਹਿਲੀ ਪਤਨੀ ਲੇਖਕ ਜਸਟਿਨ ਮਸਕ ਨਾਲ ਅਤੇ ਤਿੰਨ ਸੰਗੀਤਕਾਰ ਗ੍ਰੀਮਜ਼ ਤੋਂ ਹੋਏ। ਇੱਕ ਬੱਚੇ ਦੀ ਮਾਂ ਦਾ ਖੁਲਾਸਾ ਹੁਣ ਤੱਕ ਨਹੀਂ ਕੀਤਾ ਗਿਆ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਦੀ ਉਪ ਪ੍ਰਧਾਨ ਮੰਤਰੀ ਨੇ ਨਿੱਝਰ ਸਬੰਧੀ ਸਵਾਲ ਦਾ ਨਹੀਂ ਦਿੱਤਾ ਸਿੱਧਾ ਜਵਾਬ



ਵੈਨਕੂਵਰ/ਏ.ਟੀ.ਨਿਊਜ਼ : ਕੈਨੇਡਾ ਦੀ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਜਿੱਥੇ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਬਾਰੇ ਪੁੱਛੇ ਗਏ ਸਵਾਲ ਦਾ ਸਿੱਧਾ ਜਵਾਬ ਦੇਣ ਤੋਂ ਟਾਲਾ ਵੱਟਿਆ ਉੱਥੇ ਹੀ ਨਿੱਝਰ ਦੀ ਹੱਤਿਆ ਮਗਰੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅਖ਼ਤਿਆਰ ਕੀਤੇ ਗਏ ਰੁਖ਼ ਦੀ ਸ਼ਲਾਘਾ ਕੀਤੀ।

ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਕ ਵੀਡੀਓ ਵਿੱਚ ਇੱਕ ਪੱਤਰਕਾਰ ਫ੍ਰੀਲੈਂਡ ਕੋਲੋਂ ਸਵਾਲ ਕਰ ਰਿਹਾ ਹੈ ਕਿ ਪਿਛਲੀ ਸਰਕਾਰ ਵੱਲੋਂ ਨਿੱਝਰ ਖ਼ਿਲਾਫ਼ ਕਾਰਵਾਈ ਕੀਤੇ ਜਾਣ ਦੇ ਬਾਵਜੂਦ ਹੁਣ ਉਸ ਨੂੰ ਸਨਮਾਨਿਤ ਕਿਉਂ ਕੀਤਾ ਜਾ ਰਿਹਾ ਹੈ। ਪੱਤਰਕਾਰ ਵੱਲੋਂ ਅਚਾਨਕ ਆਏ ਇਸ ਬਦਲਾਅ ਬਾਰੇ ਸਵਾਲ ਕੀਤਾ ਗਿਆ ਸੀ।

ਫ੍ਰੀਲੈਂਡ ਨੇ ਸਵਾਲ ਦਾ ਜਵਾਬ ਦਿੰਦਿਆਂ ਹਾਲ ਹੀ ਵਿੱਚ ਮਨਾਈ ਗਈ ਨਿੱਝਰ ਦੀ ਬਰਸੀ ਦਾ ਜ਼ਿਕਰ ਕਰਦਿਆਂ ਕੈਨੇਡਾ ਦੀ ਧਰਤੀ 'ਤੇ ਇੱਕ ਕੈਨੈਡਿਆਈ ਨਾਗਰਿਕ ਦੀ ਹੋਈ ਹੱਤਿਆ ਦੀ ਆਲੋਚਨਾ ਕੀਤੀ। ਉਨ੍ਹਾਂ ਨਿੱਝਰ ਦੀ ਹੱਤਿਆ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਰੁਖ਼ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਜ਼ਰੂਰੀ ਸੀ ਪਰ ਚੁਣੌਤੀਪੂਰਨ ਵੀ ਸੀ।

ਫ੍ਰੀਲੈਂਡ ਨੇ ਕਿਹਾ, "ਮੈਂ ਇਹ ਕਹਿ ਕੇ ਸ਼ੁਰੂ ਨਹੀਂ ਕਰਨਾ ਚਾਹੁੰਦੀ ਕਿ ਨਿੱਝਰ ਦੀ ਬਰਸੀ ਹੋਣ ਕਾਰਨ ਇਹ ਇੱਕ ਉਦਾਸ ਹਫ਼ਤਾ ਸੀ ਪਰ ਇਸ ਦੌਰਾਨ ਮੌਨ ਰੱਖਣਾ ਜ਼ਰੂਰੀ ਸੀ ਤਾਂ ਜੋ ਕੈਨੇਡਾ ਦੀ ਮਿੱਟੀ 'ਤੇ ਇੱਕ ਕੈਨੇਡਿਆਈ ਨਾਗਰਿਕ ਦੀ ਹੋਈ ਹੱਤਿਆ ਖ਼ਿਲਾਫ਼ ਰੋਸ ਜ਼ਾਹਿਰ ਕੀਤਾ ਜਾ ਸਕੇ ਅਤੇ ਇਹ ਕਿਸੇ ਵੀ ਤਰ੍ਹਾਂ ਬਰਦਾਸ਼ਤਯੋਗ ਨਹੀਂ ਹੈ। ਦੂਜਾ, ਮੈਂ ਇਹ ਕਹਿਣਾ ਚਾਹਾਂਗੀ ਕਿ ਮੈਨੂੰ ਪ੍ਰਧਾਨ ਮੰਤਰੀ 'ਤੇ ਕਾਫੀ ਮਾਣ ਹੈ ਕਿ ਉਨ੍ਹਾਂ ਨਿੱਝਰ ਦੀ ਹੱਤਿਆ ਤੋਂ ਬਾਅਦ ਇੱਕ ਸਖ਼ਤ ਸਟੈਂਡ ਲਿਆ।" ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਇਹ ਸਹੀ ਸੀ ਪਰ ਐਨਾ ਆਸਾਨ ਨਹੀਂ ਸੀ। ਹਾਲਾਂਕਿ, ਇਸ ਦੌਰਾਨ ਉਨ੍ਹਾਂ ਇਸ ਸਬੰਧੀ ਸਵਾਲ ਦਾ ਸਿੱਧਾ ਜਵਾਬ ਦੇਣ ਤੋਂ ਟਾਲਾ ਵੱਟਿਆ ਕਿ ਨਿੱਝਰ ਦਾ ਨਾਮ ਨੋ-ਫਲਾਈ ਸੂਚੀ ਵਿੱਚ ਹੋਣ ਅਤੇ ਮੌਤ ਤੋਂ ਪਹਿਲਾਂ ਉਸ ਦੇ ਬੈਂਕ ਖਾਤੇ ਫਰੀਜ਼ ਹੋਣ ਦੇ ਬਾਵਜੂਦ ਉਸ ਨੂੰ ਮਰਨ ਉਪਰੰਤ ਸ਼ਰਧਾਂਜਲੀ ਭੇਟ ਕਿਉਂ ਕੀਤੀ ਗਈ। ਉਨ੍ਹਾਂ ਨਤੀਜਿਆਂ ਦੀ ਪ੍ਰਵਾਹ ਕੀਤੇ ਬਿਨਾ ਸਾਰਿਆਂ ਨੂੰ ਖਤਰਿਆਂ ਤੋਂ ਬਰਾਬਰ ਸੁਰੱਖਿਆ ਪ੍ਰਦਾਨ ਕਰਨ ਸਬੰਧੀ ਟਰੂਡੋ ਦੀ ਵਚਨਬੱਧਤਾ ਨੂੰ ਮੁੜ ਦੁਹਰਾਇਆ।

ਉਨ੍ਹਾਂ ਕਿਹਾ, "ਇਕ ਪ੍ਰਧਾਨ ਮੰਤਰੀ ਲਈ ਇਹ ਕਰਨਾ ਵੱਡੀ ਗੱਲ ਸੀ ਅਤੇ ਮੈਂ ਸੋਚਦੀ ਹਾਂ ਕਿ ਸਾਨੂੰ ਸਾਰਿਆਂ ਨੂੰ ਇਹ ਜਾਣਦੇ ਹੋਏ ਵਧੇਰੇ ਸੁਰੱਖਿਅਤ ਮਹਿਸੂਸ ਕਰਨਾ ਚਾਹੀਦਾ ਹੈ ਕਿ ਉਹ ਨਤੀਜਿਆਂ ਦੀ ਪ੍ਰਵਾਹ ਕੀਤੇ ਬਿਨਾ ਕੈਨੇਡਾ ਦੇ ਨਾਗਰਿਕਾਂ ਲਈ ਅਤੇ ਕੈਨੇਡਿਆਈ ਲੋਕਾਂ ਦੇ ਕਾਤਲਾਂ ਖ਼ਿਲਾਫ਼ ਖੜ੍ਹੇ ਹੋਣਗੇ।" ਇਸ ਦੌਰਾਨ ਉਪ ਪ੍ਰਧਾਨ ਮੰਤਰੀ ਨੇ ਇਸ ਬਾਰੇ ਵੀ ਕੋਈ ਟਿੱਪਣੀ ਨਹੀਂ ਕੀਤੀ ਕਿ ਨਿੱਝਰ ਦਾ ਨਾਮ ਨੋ-ਫਲਾਈ ਸੂਚੀ ਵਿੱਚ ਕਿਉਂ ਸੀ, ਉਸ ਦੇ ਬੈਂਕ ਖਾਤੇ ਫਰੀਜ਼ ਕਿਉਂ ਕੀਤੇ ਗਏ ਸਨ ਜਾਂ ਅਜਿਹੇ ਵਿਅਕਤੀ ਨੂੰ ਸੰਸਦ ਵਿੱਚ ਸ਼ਰਧਾਂਜਲੀ ਭੇਟ ਕਿਉਂ ਕੀਤੀ ਗਈ।

# 'ਕਨਿਸ਼ਕ' ਕਾਂਡ ਦੀ ਜਾਂਚ ਅਜੇ ਵੀ ਜਾਰੀ: ਕੈਨੇਡਾ ਪੁਲਿਸ

ਓਟਵਾ/ਏ.ਟੀ.ਨਿਊਜ਼ : ਕੈਨੇਡੀਅਨ ਪੁਲਿਸ ਨੇ ਦਾਅਵਾ ਕੀਤਾ ਹੈ ਕਿ 39 ਸਾਲ ਪਹਿਲਾਂ ਏਅਰ ਇੰਡੀਆ ਦੀ ਉਡਾਣ 182 ਵਿੱਚ ਕੀਤੇ ਬੰਬ ਧਮਾਕੇ (ਕਨਿਸ਼ਕ ਕਾਂਡ) ਦੀ ਜਾਂਚ ਅੱਜ ਵੀ ਜਾਰੀ ਹੈ। ਪੁਲਿਸ ਨੇ ਇਸ ਨੂੰ ਹੁਣ ਤੱਕ ਦਾ ਸਭ ਤੋਂ ਲੰਮਾ ਦੇ ਪੇਚੀਦਾ ਮਾਮਲਾ ਦੱਸਿਆ ਹੈ। ਕੈਨੇਡੀਅਨ ਪੁਲਿਸ ਨੇ ਇਹ ਟਿੱਪਣੀ ਕਨਿਸ਼ਕ ਕਾਂਡ ਦੀ 39ਵੀਂ ਬਰਸੀ ਤੋਂ ਤਿੰਨ ਦਿਨ ਪਹਿਲਾਂ ਕੀਤੀ ਹੈ। ਮਾਂਟਰੀਅਲ-ਨਵੀਂ ਦਿੱਲੀ ਏਅਰ ਇੰਡੀਆ 'ਕਨਿਸ਼ਕ' ਉਡਾਣ 182 ਦੇ 23 ਜੂਨ 1985 ਨੂੰ ਲੰਡਨ ਦੇ ਹੀਥਰੋ ਹਵਾਈ ਅੱਡੇ 'ਤੇ ਉਤਰਨ ਤੋਂ 45 ਮਿੰਟ ਪਹਿਲਾਂ ਇਸ ਵਿੱਚ ਧਮਾਕਾ ਹੋਇਆ ਸੀ, ਜਿਸ ਵਿੱਚ ਜਹਾਜ਼ 'ਚ ਸਵਾਰ ਸਾਰੇ 329 ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਭਾਰਤੀ ਮੂਲ ਦੇ ਕੈਨੇਡਿਆਈ ਸਨ। ਇਸ ਬੰਬ ਧਮਾਕੇ ਲਈ ਸਿੱਖ ਅਤਿਵਾਦੀਆਂ ਨੂੰ ਦੋਸ਼ੀ ਦੱਸਿਆ ਗਿਆ ਸੀ, ਜਿਨ੍ਹਾਂ 'ਅਪਰੇਸ਼ਨ ਬਲਿਊ ਸਟਾਰ' ਦੇ ਜਵਾਬ ਵਿੱਚ ਇਹ ਕਾਰਵਾਈ ਕੀਤੀ ਸੀ। 'ਅਪਰੇਸ਼ਨ ਬਲਿਊ ਸਟਾਰ' 1984 ਵਿੱਚ ਹਰਿਮੰਦਰ ਸਾਹਿਬ ਨੂੰ ਅਤਿਵਾਦੀਆਂ ਦੇ ਕਬਜ਼ੇ 'ਚੋਂ ਮੁਕਤ ਕਰਵਾਉਣ ਲਈ ਚਲਾਇਆ ਗਿਆ ਸੀ। ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸਹਾਇਕ ਕਮਿਸ਼ਨਰ ਡੇਵਿਡ ਟੈਬੌਲ ਨੇ ਇੱਕ ਬਿਆਨ ਵਿੱਚ ਕਿਹਾ ਕਿ ਬੰਬ ਧਮਾਕੇ ਦੀ ਇਹ ਵਾਰਦਾਤ ਦੇਸ਼ ਦੇ ਇਤਿਹਾਸ ਵਿੱਚ ਕੈਨੇਡੀਅਨ ਨਾਗਰਿਕਾਂ ਦੀ ਜਾਨ ਲੈਣ ਵਾਲੀ ਤੇ ਉਨ੍ਹਾਂ ਨੂੰ ਅਸਰਅੰਦਾਜ਼ ਕਰਨ ਵਾਲੀ ਦਹਿਸ਼ਤਗਰਦੀ ਨਾਲ ਸਬੰਧਤ ਸਭ ਤੋਂ ਭਿਆਨਕ ਘਟਨਾ ਹੈ। ਉਨ੍ਹਾਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਜ਼ਾਹਿਰ ਕੀਤੀ। ਟੈਬੌਲ ਨੇ ਕਿਹਾ, 'ਘਟਨਾ ਦੀ ਜਾਂਚ ਲਈ ਸਾਡੇ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਸਰਗਰਮੀ ਨਾਲ ਜਾਰੀ ਹਨ।" ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਬੰਬ ਧਮਾਕੇ ਦਾ ਅਸਰ 'ਸਮੇਂ ਨਾਲ ਘੱਟ ਨਹੀਂ ਹੋਇਆ ਹੈ' ਤੇ ਇਸ ਤੋਂ ਪੈਦਾ ਹੋਏ ਸਦਮੇ ਨੇ ਪੀੜ੍ਹੀਆਂ ਨੂੰ ਅਸਰਅੰਦਾਜ਼ ਕੀਤਾ।" ਪਿਛਲੇ ਦਿਨੀਂ ਵੈਨਕੂਵਰ ਤੇ ਟੋਰਾਂਟੋ ਸਥਿਤ ਭਾਰਤੀ ਕੌਂਸਲਖਾਨਿਆਂ ਨੇ ਬੰਬ ਧਮਾਕੇ ਦੀ ਬਰਸੀ ਮਨਾਉਣ ਦਾ ਐਲਾਨ ਕੀਤਾ ਸੀ।

# ਕੈਨੇਡਾ ਦੀ 'ਨੋ ਫਲਾਈ' ਲਿਸਟ ਨੂੰ ਚੁਣੌਤੀ ਦਿੰਦੀ ਦੋ ਸਿੱਖ ਆਗੂਆਂ ਦੀ ਪਟੀਸ਼ਨ ਖਾਰਜ



ਓਟਾਵਾ/ਏ.ਟੀ.ਨਿਊਜ਼: ਕੈਨੇਡੀਅਨ ਕੋਰਟ ਨੇ ਦੋ ਸਿੱਖ ਆਗੂਆਂ ਭਗਤ ਸਿੰਘ ਬਰਾੜ ਤੇ ਪਰਵਕਾਰ ਸਿੰਘ ਦੁਲਾਈ ਵੱਲੋਂ ਮੁਲਕ ਦੀ ਨੋ-ਫਲਾਈ ਲਿਸਟ ਵਿੱਚ ਨਾਮ ਸ਼ਾਮਲ ਕੀਤੇ ਜਾਣ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਅਪੀਲ ਖਾਰਜ ਕਰ ਦਿੱਤੀ ਹੈ। ਕੋਰਟ ਨੇ ਕਿਹਾ ਕਿ ਇਹ ਸ਼ੱਕ ਕਰਨ ਲਈ 'ਵਾਜਬ ਆਧਾਰ' ਹਨ ਕਿ ਉਹ ਦਹਿਸ਼ਤੀ ਘਟਨਾ ਨੂੰ ਅੰਜਾਮ ਦੇਣ ਲਈ ਆਵਾਜਾਈ ਸੁਰੱਖਿਆ ਜਾਂ ਹਵਾਈ ਯਾਤਰਾ ਲਈ ਖ਼ਤਰਾ ਹੋ ਸਕਦੇ ਹਨ। ਸਿੱਖ ਆਗੂਆਂ ਨੇ ਕੈਨੇਡਾ ਦੇ ਸੁਰੱਖਿਅਤ ਹਵਾਈ ਯਾਤਰਾ ਐਕਟ ਤਹਿਤ ਉਨ੍ਹਾਂ ਦੇ ਨਾਮ 'ਨੋ ਫਲਾਈ ਲਿਸਟ' ਵਿੱਚ ਪਾਉਣ ਦੇ ਫੈਸਲੇ ਨੂੰ ਸੰਵਿਧਾਨਕ ਚੁਣੌਤੀ ਦਿੱਤੀ ਸੀ, ਪਰ ਉਹ ਕੇਸ ਹਾਰ ਗਏ। ਇਸ ਮਗਰੋਂ ਉਨ੍ਹਾਂ ਨੇ ਅਪੀਲੀ ਕੋਰਟ ਦਾ ਰੁਖ਼ ਕੀਤਾ ਸੀ। ਕੈਨੇਡੀਅਨ ਪ੍ਰੈੱਸ ਨਿਊਜ਼ ਏਜੰਸੀ ਨੇ ਵੈਨਕੂਵਰ ਤੋਂ ਆਪਣੀ ਇਕ ਰਿਪੋਰਟ ਵਿੱਚ ਕਿਹਾ ਕਿ ਇਨ੍ਹਾਂ ਦੋਵਾਂ ਨੂੰ 2018 ਵਿੱਚ ਵੈਨਕੂਵਰ ਵਿੱਚ ਜਹਾਜ਼ 'ਤੇ ਚੜ੍ਹਨ ਤੋਂ ਰੋਕਿਆ ਗਿਆ ਸੀ।

# ਕੈਨੇਡਾ: ਜਸਟਿਨ ਟਰੂਡੋ ਦੇਸ਼ ਵਾਸੀਆਂ ਦੇ ਮਨੋਂ ਲੱਥਾ

## 'ਗਲੋਬ ਐਂਡ ਮੇਲ' ਵਲੋਂ ਆਈਪਸੋਸ ਰਾਹੀਂ ਕਰਵਾਏ ਸਰਵੇਖਣ 'ਚ ਇਹ ਗੱਲ ਉੱਭਰ ਕੇ ਸਾਹਮਣੇ ਆਈ



ਵੈਨਕੂਵਰ/ਏ.ਟੀ.ਨਿਊਜ਼ : ਕੈਨੇਡਾ ਦੀ ਲੀਹੋਂ ਲੱਥੀ ਆਰਥਿਕਤਾ ਲਈ ਦੇਸ਼ ਵਾਸੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਜ਼ਿੰਮੇਵਾਰ ਮੰਨ ਕੇ ਉਸਨੂੰ ਚਲਦਾ ਕਰਨ ਲਈ ਕਾਹਲੇ ਜਾਪ ਰਹੇ ਹਨ ਤੇ ਹੋ ਸਕਦਾ ਉਹ ਆਪਣਾ ਅਗਲੇ ਸਾਲ ਅਕਤੂਬਰ ਤੱਕ ਦਾ ਰਹਿੰਦਾ ਕਾਰਜਕਾਲ ਪੂਰਾ ਨਾ ਕਰ ਸਕਣ। ਕੈਨੇਡਾ ਦੇ ਵੱਡੇ ਮੀਡੀਆ ਅਦਾਰੇ 'ਗਲੋਬ ਐਂਡ ਮੇਲ' ਵਲੋਂ ਆਈਪਸੋਸ ਰਾਹੀਂ ਕਰਵਾਏ ਸਰਵੇਖਣ 'ਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਟਰੂਡੋ 68 ਫ਼ੀਸਦ ਲੋਕਾਂ ਦੇ ਮਨੋਂ ਲੱਥ ਚੁੱਕੇ ਹਨ ਤੇ ਉਹ ਉਨ੍ਹਾਂ ਨੂੰ ਲਾਂਭੇ ਕਰਕੇ ਦੇਸ਼ ਦੀ ਵਾਗਡੋਰ ਮੁੱਖ ਵਿਰੋਧੀ ਪਾਰਟੀ (ਟੋਰੀ) ਦੇ ਆਗੂ ਪੀਅਰ ਪੋਲਿਵਰ ਦੇ ਹੱਥ ਫੜਾਉਣ ਲਈ ਕਾਹਲੇ ਹਨ। ਭਰੋਸੇਮੰਦ ਮੰਨੇ ਜਾਂਦੇ ਸਰਵੇਖਣ ਅਦਾਰੇ ਆਈਪਸੋਸ, ਜਿਸ ਨੂੰ ਸਰਕਾਰਾਂ ਵੀ ਲੋਕ ਰਾਇ ਜਾਨਣ ਦਾ ਕੰਮ ਸੌਂਪਦੀਆਂ ਹਨ, ਨੇ ਦੇਸ਼ ਦੇ ਕੋਨੇ ਕੋਨੇ ਤੋਂ ਇੱਕ ਹਜ਼ਾਰ ਲੋਕਾਂ ਦੇ ਵਿਚਾਰ ਜਾਣੇ। ਸਮੁੱਚੇ ਦੇਸ਼ ਦੇ 68 ਫ਼ੀਸਦ ਲੋਕਾਂ ਨੇ ਟਰੂਡੋ ਨੂੰ ਨਾਪਸੰਦ ਕੀਤਾ, ਜਦ ਕਿ ਅਲਬਰਟਾ ਦੇ 79 ਫ਼ੀਸਦ ਤੇ ਪੂਰਬੀ ਕੈਨੇਡਾ ਦੇ 76 ਫ਼ੀਸਦ ਲੋਕ ਉਸਦੇ ਵਿਰੁੱਧ ਬੋਲੇ। ਸਰਵੇਖਣ ਏਜੰਸੀ ਦੇ ਸੀਈਓ ਡੈਰਲ ਬਿੱਕਰ ਨੇ ਕਿਹਾ ਲੋਕਾਂ ਦਾ ਐਨਾ ਵਿਰੋਧ ਜਸਟਿਨ ਟਰੂਡੋ ਲਈ ਖਤਰੇ ਦੀ ਘੰਟੀ ਹੈ। ਇਸ 12 ਤੋਂ 14 ਜੂਨ ਦਰਮਿਆਨ ਕਰਵਾਏ ਗਏ ਸਰਵੇਖਣ ਵਿੱਚ 42 ਫ਼ੀਸਦ ਲੋਕ ਦੇਸ਼ ਦੀ ਵਾਗਡੋਰ ਟੋਰੀ ਪਾਰਟੀ ਹੱਥ ਫੜਾਉਣ ਦਾ ਮਨ ਬਣਾਈ ਬੈਠੇ ਹਨ, ਜਦ ਕਿ 24 ਫ਼ੀਸਦ ਲਿਬਰਲ ਤੇ 18 ਫ਼ੀਸਦ ਐਨਡੀਪੀ ਦੇ ਹੱਕ ਵਿੱਚ ਭੁਗਤ ਸਕਦੇ ਹਨ। ਏਜੰਸੀ ਮੁਖੀ ਨੇ ਹੈਰਾਨੀ ਪ੍ਰਗਟਾਉਂਦਿਆਂ ਦੱਸਿਆ ਕਿ ਅਜੀਬ ਗੱਲ ਹੈ ਕਿ ਅੱਠ ਸਾਲ ਸੱਤਾ ਵਿੱਚ ਰਹਿ ਕੇ ਜਸਟਿਨ ਟਰੂਡੋ ਨੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਥਾਂ ਲੀਹੋਂ ਲਾਹਿਆ ਹੈ ਪਰ ਲਿਬਰਲ ਪਾਰਟੀ ਦੇ ਆਗੂਆਂ ਨੇ ਸਰਵੇਖਣ ਨੂੰ ਨਕਾਰਦਿਆਂ ਕਿਹਾ ਹੈ ਕਿ ਉਹ ਪੋਲ ਦੀ ਥਾਂ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ। ਖਜ਼ਾਨਾ ਬੋਰਡ ਦੀ ਚੇਅਰਮੈਨ ਅਨੀਤਾ ਆਨੰਦ ਨੇ ਸਿਹਤ ਸੁਧਾਰ ਤੇ ਹੋਰ ਸੇਵਾਵਾਂ ਗਿਣਾਉਂਦੇ ਹੋਏ ਕਿਹਾ ਕਿ ਪਾਰਟੀ ਨੂੰ ਵਿਸ਼ਵਾਸ ਹੈ ਕਿ ਲੋਕ ਇਨ੍ਹਾਂ ਸੁਵਿਧਾਵਾਂ ਨੂੰ ਕਦੇ ਵੀ ਨਕਾਰ ਨਹੀਂ ਸਕਦੇ ਤੇ ਪਾਰਟੀ ਦੇ ਨਾਲ ਖੜ੍ਹਨਗੇ। ਦੇਸ਼ ਦੀ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਆਰਥਿਕਤਾ ਦੇ ਦੌਰ ਵਿੱਚ ਉਹ ਕੈਨੇਡਾ ਦੀ ਸਥਿਰਤਾ ਕਾਇਮ ਰੱਖਣ ਦੇ ਯਤਨਾਂ ਵਿੱਚ ਲੱਗੇ ਹੋਏ ਹਨ ਤੇ ਲੋਕ ਇਸ ਨੂੰ ਸਮਝਦੇ ਹਨ।

# ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਪਾਰਕ ਫਰਿਜ਼ਨੋ ਵਿਖੇ ਸੀਨੀਅਰ ਬਜ਼ੁਰਗਾਂ ਦਾ ਕੀਤਾ ਸਨਮਾਨ



ਫਰਿਜ਼ਨੋ, ਕੈਲੀਫ਼ੋਰਨੀਆ/ਏ.ਟੀ.ਨਿਊਜ਼: ਵਿਦੇਸ਼ਾਂ ਦੀ ਧਰਤੀ 'ਤੇ ਪੰਜਾਬੀ ਵਿਰਸੇ ਨੂੰ ਜੀਵਤ ਰੱਖਣ ਅਤੇ ਬੱਚਿਆਂ ਨੂੰ ਉਸ ਨਾਲ ਜੋੜਨ ਲਈ ਬਜ਼ੁਰਗਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਸੇ ਯੋਗਦਾਨ ਦੀ ਪ੍ਰਸ਼ੰਸ਼ਾ ਕਰਦੇ ਹੋਏ ਪੰਜਾਬੀ ਰੇਡੀਓ ਸਪਾਈਸ਼ ਅਤੇ ਉਸ ਦੇ ਪੀ. ਆਰ. ਓ. ਸ੍ਰ. ਰਾਜ ਸਿੱਧੂ ਅਤੇ ਉਨ੍ਹਾਂ ਦੀ ਟੀਮ ਵੱਲੋਂ ਬਜ਼ੁਰਗਾਂ ਨੂੰ ਸਨਮਾਨਿਤ ਕੀਤਾ ਗਿਆਂ। ਇਸ ਸਮੇਂ ਸਨਮਾਨਿਤ ਸਖਸੀਅਤਾਂ ਵਿੱਚ ਨਾਰੰਗ ਸਿੰਘ ਕਲਸੀ, ਸਵਰਨ ਸਿੰਘ ਕੰਗ, ਅਜੀਤ ਸਿੰਘ ਮਾਹਲ, ਸੰਤੋਖ ਸਿੰਘ ਸ਼ੇਰਗਿੱਲ, ਦਲੇਰ ਸਿੰਘ ਚੌਹਾਨ ਆਦਿਕ ਨੂੰ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਪ੍ਰਮੁੱਖ ਸਹਿਯੋਗੀਆਂ ਅਤੇ ਬੁਲਾਰਿਆਂ ਵਿੱਚ ਹਰਦੇਵ ਸਿੰਘ ਸਿੱਧੂ, ਸਰਪੰਚ ਅਵਤਾਰ ਸਿੰਘ ਚੌਹਾਨ, ਮਾਸਟਰ ਸੁਲੱਖਣ ਸਿੰਘ ਗਿੱਲ, ਸਾਧੂ ਸਿੰਘ ਸੰਘਾ, ਬਿੱਲੂ ਢੀਂਡਸਾ, ਕਾਲਾ ਗਿੱਲ, ਚੀਮਾ ਜੀ, ਗਰੇਵਾਲ ਤਲਵੰਡੀ, ਜਗਦੀਸ਼ ਗਰੇਵਾਲ, ਜਸਵੀਰ ਲਵਲੀ, ਨਿਰਮਲ ਸਿੰਘ ਗਿੱਲ ਆਦਿਕ ਬਹੁਤ ਸਾਰੇ ਸਾਰੇ ਮੈਂਬਰ ਸ਼ਾਮਲ ਸਨ। ਇਸ ਸਾਦੇ ਅਤੇ ਪ੍ਰਭਾਵਸਾਲੀ ਸਮਾਗਮ ਸਮੇਂ ਸਮੂੰਹ ਹਾਜ਼ਰੀਨ ਲਈ ਚਾਹ ਅਤੇ ਹੋਰ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ। ਅੰਤ ਆਪਣੇ ਵਡੇਰਿਆਂ ਨੂੰ ਮਾਣ-ਸਨਮਾਨ ਇਹ ਸਮਾਗਮ ਆਪਣੀਆਂ ਅਮਿੱਟ ਯਾਦਾਂ ਛੱਡ ਗਿਆ।

# ਟਰੰਪ ਨੇ ਵਿਦੇਸ਼ੀ ਗ੍ਰੈਜੂਏਟਾਂ ਲਈ ਯੂ.ਐਸ. ਗ੍ਰੀਨ ਕਾਰਡ ਦਾ ਕੀਤਾ ਵਾਅਦਾ

## ਕਿਹਾ ਕਿ ਅਮਰੀਕਾ 'ਚ ਰਹਿਣ ਅਤੇ ਕੰਮ ਕਰਨ ਲਈ ਦਿੱਤਾ ਜਾਵੇਗਾ ਗ੍ਰੀਨ ਕਾਰਡ



ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟ੍ਰੰਪ ਨੇ ਚੋਣਾਂ ਤੋਂ ਪਹਿਲਾਂ ਇੱਕ ਚੌਂਕਾਉਣ ਵਾਲਾ ਫੈਸਲਾ ਲਿਆ। ਟ੍ਰੰਪ ਨੇ ਕਿਹਾ ਕਿ ਜੋ ਵਿਦੇਸ਼ੀ ਵਿਦਿਆਰਥੀ ਅਮਰੀਕੀ ਕਾਲਜਾਂ ਤੋਂ ਗ੍ਰੈਜੂਏਸ਼ਨ ਕਰ ਰਹੇ ਹਨ, ਉਨ੍ਹਾਂ ਨੂੰ ਅਮਰੀਕਾ 'ਚ ਰਹਿਣ ਅਤੇ ਕੰਮ ਕਰਨ ਲਈ ਗ੍ਰੀਨ ਕਾਰਡ (ਗਰੀਨ ਕਾਰਡ) ਮਿਲ ਜਾਣਾ ਚਾਹੀਦਾ ਹੈ। ਦੱਸ ਦੇਈਏ ਕਿ ਇਸ ਵਿੱਚ ਜੂਨੀਅਰ ਕਾਲਜ ਵੀ ਸ਼ਾਮਲ ਹਨ। ਇਹ ਬਿਆਨ ਟ੍ਰੰਪ ਨੇ ਬੀਤੇ ਦਿਨ ਪ੍ਰਸਾਰਿਤ ਡੇਵਿਡ ਸਾਕਸ ਦੁਆਰਾ ਨਿਵੇਸ਼ਕ ਨਿਵੇਸ਼ਕਾਂ ਅਤੇ ਤਕਨੀਕੀ ਨਿਵੇਸ਼ਕਾਂ ਨੂੰ ਇੱਕ ਇੰਟਰਵਿਊ 'ਚ ਦਿੱਤਾ ਹੈ। ਟ੍ਰੰਪ ਨੇ ਪੌਡਕਾਸਟ 'ਚ ਕਿਹਾ ਹੈ ਕਿ 'ਅਮਰੀਕਾ ਨੂੰ ਉੱਚ ਯੋਗਤਾ ਵਾਲੇ ਲੋਕਾਂ ਨੂੰ ਇਥੇ ਰੋਕਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਜੋ ਲੋਕ ਦੇਸ਼ 'ਚ ਰੁਕਣਾ ਚਾਹੁੰਦੇ ਹਨ ਅਤੇ ਉਨ੍ਹਾਂ ਦੇ ਕੋਲ ਕੋਈ ਚੰਗੀ ਪਲਾਨਿੰਗ ਹੈ, (**ਬਾਕੀ ਸਫ਼ਾ 30 'ਤੇ**)

# ਇਟਲੀ: ਖੇਤ ਮਾਲਕ ਨੇ ਜ਼ਖ਼ਮੀ ਪੰਜਾਬੀ ਮਜ਼ਦੂਰ ਨੂੰ ਸੜਕ 'ਤੇ ਸੁੱਟਿਆ, ਮੌਤ

ਰੋਮ/ਏ.ਟੀ.ਨਿਊਜ਼: ਇਟਲੀ ਵਿੱਚ ਇਲਾਜ ਸਹੂਲਤ ਨਾ ਮਿਲਣ ਕਾਰਨ 31 ਸਾਲਾ ਭਾਰਤੀ ਪੰਜਾਬੀ ਮਜ਼ਦੂਰ ਦੀ ਮੌਤ ਹੋ ਗਈ। ਖੇਤ 'ਚ ਕੰਮ ਦੌਰਾਨ ਉਸ ਦਾ ਹੱਥ ਭਾਰੀ ਮਸ਼ੀਨਰੀ 'ਚ ਆ ਕੇ ਕੱਟ ਗਿਆ ਸੀ। ਖੇਤ ਮਾਲਕ ਇਲਾਜ ਕਰਵਾਉਣ ਦੀ ਥਾਂ ਮਜ਼ਦੂਰ ਨੂੰ ਸੜਕ ਕੰਢੇ ਸੁੱਟ ਕੇ ਫ਼ਰਾਰ ਹੋ ਗਿਆ ਅਤੇ ਖ਼ੂਨ ਵਹਿਣ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸਤਨਾਮ ਸਿੰਘ ਵਜੋਂ ਹੋਈ ਹੈ ਜੋ ਪੰਜਾਬ ਦਾ ਵਸਨੀਕ ਸੀ। ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਨੇ ਇਸ ਘਟਨਾ ਨੂੰ ਅਣਮਨੁੱਖੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ, "ਇਸ ਅਣਮਨੁੱਖੀ ਘਟਨਾ ਦਾ ਇਤਾਲਵੀ ਲੋਕਾਂ ਨਾਲ ਕੋਈ ਸਬੰਧ ਨਹੀਂ ਹੈ। ਮੈਨੂੰ ਉਮੀਦ ਹੈ ਕਿ ਇਸ ਬਰਬਰਤਾ ਲਈ ਸਖ਼ਤ ਸਜ਼ਾ ਮਿਲੇਗੀ।" ਰੋਮ ਸਥਿਤ ਭਾਰਤੀ ਦੂਤਘਰ ਨੇ ਕਿਹਾ ਕਿ ਉਹ ਪਰਿਵਾਰ ਦੀ ਮਦਦ ਕਰ ਰਿਹਾ ਹੈ।

# ਅਕਾਲੀ ਦਲ ਵਿੱਚ ਸੁਖਬੀਰ ਬਾਦਲ ਵਿਰੁੱਧ ਵੱਡੀ ਬਗਾਵਤ

## ਜਲੰਧਰ ਵਿੱਚ ਬਾਗੀ ਅਕਾਲੀਆਂ ਨੇ ਚੰਦੂਮਾਜਰਾ ਦੀ ਅਗਵਾਈ ਵਿੱਚ ਸੁਖਬੀਰ ਬਾਦਲ ਤੋਂ ਮੰਗਿਆ ਅਸਤੀਫਾ

## ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਜਾਂ ਤੋੜਨ ਦੀਆਂ ਕੋਸ਼ਿਸ਼ਾਂ ਪਿੱਛੇ ਭਾਜਪਾ ਅਤੇ ਏਜੰਸੀਆਂ ਦਾ ਹੱਥ:ਸੁਖਬੀਰ

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815709916



ਬਾਦਲ ਅਕਾਲੀ ਦਲ ਵਿੱਚ ਬਗਾਵਤ ਤੇਜ਼ ਹੋ ਗਈ ਹੈ , ਇਸ ਨਾਲ ਅਕਾਲੀ ਦਲ ਦੇ ਦੋ ਫਾੜ ਹੋਣ ਦੀ ਸੰਭਾਵਨਾ ਵਧ ਗਈ ਹੈ। ਸ਼੍ਰੋਮਣੀ ਅਕਾਲੀ ਦੇ ਬਾਗੀ ਲੀਡਰਾਂ ਨੇ ਜਲੰਧਰ ਵਿੱਚ ਅਹਿਮ ਮੀਟਿੰਗ ਕਰਕੇ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫੇ ਦੀ ਮੰਗ ਕੀਤੀ ਹੈ। ਇਸ ਨਾਲ ਸੁਖਬੀਰ ਬਾਦਲ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਇਸ ਸਬੰਧੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪਾਰਟੀ ਵਿੱਚ ਇਸ ਸਮੇਂ ਤਬਦੀਲੀ ਦੀ ਲੋੜ ਹੈ। ਚੰਦੂਮਾਜਰਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਚੰਦੂਮਾਜਰਾ ਨੇ ਕਿਹਾ ਕਿ 1 ਜੁਲਾਈ ਨੂੰ ਸਾਰੇ ਅਕਾਲੀ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਣਗੇ। 1 ਜੁਲਾਈ ਨੂੰ ਉਥੋਂ ਹੀ ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ ਸ਼ੁਰੂ ਕਰਾਂਗੇ। ਇਸ ਯਾਤਰਾ ਵਿੱਚ ਅਕਾਲੀ ਦਲ ਦੇ ਸੀਨੀਅਰ ਆਗੂ ਵੀ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਪੰਥਕ ਵਿਦਵਾਨਾਂ, ਇਤਿਹਾਸਕਾਰਾਂ ਤੇ ਸੰਤਾਂ-ਮਹਾਂਪੁਰਸ਼ਾਂ ਨੂੰ ਵੀ ਮਿਲਿਆ ਜਾਵੇਗਾ ਤੇ ਉਨ੍ਹਾਂ ਦੀ ਸਲਾਹ ਲੈ ਕੇ ਅਗਲੀ ਰਣਨੀਤੀ ਉਲੀਕੀ ਜਾਵੇਗੀ। ਇਸੇ ਤਰ੍ਹਾਂ ਪਾਰਟੀ ਦਾ ਏਜੰਡਾ ਤਿਆਰ ਕਰਨ ਅਤੇ ਪੰਜਾਬ ਨੂੰ ਮੌਜੂਦਾ ਸਿਆਸੀ ਤੇ ਧਾਰਮਿਕ ਸੰਕਟ ਵਿਚੋਂ ਉਭਾਰਨ ਲਈ ਵੱਖ-ਵੱਖ ਕਮੇਟੀਆਂ ਦਾ ਵੀ ਗਠਨ ਕੀਤਾ ਜਾਵੇਗਾ ।

ਬਾਗੀ ਅਕਾਲੀ ਆਗੂਆਂ ਨੇ ਕਿਹਾ- 2017 ਤੋਂ 2024 ਤੱਕ ਅਕਾਲੀ ਦਲ ਦਾ ਪੱਧਰ ਡਿੱਗਿਆ ਹੈ, ਇਹ ਚਿੰਤਾ ਦਾ ਵਿਸ਼ਾ ਹੈ। ਚੰਦੂਮਾਜਰਾ ਨੇ ਦੱਸਿਆ ਕਿ ਇਸ ਇਕੱਤਰਤਾ ਵਿੱਚ ਜਿੱਥੇ ਅੱਜ ਦੇ ਦਿਨ ਜੋ ਦੇਸ਼ ਵਿੱਚ ਸਮੇਂ ਦੀ ਹਕੂਮਤ ਵੱਲੋਂ ਐਮਰਜੈਂਸੀ ਲਗਾਈ ਗਈ ਸੀ ਉਸ ਦੀ ਨਿੰਦਾ ਸੰਬੰਧੀ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ, ਉਥੇ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਵੀ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਗਈ । ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਣਾਈ ਗਈ ਝੂੰਦਾ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਨਾ ਕਰਨ 'ਤੇ ਵੀ ਨਿੰਦਾ ਮਤਾ ਪਾਸ ਕੀਤਾ ਗਿਆ ਤੇ ਇਨ੍ਹਾਂ ਸਿਫਾਰਿਸ਼ਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਗਈ। ਇਸ ਇਕੱਤਰਤਾ ਵਿੱਚ ਪੇਸ਼ ਮਤੇ ਪੜ੍ਹਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਪਾਰਟੀ ਵਰਕਰਾਂ ਦੀ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ। ਇਸ ਮੌਕੇ ਮੀਟਿੰਗ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕਰਨ ਤੇ ਗੈਰ ਪੰਥਕ ਲੋਕਾਂ ਕੋਲੋਂ ਸਿੱਖ ਸੰਸਥਾਵਾਂ ਦਾ ਕੰਟਰੋਲ ਵਾਪਿਸ ਲੈਣ ਲਈ ਵੀ ਜੱਦੋਜਹਿਦ ਕਰਨ ਦਾ ਫੈਸਲਾ ਕੀਤਾ ਗਿਆ । ਇਸੇ ਤਰ੍ਹਾਂ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਤੇ ਮੌਜੂਦਾ ਜਲ ਸੰਕਟ ਦੇ ਹੱਲ ਕੱਢਣ ਲਈ ਵੀ ਯਤਨ ਕਰਨ ਦਾ ਮਤਾ ਪਾਸ ਕੀਤਾ ਗਿਆ । ਇਸ ਮੌਕੇ ਪੰਜਾਬ ਵਿੱਚ ਵੱਧ ਰਹੇ ਨਸ਼ਿਆਂ ਦੇ ਰੁਝਾਨ ਅਤੇ ਅਰਾਜਕਤਾ ਦੇ ਮਾਹੌਲ 'ਤੇ ਵੀ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਅਮਨ ਕਾਨੂੰਨ ਦੀ ਸਥਿਤੀ ਬਿਹਤਰ ਕਰਨ ਦੀ ਮੰਗ ਵੀ ਕੀਤੀ ।

ਜਲੰਧਰ ਵਿੱਚ ਹੋਈ ਮੀਟਿੰਗ ਦੌਰਾਨ ਅਕਾਲੀ ਦਲ ਦੇ ਕਈ ਆਗੂ ਮੌਜੂਦ ਸਨ। ਇਸ ਵਿੱਚ ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ,ਬੀਬੀ ਜਗੀਰ ਕੌਰ, ਬੀਬੀ ਕਿਰਨਜੋਤ ਕੌਰ, ਭਾਈ ਮਨਜੀਤ ਸਿੰਘ, ਗੁਰਪ੍ਰਤਾਪ ਸਿੰਘ ਵਡਾਲਾ, ਚਰਨਜੀਤ ਸਿੰਘ ਬਰਾੜ, ਹਰਿੰਦਰਪਾਲ ਸਿੰਘ ਚੰਦੂਮਾਜਰਾ , ਗਗਨਜੀਤ ਸਿੰਘ ਬਰਨਾਲਾ, ਸੰਤਾ ਸਿੰਘ ਉਮੈਦਪੁਰੀ, ਪਰਮਿੰਦਰ ਸਿੰਘ ਢੀਂਡਸਾ, ਗਿਆਨੀ ਚੇਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਪਰਿਵਾਰ ਵਲੋਂ ਪਰਵਿੰਦਰ ਪਾਲ ਸਿੰਘ ਰਿਟਾਇਰ ਪੀਸੀਐਸ, ਜਸਟਿਸ ਨਿਰਮਲ ਸਿੰਘ, ਸੰਤ ਬਲਬੀਰ ਸਿੰਘ ਘੁੰਨਸ,ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸੁੱਚਾ ਸਿੰਘ ਛੋਟੇਪੁਰ, ਬੀਬੀ ਹਰਜੀਤ ਕੌਰ ਤਲਵੰਡੀ,ਬੀਬੀ ਸਤਵਿੰਦਰ ਕੌਰ ਧਾਲੀਵਾਲ,ਸੁਖਵਿੰਦਰ ਸਿੰਘ ਔਲਖ, ਕਰਨੈਲ ਸਿੰਘ ਪੰਜੋਲੀ, ਸਰਵਨ ਸਿੰਘ ਫਿਲੌਰ , ਜਥੇਦਾਰ ਜਗਜੀਤ ਸਿੰਘ ਗਾਬਾ, ਜਗਜੀਤ ਸਿੰਘ ਕੋਹਲੀ, ਹਰਿੰਦਰਪਾਲ ਸਿੰਘ ਟੌਹੜਾ, ਸੁਖਵੰਤ ਸਿੰਘ ਸਰਾਓ, ਮਿਠੂ ਸਿੰਘ ਕਾਹਨੇਕੇ, ਹਰਬੰਸ ਸਿੰਘ ਮੰਝਪੁਰ ਆਦਿ ਦੇ ਨਾਂ ਸ਼ਾਮਲ ਹਨ।

ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਨੇ ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ ਸੱਦੀ । ਮੀਟਿੰਗ ਵਿੱਚ ਜਿੱਥੇ ਪਾਰਟੀ ਦੀ ਕਮਜ਼ੋਰੀ ਦਾ ਜਾਇਜ਼ਾ ਲਿਆ ਗਿਆ, ਉੱਥੇ ਹੀ ਸੁਖਬੀਰ ਬਾਦਲ ਵੱਲੋਂ ਭਾਜਪਾ ਨਾਲ ਗੱਠਜੋੜ ਨਾ ਕਰਨ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ ਗਈ।

ਅਕਾਲੀ ਦਲ ਦੀ ਇਸ ਮੀਟਿੰਗ ਵਿੱਚ ਬਾਗੀਆਂ ਉਪਰ ਨਿਸ਼ਾਨਾ ਵਿਢਦਿਆਂ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਨੇ ਦੋਸ਼ ਲਾਇਆ ਕਿ ਸਰਕਾਰ ਪੰਥ ਅਤੇ ਪੰਜਾਬ ਨੂੰ ਆਗੂ ਰਹਿਤ ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਜਪਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਸਮਾਨੰਤਰ ਪਾਰਟੀ ਬਣਾਉਣ ਅਤੇ ਪਾਰਟੀ ਨੂੰ ਅੰਦਰੋਂ ਕਮਜ਼ੋਰ ਕਰਨ ਲਈ ਮੌਕਾਪ੍ਰਸਤ ਲੋਕ ਖੜ੍ਹੇ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਅਜਿਹੇ ਹਤਾਸ਼ ਸਿਆਸਤਦਾਨਾਂ ਨੂੰ ਮਹਾਰਾਸ਼ਟਰ ਤੋਂ ਸਿੱਖਣ ਦੀ ਲੋੜ ਹੈ ਜਿੱਥੇ ਭਾਜਪਾ ਨੇ ਮਹਾਰਾਸ਼ਟਰ ਦੀ ਖੇਤਰੀ ਪਾਰਟੀ ਨੂੰ ਤੋੜ ਦਿੱਤਾ ਪਰ ਫਿਰ ਵੀ ਲੋਕਾਂ ਨੇ ਜਾਅਲੀ ਪਾਰਟੀ ਨੂੰ ਨਕਾਰ ਦਿੱਤਾ। ਉਨ੍ਹਾਂ ਬਾਗ਼ੀ ਆਗੂਆਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਹ ਅਕਾਲੀ ਦਲ ਨੂੰ ਪੰਥ ਵਿਰੋਧੀ ਸਾਜ਼ਿਸ਼ਾਂ ਦੀ ਕਠਪੁਤਲੀ ਬਣਨ ਦੀ ਇਜਾਜ਼ਤ ਨਹੀਂ ਦੇ ਸਕਦੇ ਜਿਨ੍ਹਾਂ ਤੋਂ ਪੰਥ ਤੇ ਪੰਜਾਬ ਨਾਲ ਧੋਖਾ ਕੀਤੇ ਜਾਣ ਦਾ ਡਰ ਹੈ। ਉਨ੍ਹਾਂ ਕਿਹਾ ਕਿ ਉਹ ਭਾਜਪਾ ਨਾਲ ਗੈਰ ਸਿਧਾਂਤਕ ਤੌਰ 'ਤੇ ਗੱਠਜੋੜ ਕਰਨ ਦੇ ਖ਼ਿਲਾਫ਼ ਹਨ। ਸੂਤਰ ਦੱਸਦੇ ਹਨ ਕਿ ਮੀਟਿੰਗ ਵਿੱਚ ਇੱਕ ਪੱਖ ਇਹ ਵੀ ਉੱਭਰਿਆ ਸੀ ਕਿ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਪਾਰਟੀ ਦੀ ਕਮਾਨ ਸੌਂਪ ਦਿੱਤੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਨੇ ਦਾਅਵਾ ਕੀਤਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਹੋਈ ਮੀਟਿੰਗ ਵਿੱਚ 35 ਜ਼ਿਲ੍ਹਾ ਪ੍ਰਧਾਨਾਂ ਵਿਚੋਂ 33 ਅਤੇ 105 ਵਿੱਚੋਂ 96 ਹਲਕਾ ਇੰਚਾਰਜ ਸ਼ਾਮਲ ਹੋਏ।

ਯਾਦ ਰਹੇ ਕਿ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਦੇ ਵਿਰੋਧ ਵਿੱਚ ਅਕਾਲੀ ਆਗੂਆਂ ਦੇ ਨਿੱਤਰਨ ਦੇ ਇਹ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਸਾਲ 2018 ਵਿੱਚ ਮਾਝੇ ਦੇ ਸੀਨੀਅਰ ਆਗੂ ਮੰਨੇ ਜਾਂਦੇ ਮਰਹੂਮ ਸੇਵਾ ਸਿੰਘ ਸੇਖਵਾਂ, ਰਤਨ ਸਿੰਘ ਅਜਨਾਲਾ ਤੇ ਮਰਹੂਮ ਰਣਜੀਤ ਸਿੰਘ ਬ੍ਰਹਮਪੁਰਾ ਨੇ ਵੀ ਸੁਖਬੀਰ ਬਾਦਲ ਨੂੰ ਪਾਰਟੀ ਦੀ (ਬਾਕੀ ਸਫ਼ਾ 30 'ਤੇ)

### ਪਾਰਟੀ ਦੇ 99 ਫ਼ੀਸਦੀ ਆਗੂ ਸੁਖਬੀਰ ਬਾਦਲ ਨਾਲ: ਭੂੰਦੜ



ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ 99 ਫ਼ੀਸਦੀ ਆਗੂ ਸੁਖਬੀਰ ਸਿੰਘ ਬਾਦਲ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਜੋ ਦੋ-ਚਾਰ ਲੋਕ ਉੱਧਰ ਗਏ ਹਨ ਤਾਂ ਉਨ੍ਹਾਂ ਨੂੰ ਪਾਰਟੀ ਦੇ ਮੰਚ 'ਤੇ ਆਪਣੀ ਗੱਲ ਰੱਖਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਚੰਦ ਲੋਕਾਂ ਦੀ ਰਾਇ ਨੂੰ ਬਹੁਗਿਣਤੀ 'ਤੇ ਥੋਪਿਆ ਨਹੀਂ ਜਾ ਸਕਦਾ ।

### ਸ਼੍ਰੋਮਣੀ ਅਕਾਲੀ ਦਲ ਵਿਰੁੱਧ ਅਪਰੇਸ਼ਨ ਲੋਟਸ ਕਾਮਯਾਬ ਨਹੀਂ ਹੋਣ ਦੇਵਾਂਗੇ : ਸਰਨਾ



ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਜਲੰਧਰ ਵਿੱਚ ਕੁਝ ਅਕਾਲੀ ਲੀਡਰਾਂ ਵੱਲੋਂ ਕੀਤੇ ਗਏ ਇਕੱਠ ਉੱਤੇ ਤੰਜ ਕੱਸਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਿਰੁੱਧ ਭਾਜਪਾ ਵੱਲੋਂ ਸਪਾਂਸਰ ਕੀਤਾ ਗਿਆ 'ਆਪ੍ਰੇਸ਼ਨ ਲੋਟਸ' ਫੇਲ ਹੋਵੇਗਾ। ਇਸ ਨੂੰ ਅਸੀਂ ਕਾਮਯਾਬ ਨਹੀਂ ਹੋਣ ਦੇਵਾਂਗੇ। ਉਨ੍ਹਾਂ ਕਿਹਾ ਕਿ ਨੇ ਇਨ੍ਹਾਂ ਲੀਡਰਾਂ ਨੇ ਇਤਿਹਾਸਕ ਸਿੱਖ ਪਾਰਟੀ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸਰਨਾ ਨੇ ਕਿਹਾ ਕਿ ਗੈਰ-ਭਾਜਪਾ ਪਾਰਟੀਆਂ ਦੀ ਅਗਵਾਈ ਵਾਲੀਆਂ ਰਾਜ ਸਰਕਾਰਾਂ ਦਾ ਰਲੇਵਾਂ ਕਰਨ ਜਾਂ ਉਨ੍ਹਾਂ 'ਤੇ ਕਬਜ਼ਾ ਕਰਨ ਦੀ ਭਾਜਪਾ ਦੀ ਰਣਨੀਤੀ ਤੋਂ ਲੋਕ ਚੰਗੀ ਤਰ੍ਹਾਂ ਜਾਣੂ ਹਨ। ਅਕਾਲੀ ਵਿਰੋਧੀ ਮਤਾ ਪਾਸ ਕਰਨ ਵਾਲਿਆਂ ਨੇ ਭਗਵਾ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਰੱਦ ਕਰਨ ਵਾਲੇ ਪੰਜਾਬ ਵਿੱਚ ਆਪਣੇ ਆਪ ਨੂੰ ਨੰਗਾ ਕਰ ਦਿੱਤਾ ਹੈ।

# ਕੀ ਕਹਿੰਦੇ ਹਨ ਪੰਥਕ ਬੁੱਧੀਜੀਵੀ ਤੇ ਪੰਥਕ ਆਗੂ

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਮੰਨਦੇ ਹਨ ਕਿ ਦੋਹਾਂ ਅਕਾਲੀ ਧੜਿਆਂ ਵਿੱਚ ਸਿੱਖ ਪੰਥ ਦਾ ਵਿਸ਼ਵਾਸ ਨਹੀਂ ਬਣ ਰਿਹਾ। ਅਕਾਲੀ ਦਲ ਦਾ ਪੁਨਰ ਨਿਰਮਾਣ ਕਰਨ ਦੀ ਲੋੜ ਹੈ। ਜਦੋਂ ਇਮਾਰਤ ਢਹਿ ਢੇਰੀ ਹੋ ਜਾਵੇ ਤਾਂ ਨਵੀਆਂ ਨੀਹਾਂ ਕੱਢਣ ਦੀ ਲੋੜ ਹੁੰਦੀ ਹੈ। ਇਹ ਗੱਲ ਅਕਾਲੀ ਦਲ ਉੱਪਰ ਪੂਰੀ ਢੁਕਦੀ ਹੈ। ਬਾਬਾ ਬੇਦੀ ਨੇ ਕਿਹਾ ਕਿ ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਜਸਟਿਸ ਕੁਲਦੀਪ ਸਿੰਘ , ਐਡਵੋਕੇਟ ਹਰਵਿੰਦਰ ਸਿੰਘ ਫੂਲਕਾ, ਦਲਜੀਤ ਸਿੰਘ ਖਾਲਸਾ, ਬੀਬੀ ਪਰਮਜੀਤ ਕੌਰ ਖਾਲਸਾ ਅਕਾਲੀ ਦਲ ਦੀ ਪੁਨਰ ਉਸਾਰੀ ਲਈ ਯਤਨ ਕਰਨ। ਉਨ੍ਹਾਂ ਕਿਹਾ ਕਿ ਇਹ ਇਤਿਹਾਸਕ ਸੱਚਾਈ ਹੈ ਕਿ ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਹੀ ਹੋ ਸਕਦੀ ਹੈ ਜੋ ਭਾਰਤ ਦੇ ਦੂਜੇ ਪ੍ਰਾਂਤਾਂ ਵਿੱ ਅਤੇ ਦੁਨੀਆ ਦੇ ਦੂਜੇ ਦੇਸ਼ਾਂ ਵਿੱਚ ਵਸਦੇ ਸਿੱਖਾਂ ਤੇ ਪੰਜਾਬੀਆਂ, ਧਾਰਮਿਕ ਘੱਟਗਿਣਤੀਆਂ ਦੇ ਅਧਿਕਾਰਾਂ ਦੀ ਰਾਖੀ ਕਰ ਸਕੇ। ਜਦ ਤਕ ਅਕਾਲੀ ਦਲ ਕੇਂਦਰਵਾਦ ਤੋਂ ਅਜ਼ਾਦ ਰਹੀ ਉਦੋਂ ਤੱਕ ਇਸ ਨੇ ਸਭ ਮੁਸ਼ਕਿਲਾਂ ਦੇ ਬਾਵਜੂਦ ਪੰਜਾਬ ਦੇ ਖੇਤਰੀ ਹੱਕਾਂ ਲਈ ਸੰਘਰਸ਼ ਕਰਦਿਆਂ ਆਪਣਾ ਬਾਹੂਬਲ ਕਾਇਮ ਰਖਿਆ। ਸਿੱਖਾਂ , ਦਲਿਤਾਂ, ਪੰਜਾਬੀਆਂ ਦੀ ਨਾਇਕ ਬਣੀ ਰਹੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਵਿੱਚ ਇਸ ਦੀ ਗਿਰਾਵਟ ਦਾ ਮੁੱਖ ਕਾਰਨ ਇਹ ਸੀ ਕਿ ਇਹ ਸੱਤਾ ਲਈ ਕੇਂਦਰ ਤੇ ਪੰਥ ਵਿਰੋਧੀ ਡੇਰਾਵਾਦ ਦੀ ਗੁਲਾਮ ਬਣ ਗਈ ਤੇ ਆਪਣੇ ਖੇਤਰੀ ਏਜੰਡੇ ਤੇ ਖੁਦਮੁਖਤਿਆਰ ਹੋਂਦ ਨੂੰ ਭੁਲ ਗਈ । ਅਕਾਲ ਤਖਤ ਸਾਹਿਬ ਤੇ ਸ੍ਰੋਮਣੀ ਕਮੇਟੀ ਦੀ ਅਜ਼ਾਦ ਹੋਂਦ ਨੂੰ ਨੁਕਸਾਨ ਪਹੁੰਚਾਇਆ। ਪਰਿਵਾਰਵਾਦ ਨੇ ਅਕਾਲੀ ਦਲ ਦੀ ਪੰਥਕ ਹੋਂਦ ਨੂੰ ਨੁਕਸਾਨ ਪਹੁੰਚਾਇਆ। ਜਮਹੂਰੀਅਤ ਪਾਰਟੀ ਵਿੱਚ ਖਤਮ ਹੋ ਗਈ। ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਉੱਪਰ ਇੱਕ ਵਿਅਕਤੀ ਇੱਕ ਪਰਿਵਾਰ ਦਾ ਬੋਲਬਾਲਾ ਹੋ ਗਿਆ। ਅਕਾਲੀ ਦਲ ਲਈ ਜ਼ਰੂਰੀ ਸੀ ਕਿ ਉਹ ਪੰਜਾਬ ਤੇ ਪੰਥਕ ਮਸਲਿਆਂ ਪ੍ਰਤੀ ਆਪਣੀ ਵਿਚਾਰਧਾਰਕ ਸੁੱਚਮ ਰੱਖਦੀ।



ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਬਾਗੀ ਅਕਾਲੀ ਆਗੂਆਂ ਬਾਰੇ ਕਹਿੰਦੇ ਹਨ ਕਿ ਇਸ ਧੜੇ ਦਾ ਇਹ ਖ਼ਾਸ ਹੈ ਕਿ ਇਹ ਭਾਜਪਾ ਪੱਖੀ ਹੈ। ਉਹ ਦੱਸਦੇ ਹਨ ਕਿ ਅਕਾਲੀ ਦਲ ਜੋ ਵਾਪਰ ਰਿਹਾ ਹੈ ਇਹ ਕਿਸੇ ਵੱਡੇ ਬਦਲਾਅ ਵੱਲ ਸੰਕੇਤ ਨਹੀਂ ਦਿੰਦਾ, ਕਿਉਂਕਿ ਲੀਡਰ ਹੀ ਆਪਸ ਵਿੱਚ ਲੜ ਰਹੇ ਹਨ। ਜਸਪਾਲ ਸਿੰਘ ਸਿੱਧੂ ਕਹਿੰਦੇ ਹਨ ਕਿ ਜਿਵੇਂ ਰਾਹੁਲ ਗਾਂਧੀ ਨੇ ਪੁਰਾਣੀ ਕਾਂਗਰਸ ਨੂੰ ਦਫ਼ਨਾ ਕੇ ਨਵੀਂ ਕਾਂਗਰਸ ਖੜ੍ਹੀ ਕੀਤੀ ਹੈ ਉਵੇਂ ਹੀ ਅਕਾਲੀ ਦਲ ਵੀ ਇਹ ਤਰੀਕਾ ਅਪਣਾ ਸਕਦਾ ਹੈ ਪਰ ਅਜਿਹਾ ਹੁੰਦਾ ਨਜ਼ਰ ਨਹੀਂ ਆ ਰਿਹਾ।

ਪੰਥਕ ਚਿੰਤਕ ਗੁਰਤੇਜ ਸਿੰਘ ਆਈਏਐਸ ਇਸ ਬਗਾਵਤ ਨੂੰ ਅਹਿਮ ਮੰਨਦੇ ਹਨ। ਉਹ ਕਹਿੰਦੇ ਹਨ ਕਿ ਅਕਾਲੀ ਦਲ ਦੀ ਅਜਿਹੀ ਮਾੜੀ ਸਥਿਤੀ ਇਤਿਹਾਸ ਦੇ ਵਿੱਚ ਕਦੇ ਨਹੀਂ ਰਹੀ,ਕਿਉਂਕਿ ਸਿੱਖ ਪੰਥ ਨੂੰ ਕਿਸੇ ਅਕਾਲੀ ਲੀਡਰ ਵਿੱਚ ਵਿਸ਼ਵਾਸ ਨਹੀਂ ਰਿਹਾ ਜੋ ਅਕਾਲੀ ਦਲ ਦੀ ਵਿਗੜੀ ਸੰਵਾਰ ਸਕੇ। ਸਰਦਾਰ ਗੁਰਤੇਜ ਸਿੰਘ ਨੇ ਕਿਹਾ ਕਿ ਬਾਬਾ ਸਰਬਜੋਤ ਸਿੰਘ ਬੇਦੀ,ਭਾਈ ਦਲਜੀਤ ਸਿੰਘ ਬਿਟੂ, ਬੀਬੀ ਪਰਮਜੀਤ ਕੌਰ ਖਾਲੜਾ, ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖਾਲਸਾ ਵਰਗੀਆਂ ਪੰਥਕ ਸਖਸ਼ੀਅਤਾਂ ਅਕਾਲੀ ਦਲ ਦਾ ਪੁਨਰ ਨਿਰਮਾਣ ਕਰਨ ਦਾ ਉਦਮ ਕਰਨ। ਇਸ ਬਾਰੇ ਕਾਨਫਰੰਸਾਂ ਤੇ ਸੈਮੀਨਾਰ ਕਰਾਉਣ ਦੀ ਲੋੜ ਹੈ ਤੇ ਸੰਗਤ ਦਾ ਵਿਸ਼ਵਾਸ ਜਿਤਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਅਤੇ ਪੰਜਾਬ ਦੀ ਭਲਾਈ ਲਈ ਹੋਂਦ ਵਿੱਚ ਆਇਆ ਸੀ ਅਤੇ ਇਸ ਨੇ ਦੇਸ਼ ਤੇ ਦੁਨੀਆਂ ਵਿੱਚ ਮਨੁੱਖੀ ਹੱਕਾਂ, ਪੰਥਕ ਮਰਿਆਦਾ ਤੇ ਪੰਥਕ ਹਿੱਤਾਂ ਲਈ ਅਤੇ ਦੇਸ਼ ਵਿੱਚ ਫੈੱਡਰਲ ਢਾਂਚੇ ਲਈ ਸੰਘਰਸ਼ ਕਰਕੇ ਆਪਣੀ ਪਛਾਣ ਬਣਾਈ ਸੀ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿੱਚ ਪਾਰਟੀ ਲੀਡਰਸ਼ਿਪ ਕੋਲੋਂ ਹੋਈਆਂ ਕਈ ਕੁਤਾਹੀਆਂ ਤੇ ਗ਼ਲਤ ਫੈਸਲਿਆਂ ਕਾਰਨ ਅੱਜ ਪਾਰਟੀ ਅਰਸ਼ ਤੋਂ ਫਰਸ਼ 'ਤੇ ਆ ਗਈ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰਾਜਨੀਤੀ ਵਿਗਿਆਨ ਦੇ ਪ੍ਰੋਫ਼ੈਸਰ ਜਗਰੂਪ ਸਿੰਘ ਸੇਖੋਂ ਕਹਿੰਦੇ ਹਨ ਕਿ ਉਹ ਨਹੀਂ ਮੰਨਦੇ ਕਿ ਅਕਾਲੀ ਦਲ ਵਿਚਲੀ ਹਾਲੀਆ 'ਬਗ਼ਾਵਤ' ਕਿਸੇ ਵੱਡੀ ਰੱਦੋਬਦਲ ਨੂੰ ਜਨਮ ਦੇਵੇਗੀ। ਉਹ ਕਹਿੰਦੇ ਹਨ, ਅਕਾਲੀ ਦਲ ਉਹ ਹੀ ਹੈ ਜਿੱਥੇ ਸੁਖਬੀਰ ਬਾਦਲ ਖੜ੍ਹੇ ਹਨ, ਇਹ ਉਨ੍ਹਾਂ ਉੱਤੇ ਹੀ ਨਿਰਭਰ ਕਰਦਾ ਹੈ ਕਿ ਉਹ ਅਕਾਲੀ ਦਲ ਵਿੱਚ ਬਦਲਾਅ ਲਈ ਕੀ ਕਰਦੇ ਹਨ। ਵਿਰੋਧ ਕਰਨ ਵਾਲੇ ਆਗੂਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, ਮੌਜੂਦਾ ਪ੍ਰਧਾਨ ਨੂੰ ਚੁਣੌਤੀ ਦੇਣ ਲਈ ਇਕੱਠੇ ਹੋਏ ਆਗੂ ਆਪਣਾ ਸਮਾਂ ਵਿਹਾਅ ਚੁੱਕੇ ਹਨ। ਉਹ ਕਹਿੰਦੇ ਹਨ ਕਿ ਮੇਰਾ ਮੰਨਣਾ ਹੈ ਕਿ ਮੌਜੂਦਾ ਸਮੇਂ ਵਿੱਚ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਹੀ ਅਜਿਹਾ ਉੱਭਰਦਾ ਚਿਹਰਾ ਹਨ ਜੋ ਬਦਲ ਦੇ ਸਕਦੇ ਹਨ।

ਉਨ੍ਹਾਂ ਨੇ ਦੱਸਿਆ ਕਿ ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਬੀਬੀ ਜਗੀਰ ਕੌਰ ਸਣੇ ਇਹ ਸਾਰੇ ਆਗੂ ਅਕਾਲੀ ਦਲ ਦੇ ਨਿਘਾਰ ਵੇਲੇ ਪਾਰਟੀ ਵਿੱਚ ਹੀ ਸਨ ਅਤੇ ਸੱਤਾ ਦਾ ਸੁਖ ਮਾਣ ਰਹੇ ਸਨ।

# ਵਾਹ ਨੀ ਸਰਕਾਰੇ, ਝੂਠੇ ਨਿਕਲੇ ਤੇਰੇ ਲਾਰੇ !

# ਕੀ ਪੰਜਾਬੀਆਂ ਦੇ ਮਸਲੇ ਹੱਲ ਕਰਨ ’ਚ ਕਾਮਯਾਬ ਹੋਵੇਗੀ ‘ਆਪ’ ਸਰਕਾਰ ?

## ਮੌਜੂਦਾ ਸਮੇਂ ਪੰਜਾਬ ਦੀ ਸਿਆਸਤ ਵਿੱਚ ਵਹਿ ਰਹੀਆਂ ਨੇ ਪੰਥਕ ਅਤੇ ਕਾਂਗਰਸ ਦੀਆਂ ਵਿਰੋਧੀ ਲਹਿਰਾਂ

## ਪੰਜਾਬੀਆਂ ਨੂੰ ‘ਵੋਟ ਬੈਂਕ’ ਵਜੋਂ ਹੀ ਵਰਤ ਰਹੀਆਂ ਹਨ ਸਿਆਸੀ ਪਾਰਟੀਆਂ



ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਵਿੱਚ ਮੌਜੂਦਾ ਸਮੇਂ ਦੋ ਮੁੱਖ ਸਿਆਸੀ ਧਾਰਾਵਾਂ ਵਹਿ ਰਹੀਆਂ ਹਨ। ਲੋਕ ਸਭਾ ਚੋਣਾਂ ਦੌਰਾਨ ਜਿਥੇ ਪੰਜਾਬੀਆਂ ਨੇ ਕਾਂਗਰਸ ਨੂੰ 7 ਸੀਟਾਂ ’ਤੇ ਜਿੱਤ ਦਿਵਾਈ, ਉਥੇ ਹੀ ਦੋ ਪੰਥਕ ਉਮੀਦਵਾਰਾਂ ਨੂੰ ਵੀ ਪੰਜਾਬੀਆਂ ਨੇ ਬਹੁਮਤ ਨਾਲ ਜਿਤਾਇਆ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਪੰਥਕ ਧਿਰ ਅਤੇ ਕਾਂਗਰਸ ਅਸਲ ਵਿੱਚ ਇੱਕ ਦੂਜੇ ਦੀਆਂ ਮੁੱਖ ਵਿਰੋਧੀ ਧਾਰਾਵਾਂ ਹਨ ਪਰ ਪੰਜਾਬੀਆਂ ਵੱਲੋਂ ਇਹਨਾਂ ਦੋਵਾਂ ਨੂੰ ਹੁੰਗਾਰਾ ਭਰਿਆ ਜਾਣਾ ਪੰਜਾਬ ਦੀ ਸਿਆਸਤ ਦੇ ਭਵਿੱਖ ਬਾਰੇ ਚਾਨਣਾ ਪਾਉਂਦਾ ਹੈ। ਇਹਨਾਂ ਦੋਵਾਂ ਧਾਰਾਵਾਂ ਦੇ ਉਭਾਰ ਕਾਰਨ ਆਮ ਆਦਮੀ ਪਾਰਟੀ ਦੀ ਲਹਿਰ ਮੱਠੀ ਪੈ ਗਈ ਹੈ ਤੇ ਉਸ ਨੂੰ ਲੋਕ ਸਭਾ ਦੀਆਂ ਸਿਰਫ਼ ਤਿੰਨ ਸੀਟਾਂ ਤੱਕ ਹੀ ਪੰਜਾਬੀਆਂ ਨੇ ਸੀਮਿਤ ਕਰ ਦਿੱਤਾ ਹੈ। ਅਕਾਲੀ ਦਲ ਨੇ ਬਠਿੰਡਾ ਸੀਟ ਜਿੱਤ ਕੇ ਪਰਿਵਾਰ ਤਾਂ ਬਚਾ ਲਿਆ ਪਰ ਪੰਜਾਬ ਗੁਆ ਲਿਆ।

ਪੰਜਾਬ ਦੇ ਵਸਨੀਕਾਂ ਨੂੰ ਇਸ ਸਮੇਂ ਬੇਰੁਜ਼ਗਾਰੀ, ਨਸ਼ਾ, ਮਹਿੰਗਾਈ, ਮਿਲਾਵਟਖੋਰੀ, ਮਹਿੰਗੀ ਸਿੱਖਿਆ, ਪਰਵਾਸ, ਹਰ ਤਰ੍ਹਾਂ ਦਾ ਪ੍ਰਦੂਸ਼ਨ, ਨਕਲੀ ਸਮਾਨ, ਅਮਨ ਕਾਨੂੰਨ ਦੀ ਮਾੜੀ ਹਾਲਤ, ਖੂਨ ਪੀਣੀਆਂ ਸੜਕਾਂ, ਪੀਣ ਵਾਲੇ ਪਾਣੀ ਦੀ ਘਾਟ, ਦਰਿਆਈ ਪਾਣੀਆਂ ਦਾ ਰੇੜਕਾ, ਧਰਤੀ ਹੇਠ ਮੁੱਕ ਰਹੇ ਪਾਣੀ ਸਮੇਤ ਹੋਰ ਕਈ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਬਾਵਜੂਦ ਪੰਜਾਬ ਦੇ ਸੱਤਾਧਾਰੀ ਆਗੂ ਅਤੇ ਵਿਰੋਧੀ ਸਿਆਸੀ ਆਗੂ ਇਹਨਾਂ ਸਮੱਸਿਆਵਾਂ ਦਾ ਹੱਲ ਕਰਨ ਦੀ ਥਾਂ ਬੇਲੋੜੇ ਵਿਵਾਦਾਂ ਅਤੇ ਨਿੱਜੀ ਦੂਸ਼ਣਬਾਜੀ ਵਿੱਚ ਉਲਝੇ ਹੋਏ ਨਜ਼ਰ ਆ ਰਹੇ ਹਨ। ਇਸੇ ਕਾਰਨ ਵੱਡੀ ਗਿਣਤੀ ਪੰਜਾਬੀ ਕਹਿ ਰਹੇ ਹਨ ਕਿ ਪੰਜਾਬੀਆਂ ਦੇ ਵੱਡੇ ਮਸਲੇ ਇਸ ਸਮੇਂ ਫਿਰ ਠੰਡੇ ਬਸਤੇ ਵਿੱਚ ਪੈ ਗਏ ਹਨ। ਹੁਣ ਪੰਜਾਬੀ ਵੀ ਮਹਿਸੂਸ ਕਰਨ ਲੱਗ ਪਏ ਹਨ ਕਿ ਸਿਆਸੀ ਪਾਰਟੀਆਂ ਨੂੰ ਸਿਰਫ਼ ਚੋਣਾਂ ਸਮੇਂ ਹੀ ਉਹਨਾਂ ਦੇ ਮਸਲੇ ਅਤੇ ਸਮੱਸਿਆਵਾਂ ਚੇਤੇ ਆਉਂਦੀਆਂ ਹਨ, ਸੱਤਾ ਪ੍ਰਾਪਤੀ ਤੋਂ ਬਾਅਦ ਸਿਆਸੀ ਪਾਰਟੀਆਂ ਨੂੰ ਸਭ ਕੁੱਝ ਭੁੱਲ ਜਾਂਦਾ ਹੈ।

ਪੰਜਾਬ ’ਚ ਕਣਕ ਝੋਨੇ ਦੇ ਫਸਲੀ ਚੱਕਰ ਵਾਂਗੂੰ ਹੀ ਅਕਾਲੀ ਦਲ ਅਤੇ ਕਾਂਗਰਸ ਦੇ ਸਿਆਸੀ ਚੱਕਰ ’ਚ ਉਲਝੇ ਵੱਡੀ ਗਿਣਤੀ ਪੰਜਾਬੀਆਂ ਨੇ ਪੰਜਾਬ ਦੀ ਸਿਆਸਤ ’ਚ ਤੀਜਾ ਬਦਲ ਲਿਆਉਂਦਿਆਂ ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ ਸੱਤਾ ਸੌਂਪੀ ਸੀ। ਸੱਤਾ ਪ੍ਰਾਪਤ ਕਰਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਵੀ ਪੰਜਾਬ ਵਿੱਚ ਵੱਡਾ ਬਦਲਾਓ ਲਿਆਉਣ ਦਾ ਵਾਅਦਾ ਕੀਤਾ ਸੀ। ਹੁਣ ਵਿਰੋਧੀ ਧਿਰਾਂ ਦੋਸ਼ ਲਗਾ ਰਹੀਆਂ ਹਨ ਕਿ ਪੰਜਾਬ ਦੀ ਆਪ ਸਰਕਾਰ ਹੁਣ ਤੱਕ ਦੀ ਕਾਰਗੁਜ਼ਾਰੀ ਦੌਰਾਨ ਪੰਜਾਬ ’ਚ ਕੋਈ ਵੱਡਾ ਬਦਲਾਓ ਲਿਆਉਣ ਵਿੱਚ ਕਾਮਯਾਬ ਨਹੀਂ ਹੋਈ।

‘ਆਪ’ ਸਰਕਾਰ ਨੇ ਅਨੇਕਾਂ ਬੇਰੁਜ਼ਗਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਦਾਅਵਾ ਵੀ ਕੀਤਾ ਹੈ ਪਰ ਪੰਜਾਬ ’ਚ ਅਜੇ ਵੀ ਹਜ਼ਾਰਾਂ ਨੌਜਵਾਨਾਂ ਕੋਲ ਕੋਈ ਕੰਮ ਧੰਦਾ ਨਾ ਹੋਣ ਕਾਰਨ ਉਹ ਵਿਹਲੇ ਫਿਰਦੇ ਹਨ। ਵਿਹਲੇ ਨੌਜਵਾਨ ਕਿਸੇ ਸਮੇਂ ਵੀ ਸਮਾਜ ਲਈ ਵੱਡੀ ਸਮੱਸਿਆ ਬਣ ਸਕਦੇ ਹਨ। ਪੰਜਾਬ ਦੇ ਸਿਆਸੀ ਆਗੂਆਂ ਵੱਲੋਂ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਹੱਲ ਲਈ ਸਾਂਝੇ ਯਤਨਾਂ ਦੀ ਥਾਂ ਹੋਰਨਾਂ ਮੁੱਦਿਆਂ ’ਤੇ ਪੰਜਾਬੀਆਂ ਦਾ ਧਿਆਨ ਭਟਕਾਇਆ ਜਾ ਰਿਹਾ ਹੈ। ਹੁਣ ਪੰਜਾਬ ਦੇ ਆਮ ਲੋਕਾਂ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਸਿਆਸੀ ਆਗੂ ਉਹਨਾਂ ਨੂੰ ਸਿਰਫ਼ ‘ਵੋਟ ਬੈਂਕ’ ਸਮਝਦੇ ਹਨ ਅਤੇ ਆਮ ਲੋਕਾਂ ਦੀਆਂ ਤਕਲੀਫ਼ਾਂ ਅਤੇ ਮਸਲਿਆਂ ਸਬੰਧੀ ਵੱਖ- ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਪਹੁੰਚ ਨਾਂਹਪੱਖੀ ਹੈ। ਭਾਵੇਂ ਇਸ ਸਮੇਂ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦੇ ਆਗੂਆਂ ਦੇ ਹਰ ਦਿਨ ਬਿਆਨ ਜਾਰੀ ਹੋ ਰਹੇ ਹਨ ਪਰ ਆਮ ਲੋਕ ਪੰਜਾਬ ਦੀ ਅਜੋਕੀ ਸਿਆਸਤ ਤੋਂ ਕੁਝ ਹੱਦ ਤੱਕ ਨਿਰਾਸ਼ ਦਿਖਾਈ ਦੇ ਰਹੇ ਹਨ।

ਆਮ ਲੋਕਾਂ ਦਾ ਕਹਿਣਾ ਹੈ ਕਿ ਭਾਵੇਂ ਪੰਜਾਬ ਵਿੱਚ ਮੌਸਮ ਵਾਂਗੂੰ ਸਰਕਾਰ ਬਦਲ ਜਾਂਦੀ ਹੈ ਪਰ ਪੰਜਾਬੀਆਂ ਦੇ ਮਸਲੇ ਰੁੱਖਾਂ ਵਾਂਗੂੰ ਖੜੇ ਰਹਿੰਦੇ ਹਨ। ਪੰਜਾਬੀਆਂ ਦਾ ਕਹਿਣਾ ਹੈ ਕਿ ਪੰਜਾਬ ’ਚ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ ਪਰ ਪੰਜਾਬ ਵਿੱਚ ਅਫ਼ਸਰਸ਼ਾਹੀ ਤਾਂ ਉਹੀ ਰਹਿੰਦੀ ਹੈ। ਪੰਜਾਬ ਦੇ ਕੁਝ ਸੂਝਵਾਨ ਆਗੂ ਇਹ ਵੀ ਦੋਸ਼ ਲਗਾਉਂਦੇ ਹਨ ਕਿ ਅਸਲ ਵਿੱਚ ਪੰਜਾਬ ਦੀ ਅਫ਼ਸਰਸ਼ਾਹੀ ਹੀ ਪੰਜਾਬ ਦੀ ਸਰਕਾਰ ਨੂੰ ਚਲਾਉਂਦੀ ਹੈ। ਇਸੇ ਕਾਰਨ ਪੰਜਾਬੀਆਂ ਦੇ ਮਸਲੇ ਲੰਬੇ ਸਮੇਂ ਤੋਂ ਲਮਕ ਰਹੇ ਹਨ। ਪੰਜਾਬ ਦੇ ਵਿਰੋਧੀ ਆਗੂ ਤਾਂ ਇਹ ਦੋਸ਼ ਵੀ ਲਗਾ ਰਹੇ ਹਨ ਕਿ ਪੰਜਾਬ ਦੀ ਸਰਕਾਰ ਦਿੱਲੀ ਤੋਂ ਚੱਲ ਰਹੀ ਹੈ, ਹੁਣ ਇਸ ਗੱਲ ਵਿੱਚ ਕਿੰਨੀ ਕੁ ਸੱਚਾਈ ਹੈ ਇਹ ਤਾਂ ਦੋਸ਼ ਲਗਾਉਣ ਵਾਲੇ ਹੀ ਜਾਣਦੇ ਹੋਣਗੇ।

ਦੂਜੇ ਪਾਸੇ ਕੁਝ ਲੋਕ ਅਜਿਹੇ ਵੀ ਹਨ ਜੋ ਕਿ ਪੰਜਾਬ ਦੀਆਂ ਪ੍ਰਾਪਤੀਆਂ ਗਿਣਾ ਰਹੇ ਹਨ। ਅਜਿਹੇ ਲੋਕਾਂ ਦਾ ਕਹਿਣਾ ਹੈ ਕਿ ਆਪ ਸਰਕਾਰ ਨੇ ਪੰਜਾਬ ’ਚ 300 ਯੂਨਿਟ ਪ੍ਰਤੀ ਮਾਫ਼ ਕਰਕੇ ਪੰਜਾਬੀਆਂ ਨਾਲ ਕੀਤਾ ਹੋਇਆ ਵੱਡਾ ਵਾਅਦਾ ਪੂਰਾ ਕੀਤਾ ਹੈ। ਸੱਤਾਧਾਰੀ ਧਿਰ ਦੇ ਆਗੂ ਇਹ ਵੀ ਦਾਅਵਾ ਕਰਦੇ ਹਨ ਕਿ ਪੰਜਾਬ ਵਿੱਚ ਆਪ ਸਰਕਾਰ ਨੇ ਹੋਰ ਵੀ ਲੋਕ ਭਲਾਈ ਦੇ ਵੱਡੇ ਕੰਮ ਕੀਤੇ ਹਨ। ਦੂਜੇ ਪਾਸੇ ਵਿਰੋਧੀ ਧਿਰ ਦੇ ਆਗੂ ਇਸ ਸਰਕਾਰ ਨੂੰ ਹਰ ਫਰੰਟ ’ਤੇ ਫ਼ੇਲ੍ਹ ਦਸ ਰਹੇ ਹਨ।

ਇਸ ਤੋਂ ਇਲਾਵਾ ਪੰਜਾਬ ਦੀ ਸਿਆਸਤ ਵਿੱਚ ਸਿਆਸੀ ਆਗੂਆਂ ਵੱਲੋਂ ਇੱਕ ਦੂਜੇ ’ਤੇ ਕੀਤੀ ਜਾਂਦੀ ਨਿੱਜੀ ਦੂਸ਼ਣਬਾਜੀ ਨੂੰ ਵੀ ਆਮ ਲੋਕ ਠੀਕ ਨਹੀਂ ਮੰਨ ਰਹੇ। ਆਮ ਪੰਜਾਬੀਆਂ ਦਾ ਕਹਿਣਾ ਹੈ ਕਿ ਸਿਆਸੀ ਆਗੂਆਂ ਨੂੰ ਇੱਕ ਦੂਜੇ ’ਤੇ ਨਿੱਜੀ ਚਿੱਕੜ ਸੁੱਟਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਹੁਣ ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ ਕਿ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਆਪਣੇ ਰਹਿੰਦੇ ਕਾਰਜਕਾਲ ਦੌਰਾਨ ਪੰਜਾਬੀਆਂ ਦੇ ਅਹਿਮ ਮਸਲੇ ਹੱਲ ਕਰਨ ਵਿੱਚ ਕਿੰਨੀ ਕੁ ਕਾਮਯਾਬ ਹੁੰਦੀ ਹੈ ? ਜੇ ਅਜੇ ਵੀ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸਿਆਸੀ ਕੰਧ ’ਤੇ ਲਿਖਿਆ ਮਜ਼ਮੂਨ ਨਾ ਪੜ੍ਹਿਆ ਤਾਂ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪੰਥਕ ਧਿਰ, ਕਾਂਗਰਸ ਦੀਆਂ ਲਹਿਰਾਂ ਅੱਗੇ ਆਮ ਆਦਮੀ ਪਾਰਟੀ ਦਾ ਭਵਿੱਖ ਕੀ ਹੋਵੇਗਾ ? ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

### ਦਿੱਲੀ ਦੇ ਮੁੱਖ ਮੰਤਰੀ 'ਤੇ ਈ.ਡੀ. ਦੇ ਨਾਲ ਹੁਣ ਸੀ.ਬੀ.ਆਈ. ਨੇ ਕੱਸਿਆ ਸ਼ਿਕੰਜਾ

# ਕੇਜਰੀਵਾਲ ਨੂੰ ਕੀਤਾ ਗ੍ਰਿਫ਼ਤਾਰ, ਅਦਾਲਤ 'ਚ ਵਿਗੜੀ ਸਿਹਤ

ਨਵੀਂ ਦਿੱਲੀ/ਏ.ਟੀ.ਨਿਊਜ਼

ਸੀ.ਬੀ.ਆਈ. ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਆਬਕਾਰੀ ਘਪਲੇ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਪਹਿਲਾਂ ਦਿੱਲੀ ਦੀ ਅਦਾਲਤ ਨੇ ਸੀ.ਬੀ.ਆਈ. ਨੂੰ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ। ਮੁੱਖ ਮੰਤਰੀ ਨੂੰ ਤਿਹਾੜ ਜੇਲ੍ਹ ਪ੍ਰਸ਼ਾਸਨ ਨੇ ਵਿਸ਼ੇਸ਼ ਜੱਜ ਅਮਿਤਾਭ ਰਾਵਤ ਦੇ ਸਾਹਮਣੇ ਪੇਸ਼ ਕੀਤਾ, ਜਿੱਥੇ ਸੀ.ਬੀ.ਆਈ. ਨੇ ਉਸ ਤੋਂ ਪੁੱਛ ਪੜਤਾਲ ਕਰਨ ਲਈ ਉਸ ਦੀ ਹਿਰਾਸਤ ਦੀ ਮੰਗ ਕੀਤੀ। ਸੀਬੀਆਈ ਨੇ ਮੰਗਲਵਾਰ ਸ਼ਾਮ ਨੂੰ ਤਿਹਾੜ ਜੇਲ੍ਹ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਤੋਂ ਪੁੱਛ ਪੜਤਾਲ ਕੀਤੀ ਸੀ।

ਇਸੇ ਦੌਰਾਨ ਸ਼ਰਾਬ ਘਪਲੇ ਮਾਮਲੇ ਵਿੱਚ ਘਿਰੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰੌਜ਼ ਐਵੇਨਿਊ ਕੋਰਟ 'ਚ ਪੇਸ਼ੀ ਤੋਂ ਬਾਅਦ ਅਚਾਨਕ ਸਿਹਤ ਵਿਗੜ ਗਈ।



ਜਾਣਕਾਰੀ ਮੁਤਾਬਕ ਸੀ.ਬੀ.ਆਈ. ਨੇ ਉਸ ਨੂੰ ਕੋਰਟ ਤੋਂ ਹੀ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਬਾਅਦ ਅਰਵਿੰਦ ਕੇਜਰੀਵਾਲ ਦਾ ਸ਼ੂਗਰ ਲੈਵਲ ਘੱਟ ਹੋ ਗਿਆ। ਸਿਹਤ ਖ਼ਰਾਬ ਹੋਣ ਕਾਰਨ ਉਨ੍ਹਾਂ ਨੂੰ ਕੋਰਟ ਰੂਮ ਤੋਂ ਬਾਹਰ ਲਿਆਂਦਾ ਗਿਆ ਅਤੇ ਦੂਜੇ ਕਮਰੇ ਵਿਚ ਚਾਹ ਅਤੇ ਬਿਸਕੁਟ ਦਿੱਤੇ ਗਏ।

ਇਸੇ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਥਿਤ ਆਬਕਾਰੀ ਘੁਟਾਲੇ ਨਾਲ ਸਬੰਧਤ ਮਾਮਲੇ ਵਿੱਚ ਹੇਠਲੀ ਅਦਾਲਤ ਦੇ ਜ਼ਮਾਨਤ ਆਦੇਸ਼ 'ਤੇ ਦਿੱਲੀ ਹਾਈ ਕੋਰਟ ਦੇ ਅੰਤਰਿਮ ਰੋਕ ਨੂੰ ਚੁਣੌਤੀ ਦੇਣ ਵਾਲੀ ਆਪਣੀ ਪਟੀਸ਼ਨ ਸੁਪਰੀਮ ਕੋਰਟ ਤੋਂ ਵਾਪਸ ਲੈ ਲਈ ਹੈ। ਜਸਟਿਸ ਮਨੋਜ ਮਿਸ਼ਰਾ ਅਤੇ ਜਸਟਿਸ ਐਸਵੀਐਨ ਭੱਟੀ ਦੀ ਛੁੱਟੀ ਵਾਲੇ ਬੈਂਚ ਨੇ ਕੇਜਰੀਵਾਲ ਨੂੰ ਆਪਣੀ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦਿੱਤੀ। ਕੇਜਰੀਵਾਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਬੈਂਚ ਨੂੰ ਦੱਸਿਆ ਕਿ ਕਿਉਂਕਿ ਹਾਈ ਕੋਰਟ ਨੇ 25 ਜੂਨ ਨੂੰ ਵਿਸਥਾਰਤ ਹੁਕਮ ਦਿੱਤਾ ਸੀ, ਇਸ ਲਈ ਉਹ ਠੋਸ ਅਪੀਲ ਦਾਇਰ ਕਰਨਾ ਚਾਹੁੰਦੇ ਹਨ।

ਸਿੰਘਵੀ ਨੇ ਬੈਂਚ ਨੂੰ ਕਿਹਾ ਕਿ ਹਰ ਰੋਜ਼ ਨਵੇਂ ਘਟਨਾਕ੍ਰਮ ਹੋ ਰਹੇ ਹਨ ਅਤੇ ਹੁਣ ਕੇਜਰੀਵਾਲ ਨੂੰ ਸੀ.ਬੀ.ਆਈ. ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਨੇ ਕਿਹਾ, 'ਅਸੀਂ ਸਾਰੀਆਂ ਸਬੰਧਿਤ ਜਾਣਕਾਰੀਆਂ ਨੂੰ ਰਿਕਾਰਡ 'ਤੇ ਲਿਆਉਣ ਅਤੇ ਹਾਈ ਕੋਰਟ ਦੇ 25 ਜੂਨ ਦੇ ਹੁਕਮਾਂ ਨੂੰ ਚੁਣੌਤੀ ਦੇਣ ਲਈ ਠੋਸ ਅਪੀਲ ਦਾਇਰ ਕਰਨਾ ਚਾਹੁੰਦੇ ਹਾਂ।' ਹਾਈ ਕੋਰਟ ਨੇ 25 ਜੂਨ ਦੇ ਆਪਣੇ ਹੁਕਮ ਵਿੱਚ ਹੇਠਲੀ ਅਦਾਲਤ ਦੇ ਜ਼ਮਾਨਤ ਦੇ ਹੁਕਮਾਂ 'ਤੇ ਰੋਕ ਬਰਕਰਾਰ ਰੱਖੀ। ਬੈਂਚ ਨੇ ਦਲੀਲਾਂ 'ਤੇ ਗੌਰ ਕੀਤਾ ਅਤੇ ਸਿੰਘਵੀ ਨੂੰ ਅਪੀਲ ਦਾਇਰ ਕਰਨ ਦੀ ਆਜ਼ਾਦੀ ਦਿੱਤੀ।

# ਓਮ ਬਿਰਲਾ ਲਗਾਤਾਰ ਦੂਜੀ ਵਾਰ ਚੁਣੇ ਗਏ ਲੋਕ ਸਭਾ ਦੇ ਸਪੀਕਰ



ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਜਪਾ ਦੇ ਸੰਸਦ ਮੈਂਬਰ ਓਮ ਬਿਰਲਾ ਨੂੰ ਜ਼ੁਬਾਨੀ ਵੋਟਾਂ ਰਾਹੀਂ ਲੋਕ ਸਭਾ ਦਾ ਸਪੀਕਰ ਚੁਣ ਲਿਆ ਗਿਆ। ਉਹ ਦੂਜੀ ਵਾਰ ਇਹ ਜ਼ਿੰਮੇਵਾਰੀ ਸੰਭਾਲ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਪੀਕਰ ਦੇ ਅਹੁਦੇ ਲਈ ਸ੍ਰੀ ਬਿਰਲਾ ਦੇ ਨਾਂ ਦਾ ਪ੍ਰਸਤਾਵ ਰੱਖਿਆ, ਜਿਸ ਦੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਤਾਈਦ ਕੀਤੀ। ਇਸ ਪ੍ਰਸਤਾਵ ਨੂੰ ਪ੍ਰੋ-ਟੈਮ ਸਪੀਕਰ (ਐਕਟਿੰਗ ਸਪੀਕਰ) ਭਰਤੂਹਰੀ ਮਹਿਤਾਬ ਵੱਲੋਂ ਸਦਨ ਵਿੱਚ ਵੋਟਿੰਗ ਲਈ ਰੱਖਿਆ ਗਿਆ ਸੀ ਅਤੇ ਸਦਨ ਨੇ ਇਸ ਨੂੰ ਜ਼ੁਬਾਨੀ ਵੋਟ ਰਾਹੀਂ ਪਾਸ ਕਰ ਦਿੱਤਾ ਗਿਆ। ਇਸ ਤੋਂ ਬਾਅਦ ਕਾਰਜਕਾਰੀ ਸਪੀਕਰ ਮਹਿਤਾਬ ਨੇ ਬਿਰਲਾ ਦੇ ਲੋਕ ਸਭਾ ਦਾ ਸਪੀਕਰ ਚੁਣੇ ਜਾਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਸ੍ਰੀ ਬਿਰਲਾ ਨੂੰ ਸਪੀਕਰ ਦੀ ਕੁਰਸੀ ਤੱਕ ਲੈ ਗਏ। ਇਸ ਤੋਂ ਪਹਿਲਾਂ ਸ੍ਰੀ ਮੋਦੀ ਤੇ ਰਾਹੁਲ ਨੇ ਹੱਥ ਮਿਲਾਇਆ, ਜਦੋਂ ਬਿਰਲਾ ਨੇ ਅਹੁਦਾ ਸੰਭਾਲਿਆ ਤਾਂ ਸ੍ਰੀ ਮੋਦੀ, ਸ੍ਰੀ ਰਾਹੁਲ ਗਾਂਧੀ ਅਤੇ ਸ੍ਰੀ ਰਿਜਿਜੂ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

# ਦਿੱਲੀ ਅੰਦਰ ਸਾਲ 2021 ਦੌਰਾਨ ਬਲਾਤਕਾਰ ਦੇ ਦਰਜ ਕੀਤੇ ਗਏ 2076 ਮਾਮਲੇ

ਨਵੀਂ ਦਿੱਲੀ/ਏ.ਟੀ.ਨਿਊਜ਼ : ਸਾਡਾ ਦੇਸ਼ ਭਾਰਤ ਕਹਿਣ ਨੂੰ ਤਾਂ ਭਾਵੇਂ ਦੁਨੀਆਂ ਦਾ ਸੱਭ ਤੋਂ ਵੱਡਾ ਲੋਕਤੰਤਰ ਹੈ ਪਰ ਸੰਸਾਰ ਦੀਆਂ ਮੀਡੀਆ ਰਿਪੋਰਟਾਂ ਅਨੁਸਾਰ ਸਾਡਾ ਦੇਸ਼ ਬਲਾਤਕਾਰਾਂ ਦੀ ਰਾਜਧਾਨੀ ਬਣ ਚੁਕਿਆ ਹੈ ਜਿੱਥੇ ਹਰ ਸਾਲ ਦੇਸ਼ੀ ਵਿਦੇਸ਼ੀ ਟੂਰਿਸਟ ਔਰਤਾਂ ਨਾਲ ਹੀ ਵੱਡੀ ਗਿਣਤੀ 'ਚ ਬਲਾਤਕਾਰ ਕੀਤੇ ਜਾਂਦੇ ਹਨ। ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਭਾਰਤ ਸਰਕਾਰ ਵਲੋਂ ਬਲਾਤਕਾਰਾਂ ਨਾਲ ਸਬੰਧਤ



ਅੰਕੜੇ ਜਾਰੀ ਕਰਦਿਆਂ ਦਸਿਆ ਗਿਆ ਹੈ ਕਿ ਪੰਜਾਬ ਅੰਦਰ ਸਾਲ 2022 ਦੌਰਾਨ ਬਲਾਤਕਾਰ ਦੇ 227 ਮਾਮਲੇ ਦਰਜ ਕੀਤੇ ਗਏ ਜਦ ਕਿ ਸਾਲ 2021 ਦੌਰਾਨ ਇਨ੍ਹਾਂ ਦੀ ਗਿਣਤੀ 162 ਸੀ।ਇਸੇ ਤਰ੍ਹਾਂ ਪੰਜਾਬ ਦੇ ਨਾਲ ਲਗਦੇ ਸੂਬੇ ਹਰਿਆਣਾ ਅੰਦਰ ਸਾਲ 2022 ਦੌਰਾਨ ਬਲਾਤਕਾਰ ਦੇ 246 ਮਾਮਲੇ ਦਰਜ ਕੀਤੇ ਗਏ ਜਦ ਕਿ ਸਾਲ 2021 ਦੌਰਾਨ ਇਨ੍ਹਾਂ ਦੀ ਗਿਣਤੀ ਸਿਰਫ 79 ਸੀ। ਇਸੇ ਤਰ੍ਹਾਂ ਦੀ ਇੱਕ ਹੋਰ ਰਿਪੋਰਟ ਅਨੁਸਾਰ ਪੰਜਾਬ ਅੰਦਰ ਸਾਲ 2023 ਦੌਰਾਨ ਔਰਤਾਂ ਵਿਰੁੱਧ ਅਪਰਾਧ ਦੇ 5572 ਮਾਮਲੇ ਦਰਜ ਕੀਤੇ ਗਏ ਜਦਕਿ ਸਾਲ 2024 ਦੌਰਾਨ ਇਸੇ ਤਰ੍ਹਾਂ ਦੇ ਕੁੱਲ 5662 ਅਪਰਾਧਕ ਮਾਮਲੇ ਦਰਜ ਕੀਤੇ ਗਏ ਜਿਹੜੇ ਪਹਿਲੇ ਸਾਲ ਨਾਲੋਂ 90 ਘੱਟ ਹਨ।ਬਾਕੀ ਦੇਸ਼ ਅੰਦਰ ਬਲਾਤਕਾਰ ਵਰਗੇ ਘਿਨਾਉਣੇ ਅਪਰਾਧਾਂ ਦੀ ਸੰਖਿਆ 4 ਫ਼ੀ ਸਦੀ ਸਲਾਨਾ ਦੀ ਦਰ ਨਾਲ ਵਧ ਰਹੀ ਹੈ ਜਦ ਕਿ ਪੰਜਾਬ ਅੰਦਰ ਇਹ ਦਰ ਦੇਸ਼ ਦੀ ਕੁੱਲ ਔਸਤ ਨਾਲੋਂ 1.5 ਫੀ ਸਦੀ ਸਲਾਨਾ ਦੀ ਦਰ ਨਾਲ ਘੱਟ ਦਰਜ ਕੀਤੀ ਗਈ ਹੈ।

ਰਾਜਧਾਨੀ ਦਿੱਲੀ ਅੰਦਰ ਸਾਲ 2021 ਦੌਰਾਨ ਬਲਾਤਕਾਰ ਦੇ 2076 ਮਾਮਲੇ ਦਰਜ ਕੀਤੇ ਗਏ ਜਦਕਿ ਸਾਲ 2022 ਦੌਰਾਨ ਕੁੱਲ 1212 ਮਾਮਲੇ ਦਰਜ ਕੀਤੇ ਗਏ। ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਅਨੁਸਾਰ ਦਿੱਲੀ ਵਿੱਚ ਹਰ ਰੋਜ਼ ਬਲਾਤਕਾਰਾਂ ਦੇ ਤਿੰਨ ਕੇਸ ਦਰਜ ਕੀਤੇ ਜਾਂਦੇ ਹਨ ਜਿਸ ਤੋਂ ਪਤਾ ਚਲਦਾ ਹੈ ਕਿ ਔਰਤਾਂ ਲਈ ਸਾਡੀ ਕੌਮੀ ਰਾਜਧਾਨੀ ਦਿੱਲੀ ਦੇਸ਼ ਦੇ ਬਾਕੀ ਸਾਰੇ ਸ਼ਹਿਰਾਂ ਨਾਲੋਂ ਸੱਭ ਤੋਂ ਵੱਧ ਅਸੁੱਰਖਿਅਤ ਸ਼ਹਿਰ ਹੈ।

# ਹਿਮਾਲਿਆ 'ਚ ਬਰਫ਼ ਦੀ ਕਮੀ ਕਾਰਨ ਪਾਣੀ ਦਾ ਸੰਕਟ ਪੈਦਾ ਹੋਣ ਦੀ ਸੰਭਾਵਨਾ

## ਗਰਮੀ ਕਾਰਨ ਪਿਘਲੇ ਗਲੇਸ਼ੀਅਰ, ਬਿਆਸ ਦਰਿਆ ਦਾ ਵਧ ਗਿਆ ਪਾਣੀ

## ਵਿਗਿਆਨੀਆਂ ਨੇ ਦਿੱਤੀ ਚਿਤਾਵਨੀ ਕਿ ਹਿਮਾਲਿਆ ਦੀ ਬਰਫ਼ ਪਿਘਲਣ ਕਾਰਨ ਪਾਣੀ ਦਾ ਸੰਕਟ ਹੋਵੇਗਾ

ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਪਾਣੀ ਲਈ ਹਿਮਾਲਿਆ ਦੀ ਬਰਫ਼ ਪਿਘਲਣ ਉੱਪਰ ਨਿਰਭਰ ਕਰੋੜਾਂ ਲੋਕਾਂ ਨੂੰ ਇਸ ਸਾਲ ਪਾਣੀ ਦੀ ਭਾਰੀ ਕਮੀ ਦਾ ਸਾਹਮਣਾ ਕਰਨ ਪੈ ਸਕਦਾ ਹੈ। ਮਾਹਿਰ ਇਸ ਲਈ ਜਲਵਾਯੂ ਤਬਦੀਲੀ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਅਜਿਹੀ ਸਥਿਤੀ ਇਸ ਲਈ ਪੈਦਾ ਹੋਈ ਹੈ ,ਕਿਉਂਕਿ ਇਸ ਸਾਲ ਇਤਿਹਾਸਕ ਤੌਰ 'ਤੇ ਇਸ ਸਾਲ ਬਹੁਤ ਘੱਟ ਬਰਫਬਾਰੀ ਹੋਈ ਹੈ। ਹੁਣੇ ਜਿਹੇ ਜਾਰੀ ਹੋਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਘਲਦੀ ਹੋਈ ਬਰਫ ਉਨ੍ਹਾਂ 12 ਪ੍ਰਮੁੱਖ ਨਦੀ ਪ੍ਰਣਾਲੀਆਂ ਵਿਚੋਂ ਲਗਭਗ ਇੱਕ ਚੌਥਾਈ ਪ੍ਰਣਾਲੀਆਂ ਦੇ ਪਾਣੀ ਦੇ ਕੁੱਲ ਵਹਾਅ ਦਾ ਸਰੋਤ ਹੈ, ਜਿਨ੍ਹਾਂ ਦਾ ਉਦੈ ਏਸ਼ੀਆ ਦੇ ਹਿਮਾਲਿਆ ਤੋਂ ਹੁੰਦਾ ਹੈ।

ਰਿਪੋਰਟ ਦੇ ਲੇਖਕ ਸ਼ੇਰ ਮੁਹੰਮਦ ਨੇ ਕਿਹਾ ਕਿ ਨਦੀਆਂ ਦੇ ਹੇਠਲੇ ਪਾਸੇ ਰਹਿਣ ਵਾਲੇ ਲੋਕਾਂ ਲਈ ਖ਼ਤਰੇ ਦੀ ਘੰਟੀ ਹੈ। ਸ਼ੇਰ ਮੁਹੰਮਦ ਨੇਪਾਲ ਸਥਿਤ ਇੰਟਰਨੈਸ਼ਨਲ ਸੈਂਟਰ ਫਾਰ ਇੰਟੀਗ੍ਰੇਟਿਡ ਮਾਊਂਟੇਨ ਡਿਵੈਲਪਮੈਂਟ ਵਿੱਚ ਕੰਮ ਕਰਦਾ ਹੈ। ਉਸਨੇ ਕਿਹਾ ਕਿ ਘੱਟ ਬਰਫ਼ ਜਮਾਂ ਹੋਣ ਅਤੇ ਬਰਫ਼ ਦੇ ਪੱਧਰ ਵਿੱਚ ਉਤਰਾਅ-ਚੜ੍ਹਾਅ ਕਾਰਨ ਪਾਣੀ ਦੀ ਕਮੀ ਦਾ ਬਹੁਤ ਗੰਭੀਰ ਖ਼ਤਰਾ ਹੈ, ਖਾਸ ਕਰਕੇ ਇਸ ਸਾਲ।

ਇੰਟਰਨੈਸ਼ਨਲ ਸੈਂਟਰ ਫਾਰ ਇੰਟੀਗ੍ਰੇਟਿਡ ਮਾਊਂਟੇਨ ਡਿਵੈਲਪਮੈਂਟ ਦੇ ਅਨੁਸਾਰ, ਮੌਸਮ ਵਿੱਚ ਤਬਦੀਲੀ ਕਾਰਨ ਬਾਰਸ਼ ਅਨਿਯਮਿਤ ਹੋ ਗਈ ਹੈ ਅਤੇ ਮੌਸਮ ਦਾ ਪੈਟਰਨ ਵੀ ਬਦਲ ਰਿਹਾ ਹੈ।

ਰਿਪੋਰਟ ਵਿੱਚ 'ਬਰਫ਼ ਦੀ ਸਥਿਰਤਾ'ਅਰਥਾਤ ਬਰਫ ਦੇ ਜ਼ਮੀਨ ਉੱਪਰ ਰਹਿਣ ਦੇ ਸਮੇਂ ਨੂੰ ਵੀ ਮਾਪਿਆ ਗਿਆ ਹੈ ਅਤੇ ਪਾਇਆ ਗਿਆ ਹੈ ਕਿ ਇਸ ਸਾਲ ਹਿੰਦੂ ਕੁਸ਼ ਅਤੇ ਹਿਮਾਲੀਅਨ ਖੇਤਰ ਵਿੱਚ ਇਸ ਦਾ ਪੱਧਰ ਆਮ ਤੋਂ ਲਗਭਗ ਪੰਜਵੇਂ ਹਿੱਸੇ ਤੱਕ ਡਿੱਗ ਗਿਆ ਹੈ। ਹਿੰਦੂ ਕੁਸ਼ ਹਿਮਾਲਿਆ ਵਿੱਚ ਇਸ ਸਾਲ ਬਰਫਬਾਰੀ ਵਿੱਚ ਰਿਕਾਰਡ ਗਿਰਾਵਟ ਕਾਰਨ ਨੀਵੇਂ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਪਾਣੀ ਦੀ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਨੇਪਾਲ ਸਥਿਤ ਅੰਤਰ-ਸਰਕਾਰੀ ਸੰਸਥਾ ਇੰਟਰਨੈਸ਼ਨਲ ਸੈਂਟਰ ਫਾਰ ਇੰਟੈਗਰੇਟਿਡ ਮਾਊਂਟੇਨ ਡਿਵੈਲਪਮੈਂਟ ਦੇ ਪ੍ਰਮੁੱਖ ਮਾਹਿਰਾਂ ਨੇ ਜਲ ਪ੍ਰਬੰਧਨ ਅਥਾਰਟੀਆਂ ਨੂੰ ਸੋਕਾ ਪ੍ਰਬੰਧਨ ਰਣਨੀਤੀਆਂ ਅਤੇ ਸੰਕਟਕਾਲੀਨ ਜਲ ਸਪਲਾਈ ਉਪਾਅ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ।

ਹਿੰਦੂ ਕੁਸ਼ ਹਿਮਾਲਿਆਈ ਖੇਤਰ ਧਰਤੀ ਦੀ ਸਤ੍ਹਾ 'ਤੇ ਜੰਮੇ ਹੋਏ ਪਾਣੀ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ, ਜਿਸ ਵਿੱਚ ਬਰਫ ਪਰਮਾਫ੍ਰੌਸਟ (ਇੱਕ ਸਤ੍ਹਾ ਜੋ ਪੂਰੀ ਤਰ੍ਹਾਂ ਜੰਮੀ ਹੋਈ ਹੈ), ਬਰਫ ਦੇ ਪਹਾੜ, ਝੀਲਾਂ ਅਤੇ ਨਦੀਆਂ ਸ਼ਾਮਲ ਹਨ। ਇਹ ਜੰਮਿਆ ਹੋਇਆ ਪਾਣੀ ਹਿੰਦੂ ਕੁਸ਼ ਹਿਮਾਲੀਅਨ ਖੇਤਰ ਵਿੱਚ ਰਹਿਣ ਵਾਲੇ ਲਗਭਗ 24 ਕਰੋੜ ਲੋਕਾਂ ਲਈ ਤਾਜ਼ੇ ਪਾਣੀ ਦਾ ਇੱਕ ਮਹੱਤਵਪੂਰਨ ਸਰੋਤ ਹੈ ਅਤੇ ਹੇਠਲੇ ਖੇਤਰਾਂ ਵਿੱਚ ਰਹਿਣ ਵਾਲੇ ਲਗਭਗ 165 ਕਰੋੜ ਲੋਕਾਂ ਨੂੰ ਇਸ ਜੰਮੇ ਹੋਏ ਪਾਣੀ ਤੋਂ ਦੂਰਗਾਮੀ ਲਾਭ ਮਿਲਦਾ ਹੈ।ਹਿੰਦੂ ਕੁਸ਼ ਹਿਮਾਲਿਆ ਖੇਤਰ ਤੋਂ ਨਿਕਲਣ ਵਾਲੇ 12 ਪ੍ਰਮੁੱਖ ਨਦੀਆਂ ਦੇ ਬੇਸਿਨ ਵਿੱਚ ਕੁੱਲ ਪਾਣੀ ਦੇ ਵਹਾਅ ਦਾ ਲਗਭਗ 23 ਪ੍ਰਤੀਸ਼ਤ ਬਰਫ ਪਿਘਲ ਰਹੀ ਹੈ। ਹਾਲਾਂਕਿ, ਇਸ ਦਾ ਯੋਗਦਾਨ ਨਦੀ ਤੋਂ ਨਦੀ ਵਿੱਚ ਵੱਖਰਾ ਹੁੰਦਾ ਹੈ। ਅਮੂ ਦਰਿਆ 'ਚ ਪਾਣੀ ਦੇ ਵਹਾਅ 'ਚ 74 ਫ਼ੀ ਸਦੀ, ਹੇਲਮੰਦ ਦੇ ਵਹਾਅ ਵਿੱਚ 77 ਫ਼ੀ ਸਦੀ ਅਤੇ ਸਿੰਧੂ ਨਦੀ ਦੇ ਪਾਣੀ ਦੇ ਵਹਾਅ 'ਚ 40 ਫ਼ੀਸਦੀ ਬਰਫ ਪਿਘਲਣ ਦੀ ਹਿੱਸੇਦਾਰੀ ਹੈ।



ਰਿਪੋਰਟ ਮੁਤਾਬਕ ਇਸ ਸਾਲ ਪੂਰੇ ਖੇਤਰ ਵਿੱਚ ਬਰਫਬਾਰੀ ਦਾ ਪੱਧਰ ਆਮ ਨਾਲੋਂ ਪੰਜਵੇਂ ਹਿੱਸੇ ਤੋਂ ਵੀ ਘੱਟ ਹੈ। ਬਰਫ਼ਬਾਰੀ ਵਿੱਚ ਸਭ ਤੋਂ ਵੱਡੀ ਕਮੀ ਪੱਛਮ ਵਿੱਚ ਆਈ ਹੈ ਜਿੱਥੇ ਬਰਫ਼ ਪਿਘਲਣ ਤੋਂ ਪਾਣੀ ਦੀ ਸਪਲਾਈ ਸਭ ਤੋਂ ਵੱਧ ਹੈ। ਜਾਰੀ ਬਰਫ ਦੀ ਅਪਡੇਟ ਰਿਪੋਰਟ - 2024 ਦੇ ਅਨੁਸਾਰ, ਗੰਗਾ ਬੇਸਿਨ ਵਿੱਚ ਬਰਫ ਦਾ ਪੱਧਰ ਆਮ ਨਾਲੋਂ 17 ਪ੍ਰਤੀਸ਼ਤ ਘੱਟ ਅਤੇ ਬ੍ਰਹਮਪੁੱਤਰ ਬੇਸਿਨ ਵਿੱਚ ਆਮ ਨਾਲੋਂ 14.6 ਪ੍ਰਤੀਸ਼ਤ ਘੱਟ ਸੀ।

ਬਰਫ਼ ਦੇ ਪੱਧਰ ਵਿੱਚ ਸਭ ਤੋਂ ਵੱਧ ਗਿਰਾਵਟ ਹੇਲਮੰਡ ਨਦੀ ਬੇਸਿਨ ਵਿੱਚ ਦਰਜ ਕੀਤੀ ਗਈ ਜਿਥੇ ਇਹ ਆਮ ਨਾਲੋਂ 31.8 ਪ੍ਰਤੀਸ਼ਤ ਘੱਟ ਸੀ। ਇਸ ਤੋਂ ਪਹਿਲਾਂ, 2018 ਵਿੱਚ ਬਰਫ਼ ਦੀ ਮੌਜੂਦਗੀ ਦਾ ਸਭ ਤੋਂ ਘੱਟ ਪੱਧਰ ਸੀ ਜਦੋਂ ਇਸ ਵਿੱਚ 42 ਪ੍ਰਤੀਸ਼ਤ ਦੀ ਕਮੀ ਆਈ ਸੀ। ਸਿੰਧੂ ਬੇਸਿਨ ਵਿੱਚ ਬਰਫ਼ ਦੀ ਮੌਜੂਦਗੀ ਆਮ ਨਾਲੋਂ ਘੱਟ ਕੇ 23.3 ਫ਼ੀਸਦੀ ਰਹਿ ਗਈ ਹੈ, ਜੋ 22 ਸਾਲਾਂ ਵਿੱਚ ਸਭ ਤੋਂ ਘੱਟ ਹੈ। ਸਾਲ 2018 ਵਿੱਚ ਬਰਫ ਦੀ ਮੌਜੂਦਗੀ ਦਾ ਪੱਧਰ 9.4 ਫ਼ੀ ਸਦੀ ਤਕ ਪਹੁੰਚ ਗਿਆ।

ਪਿਛਲੇ ਕਾਫੀ ਸਾਲਾਂ ਤੋਂ ਮੌਸਮ ਵਿੱਚ ਵੀ ਬਹੁਤ ਬਦਲਾਓ ਹੋ ਰਿਹਾ ਹੈ। ਬੇਮੌਸਮੀ ਬਾਰਿਸ਼ ਇਸੇ ਦਾ ਸਿੱਟਾ ਹੈ। ਇਸ ਕਾਰਨ ਫਸਲੀ ਚੱਕਰ ਵਿੱਚ ਵੀ ਵਿਘਨ ਪੈ ਸਕਦਾ ਹੈ। ਸਾਇੰਸਦਾਨਾਂ ਅਨੁਸਾਰ ਹਵਾ ਵਿੱਚ ਕੁਝ ਖਾਸ ਨਮੀ ਸਾਲ ਦੇ ਅਲੱਗ ਅਲੱਗ ਸਮੇਂ ਦੌਰਾਨ ਮੌਸਮ ਵਿਚ ਹੋਣੀ ਚਾਹੀਦੀ ਹੈ ਜੋ ਫਸਲਾਂ ਲਈ ਜ਼ਰੂਰੀ ਹੈ। ਇਸ ਵਿੱਚ ਬਦਲਾਓ ਆਇਆ ਹੈ ਜੋ ਗਲੇਸ਼ੀਅਰਾਂ ਦੇ ਪਿਘਲਣ ਅਤੇ ਧਰਤੀ ਦੇ ਤਾਪਮਾਨ ਵਿੱਚ ਵਾਧੇ ਨਾਲ ਹੋਇਆ ਮੰਨਿਆ ਜਾਂਦਾ ਹੈ। ਗਲੇਸ਼ੀਅਰ ਪਿਘਲਣ ਕਰਕੇ ਸਾਰੀ ਦੁਨੀਆ ਦੀਆਂ ਮੁੱਖ ਨਦੀਆਂ ਅਤੇ ਸਹਾਇਕ ਨਦੀਆਂ ਵਿੱਚ ਸਾਰਾ ਸਾਲ ਪਾਣੀ ਰਹਿੰਦਾ ਹੈ। ਧਰਤੀ ਦਾ ਤਾਪਮਾਨ ਵਧਣ ਕਾਰਨ ਗਲੇਸ਼ੀਅਰਾਂ ਦੀ ਹਜ਼ਾਰਾਂ ਲੱਖਾਂ ਸਾਲ ਪੁਰਾਣੀ ਬਰਫ਼ ਪਿਘਲਣ ਕਰਕੇ ਸਮੁੰਦਰਾਂ ਵਿੱਚ ਪਾਣੀ ਦਾ ਪੱਧਰ ਵੱਧ ਜਾਵੇਗਾ ਜਿਸ ਨਾਲ ਛੋਟੇ ਛੋਟੇ ਟਾਪੂ ਡੁੱਬ ਜਾਣਗੇ, ਤਟੀ ਇਲਾਕਿਆਂ ਵਿੱਚ ਵੱਡੇ ਸਮੁੰਦਰੀ ਤੂਫਾਨ ਆਉਣਗੇ।

(ਬਾਕੀ ਸਫ਼ਾ 31 'ਤੇ)

ਦਰਪਣ ਝੂਠ ਨਹੀਂ ਬੋਲਦਾ

# ਭਾਰੀ ਸਿਆਸੀ ਨੁਕਸਾਨ ਉਠਾਉਣ ਤੋਂ ਬਾਅਦ ਅਕਾਲੀ ਦਲ ਅਨੰਦਪੁਰ ਮਤੇ ਦੇ ਹੱਕ ’ਚ ਡਟਿਆ

## ਬਾ.ਗੀ ਅਕਾਲੀਆਂ ਵੱਲੋਂ ਮੀਟਿੰਗਾਂ ਦਾ ਦੌਰ ਜਾਰੀ, ਨਹੀਂ ਚਾਹੁੰਦੇ ਸੁਖਬੀਰ ਦੀ ਪ੍ਰਧਾਨਗੀ

### ਕੀ ਪੰਥਕ ਧਿਰਾਂ ਸਾਂਝਾ ਪੰਥਕ ਗੱਠਜੋੜ ਉਸਾਰ ਸਕਣਗੀਆਂ ?

ਬੀਤੇ ਦਿਨੀਂ ਅਕਾਲੀ ਦਲ ਦੇ ਸਕੱਤਰ ਜਨਰਲ ਬਲਵਿੰਦਰ ਸਿੰਘ ਭੂੰਦੜ ਨੇ ਇੱਕ ਇੰਟਰਵਿਊ ਦੌਰਾਨ ਇਹ ਕਿਹਾ ਸੀ ਕਿ ਅਸੀਂ ‘ਥਰਡ ਫਰੰਟ’ (ਤੀਸਰੇ ਮੋਰਚੇ) ਨਾਲ ਹਾਂ ਪਰ ਨਾਲ ਹੀ ਉਨ੍ਹਾਂ ਇਹ ਵੀ ਸਪੱਸ਼ਟ ਕਿਹਾ ਕਿ ਸਾਡੇ ਲਈ ਹੁਣ ਕਾਂਗਰਸ ਤੇ ਭਾਜਪਾ ਬਰਾਬਰ ਹਨ। ਸਾਡਾ ਕੋਈ ਮਿੱਤਰ ਨਹੀਂ ਤੇ ਸਾਡਾ ਕੋਈ ਦੁਸ਼ਮਣ ਨਹੀਂ। ਉਨ੍ਹਾਂ ਕਿਹਾ ਸੀ ਕਿ ਸਾਡਾ ਐਲਾਨਨਾਮਾ ਜੋ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ’ਤੇ ਆਧਾਰਿਤ ਹੈ, ਜੋ ਭਾਰਤੀ ਸੰਘਵਾਦ ਦੀ ਮਜ਼ਬੂਤੀ ਦੀ ਗੱਲ ਕਰਦਾ ਹੈ ਅਤੇ ਪੰਜਾਬ ਤੇ ਸਿੱਖਾਂ ਦੀਆਂ ਹੋਰ ਮੰਗਾਂ ਪ੍ਰਤੀ ਜਿਹੜੀ ਵੀ ਪਾਰਟੀ ਹਾਂ-ਪੱਖੀ ਰੁਖ਼ ਅਪਣਾਏਗੀ, ਅਸੀਂ ਉਸ ਨਾਲ ਜਾ ਸਕਦੇ ਹਾਂ। ਸਾਡੀ ਲੜਾਈ ਸਿਧਾਂਤਕ ਹੈ।

ਸੁਆਲ ਇਹ ਹੈ ਕਿ ਜਦੋਂ ਅਕਤੂਬਰ 2023 ਵਿੱਚ ਰਾਹੁਲ ਗਾਂਧੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ ਸਨ ਤਾਂ 2 ਦਿਨ ਉਥੇ ਰਹਿ ਕੇ ਉਨ੍ਹਾਂ ਨੇ ਬਿਨਾਂ ਪਾਰਟੀ ਦੇ ਲਾਮ-ਲਸ਼ਕਰ ਅਤੇ ਰਾਜਨੀਤਕ ਤਾਕਤ ਦੇ ਵਿਖਾਵੇ ਦੇ ਸੇਵਾ ਕੀਤੀ ਸੀ ਤੇ ਸਿੱਖ ਪੰਥ ਪ੍ਰਤੀ ਆਪਣੀ ਯੋਗ ਨੀਤੀ ਦਾ ਪ੍ਰਗਟਾਵਾ ਕੀਤਾ ਸੀ, ਉਸ ਵਕਤ ਦੂਸਰੀ ਕਤਾਰ ਦੇ ਕੁਝ ਅਕਾਲੀ ਨੇਤਾਵਾਂ ਨੇ ਉਨ੍ਹਾਂ ਨੂੰ ਆਪਣੀ ਦਾਦੀ ਦੇ ਕੀਤੇ ਕਰਮਾਂ ਲਈ ਮੁਆਫ਼ੀ ਮੰਗਣ ਲਈ ਵੀ ਕਿਹਾ ਸੀ। ਜਦ ਕਿ ਉਸ ਸਮੇਂ ਸਿੱਖ ਲੀਡਰਸ਼ਿਪ ਨੂੰ ਰਾਹੁਲ ਗਾਂਧੀ ਨਾਲ ਸਿਆਸੀ ਸੰਵਾਦ ਤੋਰਨ ਦੀ ਲੋੜ ਸੀ। ਉਂਝ ਚੰਗਾ ਹੁੰਦਾ ਕਿ ਜੇ ਰਾਹੁਲ ਗਾਂਧੀ ਕਾਂਗਰਸ ਪਾਰਟੀ ਵੱਲੋਂ ਇੱਕ ਵਾਰ ਸਪੱਸ਼ਟ ਰੂਪ ਵਿੱਚ ਮੁਆਫ਼ੀ ਮੰਗ ਲੈਂਦੇ।



ਗੌਰਤਲਬ ਹੈ ਕਿ 1984 ਵਿੱਚ ਸ੍ਰੀ ਦਰਬਾਰ ਸਾਹਿਬ ’ਤੇ ਕੇਂਦਰੀ ਹਕੂਮਤ ਦੇ ਹਮਲੇ ਅਤੇ ਇਸ ਦੇ ਪ੍ਰਤੀਕਰਮ ਵਜੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਅਤੇ ਇਸ ਦੇ ਅੱਗੇ ਹੋਰ ਪ੍ਰਤੀਕਰਮ ਵਜੋਂ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਵੇਲੇ ਰਾਹੁਲ 14 ਸਾਲ ਦਾ ਅਤੇ ਪ੍ਰਿਅੰਕਾ 12 ਸਾਲ ਦੀ ਸੀ। ਸੋ, ਉਸ ਸਮੇਂ ਦੇ ਘਟਨਾਕ੍ਰਮ ਲਈ ਰਾਹੁਲ ਅਤੇ ਪ੍ਰਿਅੰਕਾ ਨੂੰ ਜ਼ਿੰਮੇਵਾਰ ਠਹਿਰਾਉਣਾ ਜਾਇਜ਼ ਨਹੀਂ। ਜੇਕਰ ਦੇਖਿਆ ਜਾਵੇ ਤਾਂ ਦਰਬਾਰ ਸਾਹਿਬ ਉਪਰ ਫੌਜੀ ਹਮਲਾ ਫਿਰਕੂ ਸਟੇਟ ਦਾ ਹਮਲਾ ਸੀ ਜੋ ਸਿੱਖਾਂ ਨਾਲ ਹੁਣ ਤਕ ਵਿਤਕਰਾ ਕਰਦਾ ਹੈ। ਦਰਬਾਰ ਸਾਹਿਬ, ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ ਉੱਪਰ ਫਿਰਕੂ ਹਮਲੇ ਜਾਰੀ ਹਨ। ਸ਼ੋਸ਼ਲ ਮੀਡੀਆ ਉੱਪਰ ਸਿੱਖ ਪੰਥ ਵਿਰੁੱਧ ਜ਼ਹਿਰ ਫੈਲਾਇਆ ਜਾ ਰਿਹਾ ਹੈ।

ਉਂਝ ਵੀ ਚੋਣ ਨਤੀਜੇ ਇਹ ਸਾਬਤ ਕਰਦੇ ਹਨ ਕਿ ਸਿੱਖਾਂ ਦੇ ਵੱਡੇ ਹਿੱਸੇ ਨੇ ਕਾਂਗਰਸ ਨੂੰ ਮੁਆਫ਼ ਕਰ ਦਿੱਤਾ ਹੈ ਜਾਂ ਉਹ ਭਾਜਪਾ ਨੂੰ ਕਾਂਗਰਸ ਨਾਲੋਂ ਵਧ ਫਿਰਕੂ ਪਾਰਟੀ ਸਮਝਦੇ ਹਨ। ਉਹ ਜਾਣਦੇ ਹਨ ਜੇ ਪੰਜਾਬ ਵਿੱਚ ਕਾਂਗਰਸ ਖਤਮ ਹੋਈ ਤਾਂ ਭਾਜਪਾ ਵੱਡੀ ਪਾਰਟੀ ਬਣੇਗੀ। ਜਦ ਕਿ ਇਸ ਸਥਿਤੀ ਵਿੱਚ ਅਕਾਲੀ ਦਲ ਸਿਆਸੀ ਤੌਰ ਉੱਪਰ ਬੁਰੀ ਤਰ੍ਹਾਂ ਨਿਘਰ ਚੁਕਾ ਹੈ ਤੇ ਉਹ ਸਿਆਸੀ ਤੌਰ ਉੱਪਰ ਮਜਬੂਤ ਨਹੀਂ ਰਿਹਾ।

ਉਂਝ ਰਾਹੁਲ ਗਾਂਧੀ ਕਈ ਵਾਰ 1984 ਦੀਆਂ ਘਟਨਾਵਾਂ ਲਈ ਦੁੱਖ ਦਾ ਪ੍ਰਗਟਾਵਾ ਵੀ ਕਰ ਚੁੱਕੇ ਹਨ ਪਰ ਇਹ ਠੀਕ ਹੈ ਕਿ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਜਾਂ ਪ੍ਰੈੱਸ ਵਿੱਚ ਸਿੱਧੇ ਰੂਪ ਵਿੱਚ ਅਜੇ ਤੱਕ ਮੁਆਫ਼ੀ ਨਹੀਂ ਮੰਗੀ।

ਸਾਲ 2023 ਵਿੱਚ ਜਦੋਂ ਸ੍ਰੀ ਰਾਹੁਲ ਗਾਂਧੀ ਅਮਰੀਕਾ ਵਿੱਚ ਇੰਡੀਅਨ ਓਵਰਸੀਜ਼ ਕਾਂਗਰਸ ਦੇ ਇੱਕ ਪ੍ਰੋਗਰਾਮ ਵਿੱਚ ਗਏ ਤਾਂ ਉਨ੍ਹਾਂ ਨੂੰ ਮਿਲੇ ਇੱਕ ਸਿੱਖ ਵਫ਼ਦ ਵੱਲੋਂ ਉਠਾਏ ਇੱਕ ਸਵਾਲ ਦੇ ਜਵਾਬ ਵਿੱਚ ਰਾਹੁਲ ਗਾਂਧੀ ਨੇ ਇਸ ਲਈ ਮੁਆਫ਼ੀ ਮੰਗੀ ਸੀ। ਪਰ ਦੌਰੇ ਦਾ ਪ੍ਰਬੰਧ ਕਰ ਰਹੇ ਲੋਕਾਂ ਨੇ ਰਾਜਨੀਤਕ ਕਾਰਨਾਂ ਕਰਕੇ ਇਸ ਮੁਆਫ਼ੀ ਨੂੰ ਪ੍ਰੈੱਸ ਵਿੱਚ ਦੇਣ ਤੋਂ ਗੁਰੇਜ਼ ਕੀਤਾ ਸੀ। ਵੈਸੇ ਰਾਹੁਲ ਦੀ ਨੀਅਤ ਅਤੇ ਨੀਤੀ ਇਸ ਗੱਲ ਤੋਂ ਵੀ ਸਪੱਸ਼ਟ ਹੈ ਕਿ ਹੁਣ ਕੇਂਦਰ ਵਿੱਚ ਰਾਜ ਮੰਤਰੀ ਬਣੇ ਰਵਨੀਤ ਸਿੰਘ ਬਿੱਟੂ ਨੇ ਸ਼ਰੇਆਮ ਕਿਹਾ ਸੀ ਕਿ ਉਨ੍ਹਾਂ ਨੇ ਕਾਂਗਰਸ ਇਸ ਲਈ ਵੀ ਛੱਡੀ ਕਿ ਰਾਹੁਲ ਗਾਂਧੀ ਮੇਰੇ ’ਤੇ ਮੇਰੇ ਦਾਦਾ ਮਰਹੂਮ ਬੇਅੰਤ ਸਿੰਘ ਦੇ ਸਿੱਖ ਕਾਤਲਾਂ ਨੂੰ ਛੱਡਣ ਦਾ ਦਬਾਅ ਬਣਾ ਰਹੇ ਸਨ, ਜਿਸ ਤਰ੍ਹਾਂ ਰਾਹੁਲ ਦੇ ਪਰਿਵਾਰ ਨੇ ਰਾਜੀਵ ਗਾਂਧੀ ਦੇ ਕਤਲ ਵਿੱਚ ਸ਼ਾਮਿਲ ਲੋਕਾਂ ਨੂੰ ਮੁਆਫ਼ ਕਰ ਦਿੱਤਾ ਸੀ।

ਇਸ ਤੋਂ ਸਪਸ਼ਟ ਹੈ ਕਿ ਰਾਹੁਲ ਦੀ ਨੀਤੀ ਸਿੱਖਾਂ ਪ੍ਰਤੀ ਭਾਜਪਾ ਵਾਂਗ ਫਿਰਕੂ ਨਹੀਂ ਹੈ। ਜੇਕਰ ਉਸ ਵੇਲੇ ਅਕਾਲੀ ਦਲ ਨੇ ਰਾਹੁਲ ਗਾਂਧੀ ਵੱਲੋਂ ਸ੍ਰੀ ਦਰਬਾਰ ਸਾਹਿਬ ਯਾਤਰਾ ਦੌਰਾਨ ਸਹੀ ਸਟੈਂਡ ਲਿਆ ਹੁੰਦਾ ਤਾਂ ਅੱਜ ਅਕਾਲੀ ਦਲ ਦੀ ਸਥਿਤੀ ਕੁਝ ਹੋਰ ਹੀ ਹੁੰਦੀ। ਕਾਂਗਰਸ ਦਾ ਆਪ ਦੀ ਥਾਂ ਅਕਾਲੀ ਦਲ ਨਾਲ ਸਮਝੌਤਾ ਹੋਣਾ ਸੀ। ਇਤਿਹਾਸ ਗਵਾਹ ਹੈ ਕਿ ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਈ ਵਕਤ ਦੇ ਹਾਕਮ ਜਹਾਂਗੀਰ ਨੂੰ ਮੁੱਖ ਦੋਸ਼ੀ ਮੰਨਿਆ ਜਾਂਦਾ ਹੈ, ਪਰ 6ਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਤੋਂ ਬਾਅਦ ਬਾਦਸ਼ਾਹ ਜਹਾਂਗੀਰ ਨਾਲ ਉਨ੍ਹਾਂ ਦੇ ਚੰਗੇ ਸੰਬੰਧ ਰਹੇ। ਬਾਦਸ਼ਾਹ ਔਰੰਗਜ਼ੇਬ ਦੇ ਅਸਹਿ ਤੇ ਅਕਹਿ ਜ਼ੁਲਮ ਤੋਂ ਬਾਅਦ 10ਵੇਂ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਪਹਿਲੇ ਨਾਲ ਚੰਗੇ ਸੰਬੰਧ ਵੀ ਸਾਡੇ ਸਾਹਮਣੇ ਹਨ।

ਸਿੱਖਾਂ ਦੇ ਇੱਕ ਵੇਲੇ ਦੇ ਵੱਡੇ ਤੇ ਖ਼ੂੰਖਾਰ ਦੁਸ਼ਮਣ ਜ਼ਕਰੀਆ ਖ਼ਾਨ ਦੇ ਕਹਿਣ ’ਤੇ ਮੁਗ਼ਲ ਸਲਤਨਤ ਨੇ ਸਿੱਖਾਂ ਨੂੰ ਨਵਾਬੀ ਪੇਸ਼ ਕੀਤੀ ਤਾਂ ਵਕਤ ਦੇ ਸਿੱਖ ਆਗੂਆਂ ਨੇ ਵਕਤ ਦੀ ਹਕੀਕਤ ਤੇ ਰਾਜਨੀਤੀ ਨੂੰ ਸਮਝਦਿਆਂ ਆਪਣੀ ਤਾਕਤ ਵਧਾਉਣ ਲਈ ਸਮਾਂ ਲੈਣ ਵਾਸਤੇ ਇਹ ਨਵਾਬੀ ਵੀ ਪ੍ਰਵਾਨ ਕਰ ਲਈ ਸੀ। ਸ. ਕਪੂਰ ਸਿੰਘ ਨੂੰ ਨਵਾਬ ਕਪੂਰ ਸਿੰਘ ਬਣਾ ਲਿਆ ਸੀ। ਹੋਰ ਬਹੁਤ ਉਦਾਹਰਣਾਂ ਹਨ।

1984 ਤੋਂ ਬਾਅਦ ਦਿੱਲੀ ਵਿੱਚ ਪਰਮਜੀਤ ਸਿੰਘ ਸਰਨਾ ਕਾਂਗਰਸ ਦੀ ਮਦਦ ਨਾਲ ਹੀ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣੇ ਸਨ। ਅਕਾਲੀ ਦਲ ਵਲੋਂ ਲਿਆ ਅਜੋਕਾ ਨਵਾਂ ਸਟੈਂਡ ਪੰਜਾਬ ਪੱਖੀ ਤੇ ਉਸਾਰੂ ਹੈ। ਅਕਾਲੀ ਦਲ ਦੀ ਪਹਿਲੀ ਨੀਤੀ ਕਿ ਭਾਜਪਾ ਦਾ ਹੀ ਬਿਨਾਂ ਸ਼ਰਤ ਸਾਥ ਦੇਣਾ ਹੈ ਤੇ ਦੂਸਰੀ ਧਿਰ ਸਾਡੇ ਲਈ ਅਛੂਤ ਹੈ, ਨੇ ਅਕਾਲੀ ਦਲ ਨੂੰ ਸਿਆਸੀ ਨੁਕਸਾਨ ਪਹੁੰਚਾਇਆ ਹੈ।

(ਬਾਕੀ ਸਫ਼ਾ 30 ’ਤੇ)

# ਰਾਹੁਲ ਗਾਂਧੀ ਸੰਸਦ ’ਚ ਨਿਭਾ ਸਕਦੇ ਨੇ ‘ਵਿਰੋਧੀ ਧਿਰ ਦੇ ਨੇਤਾ’ ਦੀ ਜ਼ਿੰਮੇਵਾਰੀ

## ਕਾਂਗਰਸ ਵਰਕਿੰਗ ਕਮੇਟੀ ਨੇ ਸਰਬਸੰਮਤੀ ਨਾਲ ਰਾਹੁਲ ਦੇ ਹੱਕ ਵਿੱਚ ਮਤਾ ਪਾਸ ਕਰਕੇ ਕੀਤੀ ਅਪੀਲ

18ਵੀਂ ਲੋਕ ਸਭਾ ’ਚ ‘ਇੰਡੀਆ’ ਗੱਠਜੋੜ ਪਾਰਟੀਆਂ ਦੀ ਗਿਣਤੀ ’ਚ ਵਾਧੇ ਨਾਲ, ਹੇਠਲੇ ਸਦਨ ਨੂੰ 10 ਸਾਲਾਂ ਦੇ ਲੰਬੇ ਵਕਫ਼ੇ ਬਾਅਦ ਅਧਿਕਾਰਤ ਤੌਰ ’ਤੇ ਵਿਰੋਧੀ ਧਿਰ ਦਾ ਨੇਤਾ (ਐਲ.ਓ.ਪੀ.) ਮਿਲਣ ਦੀ ਉਮੀਦ ਹੈ। ਵਿਰੋਧੀ ਆਗੂਆਂ ਦੀ ਇਹ ਵੀ ਇੱਛਾ ਹੈ ਕਿ ਜਲਦ ਹੀ ਉਪ ਸਪੀਕਰ ਦੀ ਚੋਣ ਹੋਵੇ, ਇਹ ਅਹੁਦਾ ਪਿਛਲੇ 5 ਸਾਲਾਂ ਤੋਂ ਖ਼ਾਲੀ ਹੈ। 5 ਜੂਨ ਨੂੰ ਭੰਗ ਹੋਈ 17ਵੀਂ ਲੋਕ ਸਭਾ ਨੂੰ ਆਪਣੇ ਪੂਰੇ ਕਾਰਜਕਾਲ ਦੌਰਾਨ ਉਪ ਸਪੀਕਰ ਨਹੀਂ ਮਿਲਿਆ ਸੀ ਅਤੇ ਇਹ ਹੇਠਲੇ ਸਦਨ ਦਾ ਲਗਾਤਾਰ ਦੂਜਾ ਕਾਰਜਕਾਲ ਸੀ, ਜਿਸ ਵਿੱਚ ਵਿਰੋਧੀ ਧਿਰ ਦਾ ਨੇਤਾ ਨਹੀਂ ਸੀ। ਇਸ ਦੌਰਾਨ ਕਾਂਗਰਸ ਦੇ ਰਾਹੁਲ ਗਾਂਧੀ, ਜਿਨ੍ਹਾਂ ਤੋਂ 18ਵੀਂ ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਦੀ ਜ਼ਿੰਮੇਦਾਰੀ ਸੰਭਾਲਣ ਦੀ ਉਮੀਦ ਕੀਤੀ ਜਾ ਰਹੀ ਸੀ, ਅਜੇ ਵੀ ਇਸ ਅਹੁਦੇ ਨੂੰ ਲੈਣ ਲਈ ਤਿਆਰ ਦਿਖਾਈ ਨਹੀਂ ਦੇ ਰਹੇ। ਹਾਲਾਂਕਿ ਕਾਂਗਰਸ ਵਰਕਿੰਗ ਕਮੇਟੀ (ਸੀ.ਡਬਲਿਊ.ਸੀ.) ਨੇ ਸਰਬਸੰਮਤੀ ਨਾਲ ਇੱਕ ਮਤਾ ਪਾਸ ਕੀਤਾ ਹੈ, ਜਿਸ ਵਿੱਚ ਰਾਹੁਲ ਗਾਂਧੀ ਨੂੰ ਲੋਕ ਸਭਾ ’ਚ ਵਿਰੋਧੀ ਧਿਰ ਦਾ ਨੇਤਾ ਬਣਨ ਦੀ ਅਪੀਲ ਕੀਤੀ ਗਈ ਹੈ।



ਮੋਦੀ ਖ਼ਿਲਾਫ਼ ਰਾਹੁਲ ਦੀ ਜ਼ੋਰਦਾਰ ਮੁਹਿੰਮ ਤੋਂ ਬਾਅਦ ਕਾਂਗਰਸ ਨੇ ਚੋਣਾਂ ’ਚ 99 ਸੀਟਾਂ ਜਿੱਤੀਆਂ ਹਨ ਅਤੇ ਸਭ ਤੋਂ ਵੱਡੀ ਵਿਰੋਧੀ ਪਾਰਟੀ ਦੇ ਰੂਪ ਵਿੱਚ ਉਭਰੀ। ਰਾਹੁਲ ਹੁਣ ਨਿਰਵਿਵਾਦ ਤੌਰ ’ਤੇ ਸਭ ਤੋਂ ਵੱਡੇ ਵਿਰੋਧੀ ਨੇਤਾ ਵਜੋਂ ਉੱਭਰੇ ਹਨ। ਜੇਕਰ ਉਨ੍ਹਾਂ ਨੂੰ ਵਿਰੋਧੀ ਧਿਰ ਦਾ ਨੇਤਾ ਚੁਣਿਆ ਜਾਂਦਾ ਹੈ ਤਾਂ ਬਿਨਾਂ ਸ਼ੱਕ ਉਨ੍ਹਾਂ ਦੇ ਕੱਦ ’ਤੇ ਅਧਿਕਾਰਤ ਮੋਹਰ ਲੱਗ ਜਾਵੇਗੀ। ਉਮੀਦ ਹੈ ਕਿ ਰਾਹੁਲ ਗਾਂਧੀ ਸੰਸਦ ’ਚ ਜ਼ਿਆਦਾ ਜ਼ਿੰਮੇਵਾਰੀ ਸੰਭਾਲਣਗੇ। ਲੋਕ ਸਭਾ ’ਚ ਵਿਰੋਧੀ ਧਿਰ ਦਾ ਨੇਤਾ ਬਣਨ ਲਈ ਰਾਹੁਲ ਗਾਂਧੀ ’ਤੇ ਕਈ ਆਗੂਆਂ ਵੱਲੋਂ ਕਾਫ਼ੀ ਦਬਾਅ ਪਾਇਆ ਜਾ ਰਿਹਾ ਹੈ। ਇਸ ਅਹੁਦੇ ਕਾਰਨ ਉਨ੍ਹਾਂ ਨੂੰ ਕੈਬਨਿਟ ਰੈਂਕ ਮਿਲੇਗਾ, ‘ਇੰਡੀਆ’ ਗੱਠਜੋੜ ਵਿੱਚ ਭਾਈਵਾਲ ਪਾਰਟੀਆਂ ਨਾਲ ਬਿਹਤਰ ਤਾਲਮੇਲ ਵਿੱਚ ਮਦਦ ਮਿਲੇਗੀ, ਉਨ੍ਹਾਂ ਦੁਆਰਾ ਲੋਕ ਸਭਾ ’ਚ ਮੋਦੀ ਦੀ ਅਗਵਾਈ ਵਾਲੀ ਭਾਜਪਾ ’ਤੇ ਵਿਰੋਧੀ ਧਿਰ ਵੱਲੋਂ ਹਮਲਿਆਂ ਦੀ ਅਗਵਾਈ ਕਰਨ ਕਰਕੇ ਕਾਂਗਰਸ ਨੂੰ ਆਪਣਾ ਇੱਕ ਮਜ਼ਬੂਤ ਚਿਹਰਾ ਪੇਸ਼ ਕਰਨ ’ਚ ਵੀ ਮਦਦ ਮਿਲੇਗੀ।

# ਪ੍ਰਧਾਨ ਮੰਤਰੀ ਮੋਦੀ ਰਾਸ਼ਟਰੀ -ਅੰਤਰਰਾਸ਼ਟਰੀ ਚੁਣੌਤੀਆਂ ਵਿੱਚ ਘਿਰੇ

## ਪਾਕਿਸਤਾਨ ਅਤੇ ਚੀਨ ਦੇ ਉਕਸਾਉਣ ’ਤੇ ਮੋਦੀ ਦੀਆਂ ਚੁਣੌਤੀਆਂ ਵਧੀਆਂ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੇ ਤੀਜੇ ਕਾਰਜਕਾਲ ਵਿੱਚ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲੀ ਚੁਣੌਤੀ ਉਸ ਲਈ ਮਜ਼ਬੂਤ ਵਿਰੋਧੀ ਧਿਰ ਇੰਡੀਆ ਗੱਠਜੋੜ ਕਾਂਗਰਸ, ਸਮਾਜਵਾਦੀ ਪਾਰਟੀ ਅਤੇ ਤ੍ਰਿਣਮੂਲ ਕਾਂਗਰਸ ਆਦਿ ਹੈ, ਜਿਸ ਦੀ ਵਧੀ ਹੋਈ ਤਾਕਤ ਹਰ ਛੋਟੇ-ਵੱਡੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁੱਦੇ ’ਤੇ ਮੋਦੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰੇਗੀ।



ਮਹਾਰਾਸ਼ਟਰ, ਹਰਿਆਣਾ ਅਤੇ ਝਾਰਖੰਡ ਤਿੰਨ ਅਜਿਹੇ ਰਾਜ ਹਨ ਜਿੱਥੇ ਭਾਜਪਾ ਦੀ ਤਾਕਤ ਘਟੀ ਹੈ। ਇਨ੍ਹਾਂ ਤਿੰਨਾਂ ਰਾਜਾਂ ਵਿੱਚ ਇਸ ਸਾਲ ਅਕਤੂਬਰ-ਨਵੰਬਰ ਵਿੱਚ ਵਿਧਾਨ ਸਭਾ ਚੋਣਾਂ ਹਨ। ਇਨ੍ਹਾਂ ਵਿੱਚੋਂ ਦੋ ਰਾਜਾਂ ਵਿੱਚ ਭਾਜਪਾ ਸੱਤਾ ਵਿੱਚ ਹੈ। ਜੇਕਰ ਭਾਜਪਾ ਮਹਾਰਾਸ਼ਟਰ ਅਤੇ ਹਰਿਆਣਾ ਨੂੰ ਵਾਪਸ ਨਹੀਂ ਜਿੱਤਦੀ ਹੈ, ਤਾਂ ਮੋਦੀ ਸਰਕਾਰ ਨੂੰ ਅਗਲੇ ਚਾਰ ਸਾਲਾਂ ਲਈ ਹਮਲਾਵਰ ਵਿਰੋਧੀ ਧਿਰ ਦਾ ਸਾਹਮਣਾ ਕਰਨਾ ਪਵੇਗਾ ਅਤੇ ਆਪਣੇ ਸਹਿਯੋਗੀਆਂ ਨੂੰ ਇਕੱਠੇ ਰੱਖਣ ਲਈ ਸਖ਼ਤ ਸੰਘਰਸ਼ ਕਰਨਾ ਪੈ ਸਕਦਾ ਹੈ।

ਦੂਜੀ ਚੁਣੌਤੀ ਪਾਕਿਸਤਾਨ ਅਤੇ ਚੀਨ ਵੱਲੋਂ ਖੜ੍ਹੀ ਕੀਤੀ ਜਾਵੇਗੀ। ਆਪਣੇ ਦੂਜੇ ਕਾਰਜਕਾਲ ਵਿੱਚ ਵੀ ਮੋਦੀ ਨੂੰ ਇਨ੍ਹਾਂ ਦੋਹਾਂ ਗੁਆਂਢੀ ਦੇਸ਼ਾਂ ਤੋਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਜਿਵੇਂ ਲੱਦਾਖ ਵਿੱਚ ਭਾਰਤੀ ਜ਼ਮੀਨ ’ਤੇ ਚੀਨ ਦਾ ਕਥਿਤ ਕਬਜ਼ਾ ਹੈ। ਮੋਦੀ ਸਰਕਾਰ ਇਸ ਮੁੱਦੇ ’ਤੇ ਦੇਸ਼ ਦੀ ਜਨਤਾ ਨੂੰ ਸੰਤੁਸ਼ਟ ਨਹੀਂ ਕਰ ਸਕੀ ਕਿ ਕਾਂਗਰਸ ਜੋ ਵੀ ਕਹਿ ਰਹੀ ਹੈ ਉਹ ਗਲਤ ਹੈ। ਤੀਜੀ ਚੁਣੌਤੀ ਦੇਸ਼ ਅੰਦਰ ਵਧ ਰਹੇ ਵੱਖਵਾਦ ਦੀ ਹੋਵੇਗੀ। ਕੇਂਦਰ ਸਰਕਾਰ ਦੀਆਂ ਗਲਤ ਤੇ ਸ਼ੋਸ਼ਣਕਾਰੀ ਅਨਿਆਂ ਭਰਪੂਰ ਨੀਤੀਆਂ, ਘੱਟ ਗਿਣਤੀਆਂ ਪ੍ਰਤੀ ਨਫਰਤੀ ਪ੍ਰਚਾਰ ਕਾਰਨ ਕਸ਼ਮੀਰ ਤੇ ਪੰਜਾਬ ਬੇਚੈਨ ਹਨ। ਹਾਲੇ ਤੱਕ ਇਨ੍ਹਾਂ ਰਾਜਾਂ ਦੇ ਮਸਲਿਆਂ ਦਾ ਹੱਲ ਸਟੇਟ ਦੇ ਡੰਡੇ ਨਾਲ ਭਾਲਿਆ ਜਾ ਰਿਹਾ ਹੈ। ਪਰ ਇਨ੍ਹਾਂ ਰਾਜਾਂ ਵਿੱਚ ਲੋਕਾਂ ਦਾ ਕੇਂਦਰ ਸਰਕਾਰ ਦੀਆਂ ਨੀਤੀਆਂ ਪ੍ਰਤੀ ਭਾਰੀ ਰੋਸ ਹੈ।

ਜੰਮੂ-ਕਸ਼ਮੀਰ ਤੋਂ ਬਾਅਦ ਪੰਜਾਬ ਸਭ ਤੋਂ ਸੰਵੇਦਨਸ਼ੀਲ ਸੂਬਾ ਬਣ ਗਿਆ ਹੈ। ਜਿੱਥੇ ਜੰਮੂ-ਕਸ਼ਮੀਰ ਵਿੱਚ ਪਾਕਿਸਤਾਨ ਪੱਖੀ ਵੱਖਵਾਦੀ ਦੀ ਜਿੱਤ ਹੋਈ ਹੈ। ਜਦੋਂ ਕਿ ਪੰਜਾਬ ਵਿੱਚ ਫਰੀਦਕੋਟ ਤੋਂ ਸਰਬਜੀਤ ਸਿੰਘ ਖ਼ਾਲਸਾ ਤੇ ਭਾਈ ਅੰਮ੍ਰਿਤਪਾਲ ਸਿੰਘ ਨੇ ਚੋਣ ਜਿੱਤਕੇ ਸਾਬਤ ਕੀਤਾ ਹੈ ਕਿ ਪੰਜਾਬ ਕੇਂਦਰ ਦੀਆਂ ਅਨਿਆਂ ਭਰਪੂਰ, ਸਿੱਖ ਵਿਰੋਧੀ ਨੀਤੀਆਂ ਨਾਲ ਸਹਿਮਤ ਨਹੀਂ ਹੈ।

ਪਰ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੇ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਨ ਬਾਰੇ ਕੀ ਸੋਚਣਾ ਉਹ ਪੰਜਾਬ ਦੀਆਂ ਸਮੱਸਿਆਵਾਂ ਨੂੰ ਗੁੰਝਲਦਾਰ ਬਣਾ ਰਹੀ ਹੈ ਤੇ ਐਨ.ਐਸ.ਏ. ਦੇ ਕਾਲੇ ਕਨੂੰਨ ਤਹਿਤ ਨਜ਼ਰਬੰਦ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਕਰਨ ਨੂੰ ਤਿਆਰ ਨਹੀਂ। ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ,ਪੰਥਕ ਜਥੇਬੰਦੀਆਂ ਵੱਲੋਂ ਸਰਕਾਰ ਦੇ ਗੈਰ ਜਮਹੂਰੀ ਰਵਈਏ ਬਾਰੇ ਰੋਸ ਪ੍ਰਗਟਾਇਆ ਜਾ ਰਿਹਾ ਹੈ।

ਅੱਤਵਾਦੀਆਂ ਨੂੰ ਫੰਡਿੰਗ ਕਰਨ ਦੇ ਦੋਸ਼ ਕਾਰਨ 2019 ਤੋਂ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਇੰਜੀਨੀਅਰ ਰਸ਼ੀਦ ਦੇ ਨਾਂ ਨਾਲ ਮਸ਼ਹੂਰ ਅਬਦੁਲ ਰਾਸ਼ਿਦ ਸ਼ੇਖ ਜੰਮੂ-ਕਸ਼ਮੀਰ ਦੀ ਬਾਰਾਮੂਲਾ ਸੀਟ ਤੋਂ ਜਿੱਤੀ ਹੈ। ਇੰਜੀਨੀਅਰ ਰਸ਼ੀਦ ਨੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਹਰਾਇਆ ਸੀ। ਇੰਜੀਨੀਅਰ ਰਸ਼ੀਦ ਦੀ ਜਿੱਤ ਤੋਂ ਬਾਅਦ ਉਨ੍ਹਾਂ ਦੇ ਸਮਰਥਨ ਵਿੱਚ ਕਸ਼ਮੀਰੀਆਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤਾ ਸੀ। ਇਸ ਤੋਂ ਸਾਫ ਜਾਹਿਰ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਮੋਦੀ ਸਰਕਾਰ ਲਈ ਹੋਰ ਮੁਸ਼ਕਿਲਾਂ ਵਧਣਗੀਆਂ।

# ਗੁਰੂ ਰਾਮਦਾਸ ਲੰਗਰ ਹਾਲ ’ਚ ਰੋਜ਼ਾਨਾ 120 ਕੁਇੰਟਲ ਆਟੇ ਦੀ ਹੋ ਰਹੀ ਹੈ ਖਪਤ

## ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਆਟਾ, ਦਾਲਾਂ ਅਤੇ ਸਬਜ਼ੀਆਂ ਦੀ ਖਪਤ ’ਚ 20 ਫ਼ੀ ਸਦੀ ਦਾ ਵਾਧਾ ਹੋਇਆ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਸਥਿਤ ਵਿਸ਼ਵ ਦੀ ਸੱਭ ਤੋਂ ਵੱਡੀ ਰਸੋਈ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਵਿਚ ਰੋਜ਼ਾਨਾ 120 ਕੁਇੰਟਲ ਆਟੇ ਦੀ ਖਪਤ ਹੋ ਰਹੀ ਹੈ। ਇਸ ਤੋਂ ਇਲਾਵਾ ਹਰ ਰੋਜ਼ 20 ਤੋਂ 25 ਕੁਇੰਟਲ ਚੌਲ, 25 ਕੁਇੰਟਲ ਦਾਲਾਂ ਅਤੇ 20 ਕੁਇੰਟਲ ਮੌਸਮੀ ਸਬਜ਼ੀਆਂ ਦੀ ਵੀ ਵਰਤੋਂ ਹੁੰਦੀ ਹੈ। ਪਿਛਲੇ ਸਾਲ ਗਰਮੀਆਂ ਦੀਆਂ ਛੁੱਟੀਆਂ ਯਾਨੀ ਜੂਨ 2023 ਦੌਰਾਨ ਰੋਜ਼ਾਨਾ 100 ਕੁਇੰਟਲ ਆਟਾ ਵਰਤਿਆ ਗਿਆ ਸੀ। ਇਸ ਤਰ੍ਹਾਂ ਇਸ ਗਰਮੀ ’ਚ ਆਟਾ, ਦਾਲਾਂ ਅਤੇ ਸਬਜ਼ੀਆਂ ਦੀ ਖਪਤ ’ਚ 20 ਫ਼ੀ ਸਦੀ ਦਾ ਵਾਧਾ ਹੋਇਆ ਹੈ।



ਵਿਸ਼ਵ ਪ੍ਰਸਿੱਧ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਹਾਲ ਵਿਖੇ ਸੰਗਤਾਂ ਨੂੰ 24 ਘੰਟੇ ਲੰਗਰ ਅਤੁੱਟ ਵਰਤਾਇਆ ਜਾਂਦਾ ਹੈ। ਸ਼ਰਧਾਲੂਆਂ ਲਈ ਲੰਗਰ ਵਿੱਚ ਕੜਾਹ ਪ੍ਰਸ਼ਾਦ, ਦਾਲਾਂ, ਸਬਜ਼ੀਆਂ, ਚੌਲ ਅਤੇ ਮਿੱਠੇ ਪਕਵਾਨ ਤਿਆਰ ਕੀਤੇ ਜਾਂਦੇ ਹਨ। ਇਸ ਨਾਲ ਹੀ ਚਾਹ ਦਾ ਲੰਗਰ ਵੀ 24 ਘੰਟੇ ਚਲਦਾ ਹੈ। ਮੌਜੂਦਾ ਗਰਮੀ ਦੇ ਮੌਸਮ ਅਨੁਸਾਰ ਇਨ੍ਹਾਂ ਦੋਹਾਂ ਲੰਗਰਾਂ ਵਿੱਚ ਕਾਲੇ ਛੋਲੇ, ਚਿੱਟੇ ਛੋਲੇ, ਦਾਲਾਂ, ਚੌਲ, ਖੀਰ, ਦਹੀਂ ਆਦਿ ਦਾ ਲੰਗਰ ਸੰਗਤਾਂ ਨੂੰ ਵਰਤਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਮੌਸਮੀ ਸਬਜ਼ੀਆਂ ਜਿਵੇਂ ਟਿੰਡਾ, ਘਿਉ, ਹਲਵਾ ਕੱਦੂ, ਹਰੀ ਉਬਾਲ, ਲੇਡੀਫਿੰਗਰ, ਸ਼ਿਮਲਾ ਮਿਰਚ, ਆਲੂ ਦੀਆਂ ਸਬਜ਼ੀਆਂ ਵਰਤਾਈਆਂ ਜਾ ਰਹੀਆਂ ਹਨ। ਸ਼੍ਰੋਮਣੀ ਕਮੇਟੀ ਦੇ ਲੰਗਰ ਸੇਵਾਦਾਰਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕੀਤਾ ਜਾਂਦਾ ਹੈ। ਲੰਗਰ ਤਿਆਰ ਕਰਨ ਲਈ ਰੋਜ਼ਾਨਾ 7-10 ਕੁਇੰਟਲ ਦੇਸੀ ਘਿਉ ਦੀ ਲੋੜ ਹੁੰਦੀ ਹੈ।

ਲੰਗਰ ਪ੍ਰਬੰਧਕ ਸਤਿੰਦਰ ਸਿੰਘ ਬਾਜਵਾ ਨੇ ਦਸਿਆ ਕਿ ਸ਼ਰਧਾਲੂ ਮੌਸਮੀ ਸਬਜ਼ੀਆਂ ਵਰਤਣ ਨੂੰ ਤਰਜੀਹ ਦਿੰਦੇ ਹਨ। ਖੇਤੀ ਪ੍ਰਧਾਨ ਸੂਬਾ ਹੋਣ ਕਰ ਕੇ ਜਦੋਂ ਸੰਗਤ ਅਰਥਾਤ ਸੂਬੇ ਦੇ ਪੇਂਡੂ ਖੇਤਰਾਂ ਦੇ ਕਿਸਾਨ ਕਣਕ ਦੀ ਵਾਢੀ ਕਰਦੇ ਹਨ ਤਾਂ ਦਸ ਫ਼ੀ ਸਦੀ ਕਣਕ ਭਾਵ ਦਸਵੰਧ ਗੁਰੂ ਘਰ ਲਈ ਭੇਟ ਕਰਦੇ ਹਨ। ਇਸ ਤੋਂ ਇਲਾਵਾ ਗੁਰੂਘਰ ਵਿੱਚ ਆਸਥਾ ਰੱਖਣ ਵਾਲੀ ਸੰਗਤ ਟੀਂਡਾ, ਘੀਆ, ਸ਼ਿਮਲਾ ਮਿਰਚ, ਹਲਵਾ ਕੱਦੂ, ਘੀਆ ਤੋਰੀ, ਭਿੰਡੀ ਆਦਿ ਮੌਸਮੀ ਸਬਜ਼ੀਆਂ ਵੀ ਲੈ ਕੇ ਆਉਂਦੀ ਹੈ। ਉਨ੍ਹਾਂ ਦਸਿਆ ਕਿ ਹਰ ਰੋਜ਼ ਕਰੀਬ 80 ਕੁਇੰਟਲ ਆਟਾ ਕੜਾਹ ਪ੍ਰਸ਼ਾਦ ਤਿਆਰ ਕੀਤਾ ਜਾਂਦਾ ਹੈ। ਦਸਿਆ ਗਿਆ ਆਟਾ ਚਪਾਤੀਆਂ ਬਣਾਉਣ ਲਈ ਵਰਤੇ ਜਾਣ ਵਾਲੇ ਆਟੇ ਤੋਂ ਵਖਰਾ ਹੈ। ਉਨ੍ਹਾਂ ਦਸਿਆ ਕਿ ਲੰਗਰ ਤਿਆਰ ਕਰਨ ਲਈ ਰੋਜ਼ਾਨਾ 7 ਤੋਂ 10 ਕੁਇੰਟਲ ਦੇਸੀ ਘਿਉ ਦੀ ਵਰਤੋਂ ਕੀਤੀ ਜਾਂਦੀ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦਸਿਆ ਕਿ ਸੂਬੇ ਵਿੱਚ ਹਰ ਸਾਲ ਅਪ੍ਰੈਲ ਮਹੀਨੇ ਵਿੱਚ ਕਣਕ ਦੀ ਵਾਢੀ ਤੋਂ ਬਾਅਦ ਮਈ-ਜੂਨ ਵਿੱਚ ਸੰਗਤਾਂ ਵੱਲੋਂ ਲੰਗਰ ਹਾਲ ਲਈ ਕਣਕ ਦਾਨ ਕੀਤੀ ਜਾਂਦੀ ਹੈ ਜਿਸ ਵਿਚੋਂ ਹਰ ਸਾਲ ਕੁਲ 15 ਹਜ਼ਾਰ ਕੁਇੰਟਲ ਤੋਂ ਵੱਧ ਕਣਕ ਦੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਹਰ ਸਾਲ ਲੰਗਰ ਲਈ ਕਰੋੜਾਂ ਰੁਪਏ ਨਕਦ ਦਾਨ ਕਰਦੀਆਂ ਹਨ। ਸ਼੍ਰੋਮਣੀ ਕਮੇਟੀ ਲੰਗਰ ਦਾ ਰੋਜ਼ਾਨਾ 15-20 ਲੱਖ ਰੁਪਏ ਖ਼ਰਚ ਕਰਦੀ ਹੈ। ਉਨ੍ਹਾਂ ਦਸਿਆ ਕਿ ਇੱਕ ਦਿਨ ਵਿਚ ਲੰਗਰ ਚਲਾਉਣ ਦਾ ਖ਼ਰਚਾ 15 ਲੱਖ ਰੁਪਏ ਤੋਂ ਲੈ ਕੇ 20 ਲੱਖ ਰੁਪਏ ਤਕ ਹੈ। ਪੱਕੇ ਨੌਕਰਾਂ ਅਤੇ ਕਰਮਚਾਰੀਆਂ ਦੀ ਤਨਖ਼ਾਹ, ਬਿਜਲੀ, ਬਾਲਣ ਆਦਿ ਦੇ ਵਖਰੇ ਖ਼ਰਚੇ ਹਨ।

# ਬਸਪਾ ਵੱਲੋਂ 32 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ

ਚੰਡੀਗੜ੍ਹ/ਏ.ਟੀ.ਨਿਊਜ਼ : ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਜਲੰਧਰ ਵਿਧਾਨ ਸਭਾ ਪੱਛਮੀ ਤੇ ਉਪ ਚੋਣ ਲਈ ਚੋਣ-ਕਮਿਸ਼ਨ ਨੂੰ ਭੇਜੇ ਗਏ 32 ਸਟਾਰ ਪ੍ਰਚਾਰਕਾਂ ਦੀ ਸੂਚੀ ਪ੍ਰੈਸ ਨਾਲ ਸਾਂਝੀ ਕੀਤੀ ਹੈ ਜਿਸ ਵਿੱਚ ਮੁੱਖ ਤੌਰ ’ਤੇ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਕੁਮਾਰੀ ਮਾਇਆਵਤੀ , ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਕੋਆਰਡੀਨੇਟਰ ਆਕਾਸ਼ ਆਨੰਦ , ਕੇਂਦਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਨੀਵਾਲ ਤੇ ਵਿਪੁਲ ਕੁਮਾਰ, ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ




ਵਿਧਾਇਕ ਡਾ. ਨਛੱਤਰ ਪਾਲ, ਅਜੀਤ ਸਿੰਘ ਭੈਣੀ, ਬਲਦੇਵ ਸਿੰਘ ਮਹਿਰਾ, ਗੁਰਲਾਲ ਸੈਲਾ, ਗੁਰਨਾਮ ਚੌਧਰੀ, ਐਡਵੋਕੇਟ ਬਲਵਿੰਦਰ ਕੁਮਾਰ, ਗੁਰਮੇਲ ਚੁੰਬਰ, ਚਮਕੌਰ ਸਿੰਘ ਵੀਰ, ਇ. ਜਸਵੰਤ ਰਾਏ, ਠੇਕੇਦਾਰ ਰਜਿੰਦਰ ਸਿੰਘ, ਤੀਰਥ ਰਾਜਪੁਰਾ, ਦਿਲਬਾਗ ਚੰਦ ਮਹਿੰਦੀਪੁਰ, ਮਾ. ਓਮ ਪ੍ਰਕਾਸ਼ ਸਰੋਏ, ਲਾਲ ਸਿੰਘ ਸਲਹਾਣੀ, ਐਡਵੋਕੇਟ ਰਣਜੀਤ ਕੁਮਾਰ, ਤਰਸੇਮ ਥਾਪਰ, ਅਮਰਜੀਤ ਝਲੂਰ, ਡਾ ਮੱਖਣ ਸਿੰਘ, ਜੋਗਿੰਦਰ ਪਾਲ ਭਗਤ, ਰਾਕੇਸ਼ ਕੁਮਾਰ ਦਾਤਾਰਪੁਰੀ, ਹਰਿੰਦਰ ਸ਼ੀਤਲ, ਜਗਦੀਸ਼ ਦੀਸ਼ਾ, ਲੇਖਰਾਜ ਜਮਾਲਪੁਰੀ, ਜਗਦੀਸ਼ ਸ਼ੇਰਪੁਰੀ, ਪਰਮਜੀਤ ਮੱਲ, ਦਲਜੀਤ ਰਾਏ ਅਤੇ ਪ੍ਰਵੀਨ ਬੰਗਾ ਸ਼ਾਮਿਲ ਹਨ। ਗੜ੍ਹੀ ਨੇ ਕਿਹਾ ਕਿ ਕਾਂਗਰਸ ਤੇ ਆਪ ਪਾਰਟੀ ਦੇ ਇੰਡੀਆ ਗੱਠਜੋੜ ਰਾਹੀਂ ਦੇਸ਼ ਦੇ ਦਲਿਤ ਪਛੜੇ ਵਰਗਾਂ ਤੇ ਘੱਟ ਗਿਣਤੀ ਵਰਗਾਂ ਨੂੰ ਸੰਵਿਧਾਨ ਬਚਾਉਣ ਦੇ ਮੁੱਦੇ ਤੇ ਗੁਮਰਾਹ ਕਰਕੇ ਕਮਜੋਰ ਵਰਗਾਂ ਦੀਆਂ ਵੋਟਾਂ ਤਾਂ ਬਟੋਰੀਆਂ ਹਨ ਪ੍ਰੰਤੂ ਕਮਜੋਰ ਵਰਗਾਂ ਦੇ ਸੰਵਿਧਾਨਿਕ ਹੱਕਾਂ ਅਧਿਕਾਰਾਂ ਨੂੰ ਹਮੇਸ਼ਾ ਅਣਗੌਲਿਆ ਕੀਤਾ ਹੈ। ਜਿਸਦੀ ਤਾਜ਼ਾ ਉਦਾਹਰਨ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਦਲਿਤ ਮਲਿਕਾਅਰਜਨ ਖੜ੍ਹਗੇ ਨੂੰ ਅਣਗੌਲਿਆ ਕਰਕੇ ਬੀਬੀ ਸੋਨੀਆ ਗਾਂਧੀ ਨੂੰ ਅੱਗੇ ਕੀਤਾ ਹੈ। ਖੜਗੇ ਅਤੇ ਹੋਰ ਦਲਿਤ ਪਿਛੜੇ ਆਗੂਆਂ ਦੇ ਨਾਮ ਤੇ ਕਮਜੋਰ ਵਰਗਾਂ ਦੀਆਂ ਵੋਟਾਂ ਨੂੰ ਝੂਠੇ ਲਾਰੇ ਵਾਅਦੇ ਲਾਕੇ ਕਾਂਗਰਸ ਪਾਰਟੀ ਹਮੇਸ਼ਾ ਲੁੱਟਦੀ ਰਹੀ ਹੈ। ਇਹੀ ਕੰਮ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਕਰ ਰਹੀ। ਬਹੁਜਨ ਸਮਾਜ ਪਾਰਟੀ ਕਾਂਗਰਸ ਨੂੰ ਜਲੰਧਰ ਪੱਛਮੀ ਵਿਧਾਨ ਸਭਾ ਉਪ ਚੋਣ ਵਿੱਚ ਸਬਕ ਸਿਖਾਉਣ ਦਾ ਕੰਮ ਕਰੇਗੀ।

# ਕੰਗਨਾ ਰਣੌਤ ਤੇ ਕੁਲਵਿੰਦਰ ਕੌਰ ਦੇ ਵਿਵਾਦ ਤੋਂ ਬਾਅਦ ਪੰਜਾਬ ਦੇ ਹਰਿਆਣਾ ਤੇ ਹਿਮਾਚਲ ਨਾਲ ਸਬੰਧਾਂ ’ਚ ਕੁੜੱਤਣ !

## ਅਜੇ ਤਕ ਥੱਪੜ ਮਾਰਨ ਵਾਲੀ ਵੀਡੀਉ ਨਹੀਂ ਆਈ ਸਾਹਮਣੇ

ਸ੍ਰੀ ਮੁਕਤਸਰ ਸਾਹਿਬ/ਏ.ਟੀ.ਨਿਊਜ਼ : ਕੰਗਨਾ ਰਣੌਤ ਅਤੇ ਕੁਲਵਿੰਦਰ ਕੌਰ ਦੇ ਚੰਡੀਗੜ੍ਹ ਏਅਰਪੋਰਟ ਵਾਲੇ ਵਿਆਦ ਨਾਲ ਪੰਜਾਬ ਅਤੇ ਹਿਮਾਚਲ ਦੇ ਭਾਈਚਾਰਕ ਸਬੰਧਾਂ ਵਿੱਚ ਦਿਨੋ ਦਿਨ ਕੜਵਾਹਟ ਵਧਦੀ ਨਜ਼ਰ ਆ ਰਹੀ ਹੈ, ਜਿਸ ਨੂੰ ਪੰਜਾਬ ਅਤੇ ਹਿਮਾਚਲ ਸਰਕਾਰ ਨੂੰ ਕਿਸੇ ਵੱਡੀ ਵਾਰਦਾਤ ਵਾਪਰਨ ਤੋਂ ਪਹਿਲਾਂ ਸੁਹਿਰਦਤਾ ਨਾਲ ਲੈਂਦਿਆਂ ਹਿਮਾਚਲ ਵਿੱਚ ਪੰਜਾਬੀਆਂ ਨਾਲ ਹਰ ਰੋਜ਼ ਹੋ ਰਹੀ ਧੱਕੇਸ਼ਾਹੀ ਨੂੰ ਰੋਕਣ ਲਈ ਸਾਰਥਕ ਕਦਮ ਚੁੱਕਣਾ ਚਾਹੀਦਾ ਹੈ।



ਭਾਵੇਂ ਪੰਜਾਬ, ਹਰਿਆਣਾ ਅਤੇ ਹਿਮਾਚਲ ਨੂੰ ਹੁਣ ਤਕ ਦੀਆਂ ਕੇਂਦਰ ਸਰਕਾਰਾਂ ਵਲੋਂ ਆਪਣੀਆਂ ਚਾਲਾਂ ਨਾਲ ਵੰਡਿਆ ਹੋਇਆ ਹੈ, ਪਰ ਸਾਨੂੰ ਤਿਨਾਂ ਸਟੇਟਾਂ ਨੂੰ (ਪੰਜਾਬ, ਹਰਿਆਣੇ ਦੇ ਕਿਸਾਨਾਂ ਵਾਂਗ) ਏਕੇ ਦਾ ਸਬੂਤ ਦੇਣਾ ਚਾਹੀਦਾ ਹੈ, ਕਿਉਕਿ ਕਿ ਅਖੀਰ ਸਾਰਾ ਨੁਕਸਾਨ ਸਾਡਾ ਆਮ ਲੋਕਾਂ ਦਾ ਹੀ ਹੋਣਾ ਹੈ।

ਕਾਬਲਗੌਰ ਹੈ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਹਿਮਾਚਲ ਮੰਡੀ ਤੋਂ ਨਵੀਂ ਚੁਣੀ ਮੈਂਬਰ ਪਾਰਲੀਮੈਂਟ ਕੰਗਨਾ ਰਣੌਤ ਚੰਡੀਗੜ੍ਹ ਹਵਾਈ ਅੱਡੇ ’ਤੇ ਅਪਣੀ ਅਗਲੀ ਯਾਤਰਾ ਲਈ ਗਈ ਸੀ, ਪਰ ਸੂਤਰਾਂ ਮੁਤਾਬਕ ਉਹ ਇਸ ਸਮੇਂ ਵੀ.ਆਈ.ਪੀ. ਕਤਾਰ ਵਿੱਚ ਜਾਣ ਦੀ ਬਜਾਏ ਆਮ ਯਾਤਰੂਆਂ ਵਾਲੀ ਕਤਾਰ ਵਿੱਚ ਚਲੀ ਗਈ, ਜਿੱਥੇ ਉਕਤ ਐਮ.ਪੀ. ਨੂੰ ਸੀ.ਆਈ.ਐੱਸ.ਐੱਫ਼ ਦੀ ਮੁਲਾਜ਼ਮ ਕੁਲਵਿੰਦਰ ਕੌਰ ਵਲੋਂ ਅਪਣਾ ਮੋਬਾਈਲ ਅਤੇ ਪਰਸ ਚੈਕਿੰਗ ਲਈ ਟੋਕਰੀ ਵਿੱਚ ਰੱਖਣ ਲਈ ਕਿਹਾ ਪਰ ਸ਼ਾਇਦ ਕੰਗਨਾ ਵਲੋਂ ਐਮ.ਪੀ. ਹੋਣ ਦਾ ਰੋਅਬ ਮਾਰਿਆ, ਜਿਸ ’ਤੇ ਕੁਲਵਿੰਦਰ ਕੌਰ ਵਲੋਂ ਉਨ੍ਹਾਂ ਨੂੰ ਵੀ ਆਈ ਪੀ ਕਤਾਰ ਵਿੱਚ ਜਾਣ ਲਈ ਵੀ ਅਪੀਲ ਕੀਤੀ ਤੇ ਇਸ ਤੋਂ ਬਾਅਦ ਉਕਤ ਐਮ ਪੀ ਵਲੋਂ ਕੁਲਵਿੰਦਰ ਕੌਰ ਨੂੰ ਖ਼ਾਲਿਸਤਾਨੀ ਅਤੇ ਹੋਰ ਕਿਹੜੀ ਅਜਿਹੀ ਗੱਲ ਕਹੀ ਗਈ, ਜਿਸ ’ਤੇ ਲੰਮਾ ਸਮਾਂ ਠੀਕ ਡਿਊਟੀ ਕਰਨ ਵਾਲੀ ਕੁਲਵਿੰਦਰ ਕੌਰ ਵਲੋਂ ਕੰਗਨਾ ਰਨੌਤ ਨੂੰ ਥੱਪੜ ਮਾਰਨ ਦੀ ਨੌਬਤ ਆ ਗਈ, ਜਿਸ ਦੀਆਂ ਗੱਲਾਂ ਸੋਸ਼ਲ, ਇਲੈਕਟਰਾਨਿਕ ਅਤੇ ਪ੍ਰਿੰਟ ਮੀਡੀਏ ਤੇ ਆਮ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ, ਪਰ ਸਾਰੀ ਚਰਚਾ ਵਿਚ ਕੁਲਵਿੰਦਰ ਕੌਰ ਦੀ ਇੱਕੋ ਗੱਲ ਸਾਹਮਣੇ ਆਈ ਦੇਖੀ ਗਈ ਹੈ ਕਿ ਕਿਸਾਨ ਅੰਦੋਲਨ ਸਮੇਂ ਕਿਸਾਨੀ ਧਰਨੇ ਵਿੱਚ ਮੇਰੀ ਮਾਂ ਵੀ ਸੀ, ਜਿਸ ਵਿੱਚ ਸ਼ਾਮਲ ਬੀਬੀਆਂ ਨੂੰ ਕੰਗਨਾ ਰਣੌਤ ਵਲੋਂ ਸੌ-ਡੇਢ ਸੌ ਵਿੱਚ ਦਿਹਾੜੀ ’ਤੇ ਆਈਆਂ ਕਿਹਾ ਸੀ ਪਰ ਨਵੀਂ ਬਣੀ ਐਮ ਪੀ ਦੇ ਥੱਪੜ ਵਾਲੀ ਕੋਈ ਵੀ ਵੀਡਿਉ ਅਜੇ ਤੱਕ ਸਾਹਮਣੇ ਨਹੀਂ ਆਈ।

ਗੋਦੀ ਮੀਡੀਆ, ਸੋਸ਼ਲ ਮੀਡੀਆ ਅਤੇ ਫੁਕਰੇ ਪੰਜਾਬੀਆਂ ਨੇ ਐਵੇਂ ਹੀ ਕੁਲਵਿੰਦਰ ਕੌਰ ਨੂੰ (ਥੱਪੜ ਮਾਰਦੀ ਨੂੰ ਜਿਵੇਂ ਖ਼ੁਦ ਦੇਖਿਆ ਹੋਵੇ) ਦੋਸ਼ੀ ਸਾਬਤ ਕਰਨ ਦੀਆਂ ਬੜ੍ਹਕਾਂ ਪਤਾ ਨਹੀਂ ਕਿਉਂ ਮਾਰੀਆਂ ਗਈਆਂ ਤੇ ਮਾਰੀਆਂ ਜਾ ਰਹੀਆਂ ਹਨ। ਇਸ ਭੜਕਾਹਟ ਭਰੀ ਸ਼ਬਦਾਵਲੀ ਨਾਲ ਹਿਮਾਚਲ ਅਤੇ ਹਰਿਆਣੇ ਵਿੱਚ ਸਿੱਖਾਂ ਵਿਰੁਧ ਕਈ ਤਰ੍ਹਾਂ ਦੀਆਂ ਘਟਨਾਵਾਂ ਜਿਵੇਂ ਹਰਿਆਣੇ ਦੇ ਕੈਂਥਲ, ਹਿਮਾਚਲ ਵਿਚ ਇਕ ਐਨ ਆਰ ਆਈ ਜੋੜੇ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ ਗਿਆ। ਹੋਟਲ ਸਾਹਮਣੇ ਖੜੀਆਂ ਗੱਡੀਆਂ ਦੇ ਸ਼ੀਸ਼ੇ ਤੋੜ ਦਿਤੇ, ਇਥੋਂ ਤਕ ਕਿ ਇੱਕ ਚੰਡੀਗੜ੍ਹ ਪੁਲਿਸ ਮੁਲਾਜ਼ਮ ਨਾਲ ਵੀ ਧੱਕੇਸ਼ਾਹੀ ਦੀਆਂ ਵੀਡਿਉ ਆਦਿ ਸਾਹਮਣੇ ਆਈਆਂ ਤੇ ਆ ਰਹੀਆਂ ਹਨ।

ਜੇਕਰ ਪੰਜਾਬੀਆਂ ਵੱਲੋਂ ਉਕਤ ਦੇ ਜਵਾਬ ਵਿੱਚ ਅਜਿਹਾ ਹੀ ਕੁੱਝ ਕਰਨਾ ਸ਼ੁਰੂ ਕਰ ਦਿੱਤਾ ਗਿਆ ਤਾਂ ਹਾਲਾਤ ਵਿਗੜਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇਕਰ ਆਉਣ ਵਾਲੇ ਸਮੇਂ ਵਿੱਚ ਉਕਤ ਭਰਾਵਾਂ ਰੂਪੀ ਸਟੇਟਾਂ ਵਿੱਚ ਕਿਸੇ ਤਰ੍ਹਾਂ ਦੀ ਹਿੰਸਾ ਨਾਲ ਕੋਈ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਵਾਰ ਕੇਂਦਰ ਅਤੇ ਸਟੇਟ ਸਰਕਾਰ ਦੇ ਨਾਲ-ਨਾਲ ਅੱਗ ਲਾਊ ਮੀਡੀਆ ਵੀ ਹੋਵੇਗਾ।

# ਜਲੰਧਰ ਵੈਸਟ ਹਲਕੇ ਦੀ ਜ਼ਿਮਨੀ ਚੋਣ ਲਈ 1,72,020 ਵੋਟਰ ਕਰਨਗੇ ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ

ਚੰਡੀਗੜ੍ਹ/ਏ.ਟੀ.ਨਿਊਜ਼ : ਜਲੰਧਰ ਵੈਸਟ ਹਲਕੇ ਦੀ 10 ਜੁਲਾਈ ਨੂੰ ਹੋਣ ਵਾਲੀ ਜ਼ਿਮਨੀ ਚੋਣ ਲਈ 1,72,020 ਵੋਟਰ 23 ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਕਰਨਗੇ। ਚੋਣ ਕਮਿਸ਼ਨ ਅਨੁਸਾਰ ਇਨ੍ਹਾਂ ’ਚੋਂ 89,685 ਮਰਦ ਅਤੇ 82,327 ਮਹਿਲਾ ਵੋਟਰ ਹਨ। ਇਸ ਦੇ ਨਾਲ ਹੀ 18-19 ਉਮਰ ਦੇ ਨੌਜਵਾਨ ਵੋਟਰਾਂ ਦੀ ਗਿਣਤੀ 5005 ਹੈ। ਇਨ੍ਹਾਂ ’ਚੋਂ 2723 ਲੜਕੇ ਅਤੇ 2282 ਲੜਕੀਆਂ ਵੋਟਰ ਹਨ



ਜਦਕਿ 85 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਵੋਟਰਾਂ ਦੀ ਗਿਣਤੀ 746 ਹੈ। ਇਨ੍ਹਾਂ ’ਚੋਂ 364 ਮਰਦ ਅਤੇ 382 ਮਹਿਲਾ ਵੋਟਰ ਹਨ।

ਪੰਜਾਬ ਚੋਣ ਕਮਿਸ਼ਨ ਅਨੁਸਾਰ 181 ਪੋਲਿੰਗ ਸਟੇਸ਼ਨਾਂ ’ਚ ਵੋਟਾਂ ਪੈਣਗੀਆਂ। ਇਨ੍ਹਾਂ ’ਚੋਂ 105 ਸਰਕਾਰੀ ਅਤੇ 76 ਗ਼ੈਰ-ਸਰਕਾਰੀ ਇਮਾਰਤਾਂ ’ਚ ਹਨ। ਜਲੰਧਰ ਪੱਛਮੀ ਜ਼ਿਮਨੀ ਚੋਣ ਲਈ ਕਾਂਗਰਸ ਵੱਲੋਂ ਸੁਰਿੰਦਰ ਕੌਰ, ਭਾਜਪਾ ਵੱਲੋਂ ਸ਼ੀਤਲ ਅੰਗੁਰਾਲ, ਆਮ ਆਦਮੀ ਪਾਰਟੀ ਵੱਲੋਂ ਮੋਹਿੰਦਰ ਭਗਤ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਰਜੀਤ ਕੌਰ ਤੇ ਬਸਪਾ ਵੱਲੋਂ ਬਿੰਦਰ ਲਾਖਾ ਉਮੀਦਵਾਰ ਹਨ। ਇਸ ਤੋਂ ਇਲਾਵਾ ਕਈ ਆਜ਼ਾਦ ਉਮੀਦਵਾਰ ਚੋਣ ਮੈਦਾਨ ’ਚ ਹਨ। ਇਹ ਸੀਟ ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਅਸਤੀਫ਼ਾ ਦੇਣ ਕਾਰਨ ਖ਼ਾਲੀ ਹੋਈ ਸੀ, ਜੋ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ’ਚ ਸ਼ਾਮਲ ਹੋ ਗਏ ਸਨ। ਨਾਮਜ਼ਦਗੀਆਂ ਦੀ ਪੜਤਾਲ 24 ਜੂਨ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖ਼ਰੀ ਤਾਰੀਖ਼ 26 ਜੂਨ ਹੈ। ਵੋਟਾਂ 10 ਜੁਲਾਈ ਨੂੰ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 13 ਜੁਲਾਈ ਨੂੰ ਹੋਵੇਗੀ। ਵੋਟ ਪਾਉਣ ਦਾ ਸਮਾਂ ਸਵੇਰ 7 ਤੋਂ ਸ਼ਾਮ 6 ਵਜੇ ਤੱਕ ਹੋਵੇਗਾ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਯੋਗ ਕਰਨ ਵਾਲੀ ਕੁੜੀ ਖ਼ਿਲਾਫ਼ ਐਫ.ਆਈ.ਆਰ. ਦਰਜ

## ਕੁੜੀ ਨੂੰ ਧਮਕੀਆਂ ਮਿਲਣ ਮਗਰੋਂ ਗੁਜਰਾਤ ਪੁਲਿਸ ਨੇ ਦਿੱਤੀ ਸੁਰੱਖਿਆ

### ਸਿੱਖ ਪੰਥ ਦੇ ਰੋਸ ਨੂੰ ਦੇਖਦਿਆਂ ਕੁੜੀ ਨੇ ਮੰਗੀ ਮੁਆਫ਼ੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਯੋਗ ਆਸਨ ਕਰਨ ਵਾਲੀ ਕੁੜੀ ਖ਼ਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਦਰਜ ਕਰ ਲਿਆ ਗਿਆ। ਅੰਮ੍ਰਿਤਸਰ ਪੁਲਿਸ ਵੱਲੋਂ ਅਰਚਨਾ ਮਕਵਾਨਾ ਦੇ ਖ਼ਿਲਾਫ਼ ਧਾਰਾ 295ਏ ਤਹਿਤ ਐਫ਼.ਆਈ.ਆਰ ਦਰਜ ਕੀਤੀ ਗਈ ਹੈ। ਇਸ ਮਾਮਲੇ ਵਿੱਚ ਹੁਣ ਇੱਕ ਨਵਾਂ ਮੋੜ ਆ ਗਿਆ ਹੈ। ਗੁਜਰਾਤ ਪੁਲਿਸ ਵੱਲੋਂ ਅਰਚਨਾ ਨੂੰ ਸੁਰੱਖਿਆ ਦੇ ਦਿੱਤੀ ਗਈ ਹੈ। ਅਰਚਨਾ ਨੇ ਖ਼ੁਦ ਉਸ ਦੀ ਜਾਣਕਾਰੀ ਸੋਸ਼ਲ ਮੀਡੀਆ ’ਤੇ ਸਾਂਝੀ ਕੀਤੀ ਹੈ।

ਅਰਚਨਾ ਮਕਵਾਨਾ ਨੇ ਸੋਸ਼ਲ ਮੀਡੀਆ ’ਤੇ ਵੀਡੀਓ ਸਾਂਝੀ ਕਰਦਿਆਂ ਵਡੋਦਰਾ ਅਤੇ ਗੁਜਰਾਤ ਪੁਲਿਸ ਦਾ ਉਸ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਲਈ ਧੰਨਵਾਦ ਕੀਤਾ ਹੈ। ਉਸ ਨੇ ਕਿਹਾ ਕਿ ਉਸ ਨੇ ਸੁਰੱਖਿਆ ਲਈ ਅਪੀਲ ਵੀ ਨਹੀਂ ਕੀਤੀ ਸੀ, ਫ਼ਿਰ ਵੀ ਫ਼ੌਰੀ ਐਕਸ਼ਨ ਲੈਂਦਿਆਂ ਉਸ ਨੂੰ ਸੁਰੱਖਿਆ ਮੁਹੱਈਆ ਕਰਵਾਈ ਹੈ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਪੂਰੀ ਤਰ੍ਹਾਂ ਸੁਰੱਖਿਅਤ ਹੈ।

ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇੱਕ ਕੁੜੀ ਵੱਲੋਂ ਪਰਿਕਰਮਾ ਅੰਦਰ ਯੋਗ ਆਸਨ ਕਰਕੇ ਇਸ ਦੀ ਤਸਵੀਰ ਆਪਣੇ ਸੋਸ਼ਲ ਮੀਡੀਆ ਜ਼ਰੀਏ ਫੈਲਾਉਣ ਦਾ ਸਖ਼ਤ ਨੋਟਿਸ ਲੈਂਦਿਆਂ ਉਸ ਵਿਰੁੱਧ ਕਾਰਵਾਈ ਵਾਸਤੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਭੇਜੀ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਕਿਸੇ ਨੂੰ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਮਤਿ ਵਿਰੁੱਧ ਹਰਕਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਪਰ ਕੁਝ ਲੋਕ ਜਾਣਬੁੱਝ ਕੇ ਇਸ ਪਾਵਨ ਅਸਥਾਨ ਦੀ ਪਵਿੱਤਰਤਾ ਤੇ ਇਤਿਹਾਸਕ ਮਹੱਤਤਾ ਨੂੰ ਨਜ਼ਰਅੰਦਾਜ਼ ਕਰ ਕੇ ਕੋਝੀਆਂ ਹਰਕਤਾਂ ਕਰਦੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਇੱਕ ਕੁੜੀ ਵੱਲੋਂ ਕੀਤੀ ਗਈ ਹਰਕਤ ਨਾਲ ਸਿੱਖ ਭਾਵਨਾਵਾਂ ਅਤੇ ਮਰਿਆਦਾ ਨੂੰ ਠੇਸ ਪੁੱਜੀ ਹੈ, ਇਸ ਲਈ ਪੁਲਿਸ ਨੂੰ ਕਾਰਵਾਈ ਲਈ ਲਿਖਿਆ ਗਿਆ ਹੈ।

ਐਡਵੋਕੇਟ ਧਾਮੀ ਨੇ ਸੰਗਤ ਨੂੰ ਅਪੀਲ ਕੀਤੀ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਸਮੁੱਚੇ ਸਿੱਖ ਜਗਤ ਅੰਦਰ ਵੱਡਾ ਸਤਿਕਾਰ ਹੈ ਅਤੇ ਇਸ ਦੇ ਨਾਲ ਹੀ ਦੇਸ਼-ਦੁਨੀਆਂ ਦੇ ਹਰ ਧਰਮ ਤੇ ਵਰਗ ਨਾਲ ਸਬੰਧਿਤ ਸ਼ਰਧਾਲੂ ਇੱਥੇ ਸ਼ਰਧਾ ਨਾਲ ਨਤਮਸਤਕ ਹੋਣ ਲਈ ਪੁੱਜਦੇ ਹਨ, ਜਿਸ ਨੂੰ ਵੇਖਦਿਆਂ ਇੱਥੋਂ ਦੀ ਮਰਿਆਦਾ ਦਾ ਜ਼ਰੂਰ ਖਿਆਲ ਰੱਖਿਆ ਜਾਵੇ।

**ਸੋਸ਼ਲ ਮੀਡੀਆ ’ਤੇ ਮੰਗੀ ਸੀ ਮੁਆਫ਼ੀ**

ਬੀਤੇ ਦਿਨੀਂ ਉਕਤ ਕੁੜੀ ਅਰਚਨਾ ਮਕਵਾਨਾ ਵੱਲੋਂ ਸੋਸ਼ਲ ਮੀਡੀਆ ’ਤੇ ਹੀ ਪੋਸਟ ਅਪਲੋਡ ਕਰਕੇ ਆਪਣੀ ਇਸ ਗਲਤੀ ਦੀ ਮੁਆਫ਼ੀ ਮੰਗੀ ਸੀ। ਉਸ ਨੇ ਕਿਹਾ ਸੀ ਉਸ ਦਾ ਇਰਾਦਾ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਨਹੀਂ ਸੀ, ਫਿਰ ਵੀ ਜੇ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਉਹ ਇਸ ਲਈ ਮੁਆਫ਼ੀ ਮੰਗਦੀ ਹੈ।

(ਬਾਕੀ ਸਫ਼ਾ 31 ’ਤੇ)

### ਸ਼ਰਾਰਤੀ ਲੋਕਾਂ ਨੂੰ ਸਖ਼ਤੀ ਨਾਲ ਨੱਥ ਪਾਉਣ ਦੀ ਮੁੱਖ ਲੋੜ : ਜਥੇਦਾਰ ਸ੍ਰੀ ਅਕਾਲ ਤਖ਼ਤ

ਅੰਮ੍ਰਿਤਸਰ/ਏ.ਟੀ.ਨਿਊਜ਼ :ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬੀਤੇ ਦਿਨੀਂ ਇੱਕ ਕੁੜੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਰਿਕਰਮਾ ਵਿੱਚ ਯੋਗ ਆਸਨ ਵਿੱਚ ਤਸਵੀਰਾਂ ਖਿਚਵਾ ਕੇ ਸੋਸ਼ਲ ਮੀਡੀਆ ’ਤੇ ਅਪਲੋਡ ਕਰਨ ਦੇ ਮਾਮਲੇ ਵਿੱਚ ਕਿਹਾ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਸਿੱਖ ਰੂਹਾਨੀਅਤ ਦਾ ਕੇਂਦਰ ਹੈ ਅਤੇ ਇੱਥੇ ਸਮੁੱਚੀ ਮਾਨਵ ਜਾਤੀ ਨੂੰ ਰੱਬੀ ਏਕਤਾ ਦਾ ਸੰਦੇਸ਼ ਮਿਲਦਾ ਹੈ ਪਰ ਯੋਗ ਆਸਨ ਦੀ ਸਿੱਖ ਧਰਮ ਵਿੱਚ ਕੋਈ ਮਹੱਤਤਾ ਨਹੀਂ ਹੈ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖ ਧਰਮ ਇੱਕ ਨਿਆਰਾ ਤੇ ਨਿਰਾਲਾ ਧਰਮ ਹੈ, ਜਿਸ ਬਾਰੇ ਕੁਝ ਤਾਕਤਾਂ ਜਾਣ-ਬੁਝ ਕੇ ਗਲਤ ਪ੍ਰਚਾਰ ਕਰਨ ਵਿੱਚ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਨੇ ਸਰੀਰਕ ਕਸਰਤ ਲਈ ਸਿੱਖਾਂ ਨੂੰ ਗੱਤਕਾ ਵਰਗੀ ਜੰਗਜੂ ਕਲਾ ਦਿੱਤੀ ਹੈ ਅਤੇ ਸਿੱਖ ਯੋਗ ਨਹੀਂ, ਗੱਤਕਾ ਖੇਡਦੇ ਹਨ।

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਦੇਸ਼ ਕੀਤਾ ਕਿ ਭਵਿੱਖ ਵਿੱਚ ਇਸ ਗੱਲ ਵੱਲ ਸੁਚੇਤ ਰੂਪ ਵਿੱਚ ਧਿਆਨ ਦਿੱਤਾ ਜਾਵੇ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਸਮੂਹ ਅੰਦਰ ਕੋਈ ਵੀ ਅਜਿਹੀ ਕਿਰਿਆ ਜਾਂ ਕਰਮ ਨਾ ਹੋਣ ਦਿੱਤਾ ਜਾਵੇ, ਜੋ ਸਿੱਖ ਧਰਮ ਦੇ ਨਿਆਰੇਪਨ ਦੇ ਉਲਟ ਅਤੇ ਗੁਰੂ-ਘਰ ਦੀ ਮਰਿਆਦਾ ਵਿੱਚ ਫਰਕ ਪਾਉਂਦੀ ਹੋਵੇ। ਉਨ੍ਹਾਂ ਆਖਿਆ ਕਿ ਸਰਕਾਰਾਂ ਨੂੰ ਵੀ ਇਹੋ ਜਿਹੇ ਸ਼ਰਾਰਤੀ ਲੋਕਾਂ ਨੂੰ ਸਖ਼ਤੀ ਨਾਲ ਨੱਥ ਪਾਉਣੀ ਚਾਹੀਦੀ ਹੈ, ਜੋ ਕਿਸੇ ਨਫਰਤ ਭਰੀ ਸੋਚ ਦੇ ਪਿੱਛੇ ਲੱਗ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਕੋਝੇ ਯਤਨ ਕਰਦੇ ਹਨ ਅਤੇ ਸਮਾਜ ਦਾ ਮਾਹੌਲ ਖ਼ਰਾਬ ਕਰਦੇ ਹਨ।

# ਸਤੰਬਰ ’ਚ ਮਨਾਈਆਂ ਜਾਣਗੀਆਂ ਤਿੰਨ ਵੱਡੀਆਂ ਸ਼ਤਾਬਦੀਆਂ

## 450 ਸਾਲਾ ਸ਼ਤਾਬਦੀਆਂ ਸਬੰਧੀ ਲੋਗੋ ਅਤੇ ਹੋਰ ਸਮੱਗਰੀ ਵੀ ਜਾਰੀ ਕੀਤੀ ਗਈ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ’ਚ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਦੇ ਸਮਾਗਮਾਂ ਦੀ ਰੂਪ ਰੇਖਾ ਉਲੀਕਣ ਦੇ ਨਾਲ-ਨਾਲ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰਨ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ 450 ਸਾਲਾ ਸ਼ਤਾਬਦੀਆਂ ਸਬੰਧੀ ਲੋਗੋ ਅਤੇ ਹੋਰ ਸਮੱਗਰੀ ਵੀ ਜਾਰੀ ਕੀਤੀ ਗਈ।

ਇਕੱਤਰਤਾ ਮਗਰੋਂ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਤੰਬਰ ਮਹੀਨੇ ਦੋ ਸ਼ਤਾਬਦੀਆਂ ਵੱਡੇ ਪੱਧਰ ’ਤੇ ਮਨਾਈਆਂ ਜਾਣੀਆਂ ਹਨ ਜਿਸ ਦੀਆਂ ਤਿਆਰੀਆਂ ਲਗਭਗ ਮੁਕੰਮਲ ਹੋ ਗਈਆਂ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਤਾਬਦੀਆਂ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ। ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਥਿਆਂ ਵੱਲੋਂ ਪਿੰਡ-ਪਿੰਡ ਤੱਕ ਪਹੁੰਚ ਕਰ ਕੇ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ ਅਤੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਦੇ ਸਹਿਯੋਗ ਨਾਲ ਹਲਕਾ ਪੱਧਰ ’ਤੇ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਜਾਣਗੇ। ਇਕੱਤਰਤਾ ’ਚ ਲਏ ਇੱਕ ਹੋਰ ਫ਼ੈਸਲੇ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਦਸਿਆ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤਧਾਰੀ ਸਿੱਖ ਬੱਚੀਆਂ ਨੂੰ ਮੁਫ਼ਤ ਵਿਦਿਆ ਦੇਣ ਦਾ ਉਪਰਾਲਾ ਕੀਤਾ ਗਿਆ ਹੈ ਜਿਸ ਤਹਿਤ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਿਹਗੜ੍ਹ ਸਾਹਿਬ ਵਿਖੇ ਗੁਰਸਿੱਖ ਬੱਚੀਆਂ ਨੂੰ ਪੜ੍ਹਾਈ ਕਰਵਾਈ ਜਾ ਰਹੀ ਹੈ। ਇਸ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿੱਚ 100 ਬੱਚੀਆਂ ਸਿਖਿਆ ਪ੍ਰਾਪਤ ਕਰ ਰਹੀਆਂ ਹਨ ਜਿਸ ਦਾ ਵਿਸਥਾਰ ਕਰਦੇ ਇਹ ਸੀਟਾਂ 150 ਕਰਨ ਨੂੰ ਪ੍ਰਵਾਨਗੀ ਦਿਤੀ ਗਈ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦਸਿਆ ਕਿ ਬੀਤੇ ਦਿਨੀਂ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਪੀਲੀਭੀਤ ਵਿਖੇ ਗ੍ਰੰਥੀ ਸਿੰਘ ਦੀ ਬੇਟੀ ਨਾਲ ਵਾਪਰੀ ਘਟਨਾ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸ. ਤੇਜਿੰਦਰਪਾਲ ਸਿੰਘ ਲਾਡਵਾ ਨੂੰ ਭੇਜਿਆ ਗਿਆ ਸੀ, ਜਿਨ੍ਹਾਂ ਨੇ ਪੀੜਤ ਪ੍ਰਵਾਰ ਨਾਲ ਮੁਲਾਕਾਤ ਕਰ ਕੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਮਦਦ ਦਾ ਭਰੋਸਾ ਦਿਵਾਇਆ। ਸ਼੍ਰੋਮਣੀ ਕਮੇਟੀ ਦੇ ਇਸ ਵਫ਼ਦ ਨੇ ਪ੍ਰਸ਼ਾਸਨ ਨਾਲ ਵੀ ਸੰਪਰਕ ਕਰ ਕੇ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਅਫ਼ਸੋਸ ਹੈ ਕਿ ਇਸ ਮੰਦਭਾਗੀ ਘਟਨਾ ਦੇ ਦੋਸ਼ੀਆਂ ਵਿਚੋਂ ਦੋ ਵਿਅਕਤੀ ਸੱਤਾਧਾਰੀ ਪਾਰਟੀ ਨਾਲ ਸਬੰਧ ਰਖਦੇ ਹਨ, ਜਿਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ।



ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਘਟਨਾ ਦੇ ਸਾਰੇ ਦੋਸ਼ੀ ਤੁਰਤ ਗ੍ਰਿਫ਼ਤਾਰ ਕੀਤੇ ਜਾਣ ਅਤੇ ਪੀੜਤ ਪ੍ਰਵਾਰ ਨੂੰ ਇਨਸਾਫ਼ ਦਿਵਾਇਆ ਜਾਵੇ। ਇਕੱਤਰਤਾ ’ਚ ਧਰਮ ਪ੍ਰਚਾਰ ਕਮੇਟੀ ਨਾਲ ਸਬੰਧਿਤ ਹੋਰ ਮਾਮਲਿਆਂ ਨੂੰ ਪ੍ਰਵਾਨਗੀ ਦਿਤੀ ਗਈ।

# ਕਿਰਪਾਨ ਕਾਰਨ ਗੁਰਸਿੱਖ ਕੁੜੀ ਨੂੰ ਨਹੀਂ ਦੇਣ ਦਿੱਤਾ ਪੇਪਰ

### ਸ਼੍ਰੋਮਣੀ ਕਮੇਟੀ ਨੇ ਲਿਆ ਸਖ਼ਤ ਨੋਟਿਸ

ਅੰਮ੍ਰਿਤਸਰ/ਏ.ਟੀ.ਨਿਊਜ਼ : ਰਾਜਸਥਾਨ ਲੋਕ ਸੇਵਾ ਕਮਿਸ਼ਨ ਵੱਲੋਂ ਜੋਧਪੁਰ ਦੇ ਇੱਕ ਕੇਂਦਰ ਵਿਖੇ ਰਾਜਸਥਾਨ ਜੁਡੀਸ਼ੀਅਲ ਮੁਕਾਬਲਾ ਪ੍ਰੀਖਿਆ ਕਰਵਾਈ ਗਈ, ਜਿਥੇ ਬਹੁਤ ਸਾਰੇ ਵਿਦਿਆਰਥੀ ਪਹੁੰਚੇ ਹੋਏ ਸਨ। ਇਸ ਪ੍ਰੀਖਿਆ ਦੌਰਾਨ ਗੁਰਸਿੱਖ ਲੜਕੀ ਐਡਵੋਕੇਟ ਅਰਮਨਜੋਤ ਕੌਰ ਨੂੰ ਕਿਰਪਾਨ ਪਹਿਨ ਕੇ ਪ੍ਰੀਖਿਆ ਕੇਂਦਰ ਵਿੱਚ ਜਾਣ ਤੋਂ ਰੋਕ ਦਿੱਤਾ ਗਿਆ। ਇਸ ਦੌਰਾਨ ਵਿਦਿਆਰਥਣ ਦੇ ਪਰਿਵਾਰ ਨੇ ਇਸ ਦਾ ਵਿਰੋਧ ਕੀਤਾ। ਸਿੱਖ ਬੱਚੀ ਨੇ ਜਦੋਂ ਇਸ ਗੱਲ ਦਾ ਵਿਰੋਧ ਕਰਦੇ ਕਿਰਪਾਨ ਨਹੀਂ ਉਤਾਰੀ ਤਾਂ ਉਸ ਨੂੰ ਪ੍ਰੀਖਿਆ ਦੇਣ ਦੇ ਮੌਕੇ ਤੋਂ ਵਾਂਝੇ ਰੱਖਿਆ ਗਿਆ।

**ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਲਿਆ ਸਖ਼ਤ ਨੋਟਿਸ**

ਦੂਜੇ ਪਾਸੇ ਪ੍ਰੀਖਿਆ ਵਿੱਚ ਦਾਖਲਾ ਨਾ ਦੇਣ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਦੇਸ਼ ਦੇ ਸੰਵਿਧਾਨ ਦੀ ਵੱਡੀ ਉਲੰਘਣਾ ਹੈ। ਉਨ੍ਹਾਂ ਨੇ ਕਿਹਾ ਕਿ ਗੁਰਸਿੱਖ ਲੜਕੀ ਐਡਵੋਕੇਟ ਅਰਮਨਜੋਤ ਕੌਰ ਨੂੰ ਕਿਰਪਾਨ ਸਮੇਤ ਜੁਡੀਸ਼ੀਅਲ ਪ੍ਰੀਖਿਆ ਵਿੱਚੋਂ ਰੋਕਣ ਵਾਲੇ ਪ੍ਰੀਖਿਆ ਕੇਂਦਰ ਦੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਜਿਨ੍ਹਾਂ ਦੀ ਇਸ ਆਪਹੁਦਰੀ ਹਰਕਤ ਨਾਲ ਇੱਕ ਬੱਚੀ ਦਾ ਭਵਿੱਖ ਦਾਅ ’ਤੇ ਲੱਗਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਸਿੱਖਾਂ ਨੂੰ ਕਿਰਪਾਨ ਪਹਿਨਣ ਦਾ ਪੂਰਾ ਅਧਿਕਾਰ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਕੋਈ ਵੀ ਅੰਮ੍ਰਿਤਧਾਰੀ ਸਿੱਖ ਆਪਣੇ ਸਰੀਰ ਨਾਲੋਂ ਪੰਜ ਸਿੱਖ ਕਕਾਰ ਵੱਖ ਨਹੀਂ ਕਰ ਸਕਦਾ। ਉਨ੍ਹਾਂ ਨੇ ਕਿਹਾ ਪਿਛਲੇ ਕੁਝ ਸਮੇਂ ਤੋਂ ਦੇਸ਼ ਅੰਦਰ ਸਿੱਖ ਉਮੀਦਵਾਰਾਂ ਨੂੰ ਖ਼ਾਸ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਕਸਰ ਹੀ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਵਿੱਚ ਅੰਮ੍ਰਿਤਧਾਰੀ ਸਿੱਖਾਂ ਦੇ ਧਾਰਮਿਕ ਚਿੰਨ੍ਹ ਕਕਾਰ ਉਤਾਰਨ ਲਈ ਆਖਿਆ ਜਾਂਦਾ ਹੈ ਅਤੇ ਵਿਰੋਧ ਕਰਨ ’ਤੇ ਮੁਕਾਬਲਾ ਪ੍ਰੀਖਿਆਵਾਂ ਵਿੱਚ ਦਾਖਲਾ ਨਹੀਂ ਦਿੱਤਾ ਜਾਂਦਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਵਰਤਾਰੇ ਨੂੰ ਆਪਣੇ ਹੀ ਦੇਸ਼ ਭਾਰਤ ਅੰਦਰ ਸਿੱਖਾਂ ਨਾਲ ਵੱਡਾ ਵਿਤਕਰਾ ਕਰਾਰ ਦਿੰਦਿਆਂ ਗੁਰਸਿੱਖ ਲੜਕੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਗੱਲ ਆਖੀ। ਸਿੱਖ ਸੰਸਥਾ ਪੀੜਤ ਗੁਰਸਿੱਖ ਬੱਚੀ ਦੇ ਨਾਲ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਉਮੀਦਵਾਰਾਂ ਨਾਲ ਕੀਤਾ ਜਾਂਦਾ ਇਹ ਵਿਤਕਰਾ ਵਖਰੇਵਾਂ ਉਨ੍ਹਾਂ ਦੀ ਮਾਨਸਿਕਤਾ ਨੂੰ ਸੱਟ ਮਾਰਦਾ ਹੈ, ਕਿਉਂਕਿ ਪੇਪਰ ਤੋਂ ਪਹਿਲਾਂ ਉਮੀਦਵਾਰਾਂ ਨਾਲ ਅਜਿਹੇ ਅਪਰਾਧਿਕ ਵਿਹਾਰ ਕਰਕੇ ਪੇਪਰ ਵਿੱਚ ਕਾਰਗੁਜ਼ਾਰੀ ਉੱਤੇ ਗਹਿਰਾ ਅਸਰ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸਭ ਨੂੰ ਇਹ ਪਤਾ ਹੋਣ ਦੇ ਬਾਵਜੂਦ ਵੀ ਕਿ ਕਿਰਪਾਨ ਸਿੱਖਾਂ ਦੇ ਪੰਜ ਕਕਾਰਾਂ ਦਾ ਹਿੱਸਾ ਹੈ

(ਬਾਕੀ ਸਫ਼ਾ 30 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਬੱਚਿਆਂ ਨੂੰ ਧਰਮ ਅਤੇ ਮਾਤ ਭਾਸ਼ਾ ਦੀ ਸਿੱਖਿਆ ਦੇਣੀ ਜ਼ਰੂਰੀ

ਹਰ ਬੱਚੇ ਦਾ ਮਨ ਕੋਰੀ ਸਲੇਟ ਹੁੰਦਾ ਹੈ, ਇਸ ਬਾਲ ਮਨ ’ਤੇ ਬਚਪਣ ਵਿੱਚ ਹੀ ਜਿਹੜੀ ਇਬਾਰਤ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਲਿਖ ਦਿੱਤੀ ਜਾਂਦੀ ਹੈ, ਉਸ ਦਾ ਅਸਰ ਬੱਚੇ ਉੱਪਰ ਸਾਰੀ ਉਮਰ ਰਹਿੰਦਾ ਹੈ। ਇਸੇ ਲਈ ਵਿਕਸਤ ਮੁਲਕਾਂ ਵਿੱਚ ਬੱਚਿਆਂ ਦੇ ਬਚਪਣ ਸਬੰਧੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਦੂਜੇ ਪਾਸੇ ਵੱਡੀ ਗਿਣਤੀ ਪਰਿਵਾਰ ਆਪਣੇ ਬੱਚਿਆਂ ਦੇ ਬਚਪਣ ਵੱਲ ਸਹੀ ਤਰੀਕਿਆਂ ਨਾਲ ਧਿਆਨ ਦੇਣ ਵਿੱਚ ਅਵੇਸਲੇ ਰਹਿੰਦੇ ਹਨ। ਵੱਡੀ ਗਿਣਤੀ ਪੰਜਾਬੀ ਆਪਣੇ ਬੱਚਿਆਂ ਨੂੰ ਕੌਨਵੈਂਟ ਅਤੇ ਇੰਗਲਿਸ਼ ਮੀਡੀਅਮ ਵਾਲੇ ਸਕੂਲਾਂ ਵਿੱਚ ਪੜਾਉਣਾ ਆਪਣੀ ਸ਼ਾਨ ਅਤੇ ਸਟੇਟਸ ਸਿੰਬਲ ਸਮਝਦੇ ਹਨ। ਇੰਗਲਿਸ਼ ਸਕੂਲਾਂ ਵਿੱਚ ਪੜ੍ਹਨ ਵਾਲੇ ਪੰਜਾਬੀਆਂ ਦੇ ਬੱਚੇ ਇੰਗਲਿਸ਼ ਤਾਂ ਸਿੱਖ ਜਾਂਦੇ ਹਨ ਪਰ ਆਪਣੀ ਮਾਂ ਬੋਲੀ ਪੰਜਾਬੀ ਤੋਂ ਅਕਸਰ ਕੋਰੇ ਰਹਿ ਜਾਂਦੇ ਹਨ। ਇਸ ਤੋਂ ਇਲਾਵਾ ਇੰਗਲਿਸ਼ ਸਕੂਲਾਂ ਵਿੱਚ ਪੜ੍ਹਦੇ ਪੰਜਾਬੀਆਂ ਦੇ ਬੱਚਿਆਂ ਨੂੰ ਅੰ ਗ੍ਰੇਜ਼ਾਂ ਦੇ ਧਾਰਮਿਕ ਤਿਉਹਾਰਾਂ ਦੀ ਪੂਰੀ ਜਾਣਕਾਰੀ ਹੁੰਦੀ ਹੈ ਅਤੇ ਇਹ ਤਿਉਹਾਰ ਇੰਗਲਿਸ਼ ਸਕੂਲਾਂ ਵਿੱਚ ਮਨਾਏ ਵੀ ਜਾਂਦੇ ਹਨ ਪਰ ਪੰਜਾਬੀਆਂ ਦੇ ਇਹਨਾਂ ਬੱਚਿਆਂ ਨੂੰ ਆਪਣੇ ਮਹਾਨ ਵਿਰਸੇ ਅਤੇ ਵਡਮੁੱਲੇ ਧਾਰਮਿਕ ਸਰਮਾਏ ਦੀ ਜਾਣਕਾਰੀ ਨਾਂਹ ਦੇ ਬਰਾਬਰ ਹੁੰਦੀ ਹੈ। ਹਰ ਸਾਲ ਦਸੰਬਰ ਮਹੀਨੇ ਦੇ ਅਖੀਰਲੇ ਦਿਨਾਂ ਦੌਰਾਨ ਵੇਖਣ ਵਿੱਚ ਆਉਂਦਾ ਹੈ ਕਿ ਪੰਜਾਬ ਵਿੱਚ ਇੱਕ ਪਾਸੇ ਗੁਰੂ ਸਾਹਿਬਾਨ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਮਨਾਏ ਜਾਂਦੇ ਹਨ, ਦੂਜੇ ਪਾਸੇ ਇੰਗਲਿਸ਼ ਸਕੂਲਾਂ ਵਿੱਚ ਕ੍ਰਿਸਮਿਸ ਦੇ ਜਸ਼ਨ ਮਨਾਏ ਜਾਂਦੇ ਹਨ। ਇੰਗਲਿਸ਼ ਸਕੂਲਾਂ ਵਿੱਚ ਪੜ੍ਹਦੇ ਪੰਜਾਬੀਆਂ ਦੇ ਬੱਚਿਆਂ ਨੂੰ ਕ੍ਰਿਸਮਿਸ ਦੀ ਪੂਰੀ ਜਾਣਕਾਰੀ ਹੁੰਦੀ ਹੈ ਪਰ ਸ਼ਹੀਦੀ ਜੋੜ ਮੇਲਿਆਂ ਬਾਰੇ ਉਹਨਾਂ ਨੂੰ ਜਾਣਕਾਰੀ ਨਾਂਹ ਦੇ ਬਰਾਬਰ ਹੁੰਦੀ ਹੈ। ਇਸੇ ਕਾਰਨ ਅਨੇਕਾਂ ਪੰਜਾਬੀਆਂ ਦੇ ਬੱਚੇ ਆਪਣੇ ਮਹਾਨ ਵਿਰਸੇ ਤੋਂ ਕੋਰੇ ਰਹਿ ਜਾਂਦੇ ਹਨ।

ਅਸੀਂ ਕਿਸੇ ਧਰਮ ਦਾ ਵਿਰੋਧ ਨਹੀਂ ਕਰਦੇ ਤੇ ਨਾ ਹੀ ਅਸੀਂ ਕਿਸੇ ਧਰਮ ਦੇ ਵਿਰੁੱਧ ਹਾਂ। ਅਸੀਂ ਤਾਂ ਸਿਰਫ਼ ਏਨਾ ਕੁ ਚਾਹੁੰਦੇ ਹਾਂ ਕਿ ਹਰ ਧਰਮ ਦਾ ਬੱਚਾ ਆਪਣੇ ਧਰਮ ਦੇ ਵਿੱਚ ਪਰਿਪੱਕ ਹੋਵੇ ਅਤੇ ਹਰ ਧਰਮ ਦੇ ਬੱਚੇ ਨੂੰ ਉਸ ਦੇ ਧਰਮ ਦੀ ਸਹੀ ਸਿੱਖਿਆ ਦਿੱਤੀ ਜਾਵੇ। ਇਸ ਤੋਂ ਇਲਾਵਾ ਇੰਗਲਿਸ਼ ਸਿਖਾਉਣ ਦੇ ਨਾਲ ਬੱਚਿਆਂ ਨੂੰ ਮਾਂ ਬੋਲੀ ਦੀ ਵੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਵਿਦਵਾਨ ਕਹਿੰਦੇ ਹਨ ਕਿ ਬੱਚਾ ਆਪਣੀ ਮਾਂ ਬੋਲੀ ਵਿੱਚ ਸਿੱਖਿਆ ਜਲਦੀ ਗ੍ਰਹਿਣ ਕਰਦਾ ਹੈ। ਇੰਗਲਿਸ਼ ਸਕੂਲਾਂ ਵਿੱਚ ਪੜ੍ਹਦੇ ਵੱਡੀ ਗਿਣਤੀ ਪੰਜਾਬੀ ਬੱਚੇ ਅਜਿਹੇ ਹਨ ਜੋ ਕਿ ਸੋਚਦੇ ਤਾਂ ਪੰਜਾਬੀ ਵਿੱਚ ਹਨ ਪਰ ਬੋਲਦੇ ਇੰਗਲਿਸ਼ ਹਨ। ਬੱਚਿਆਂ ਨੂੰ ਵੱਖ- ਵੱਖ ਭਾਸ਼ਾਵਾਂ ਦਾ ਗਿਆਨ ਦੇਣਾ ਬਹੁਤ ਜ਼ਰੂਰੀ ਹੈ ਅਤੇ ਦੂਜੇ ਧਰਮਾਂ ਬਾਰੇ ਵੀ ਬੱਚਿਆਂ ਨੂੰ ਜਾਣਕਾਰੀ ਦੇਣ ਨਾਲ ਉਹਨਾਂ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ ਅਤੇ ਬੱਚਿਆਂ ਵਿੱਚ ਆਪਸੀ ਮਿਲਵਰਤਣ ਦੀ ਭਾਵਨਾ ਪੈਦਾ ਹੁੰਦੀ ਹੈ।

ਬੱਚਾ ਜਿਸ ਪਰਿਵਾਰ ਵਿੱਚ ਜਨਮ ਲੈਂਦਾ ਹੈ, ਉਸ ਪਰਿਵਾਰ ਦੇ ਧਰਮ ਅਤੇ ਮਾਂ ਬੋਲੀ ਦਾ ਗਿਆਨ ਬੱਚੇ ਨੂੰ ਉਸ ਦੇ ਬਚਪਣ ਵਿੱਚ ਹੀ ਸਹੀ ਤਰੀਕੇ ਨਾਲ ਦੇਣਾ ਚਾਹੀਦਾ ਹੈ। ਇਸ ਮੌਕੇ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਬੱਚਾ ਕੱਟੜਪੰਥੀ ਵਿਚਾਰਾਂ ਦਾ ਧਾਰਨੀ ਨਾ ਬਣ ਜਾਵੇ। ਹਰ ਬੱਚੇ ਵਿੱਚ ਸਹਿਣਸ਼ੀਲਤਾ ਹੋਣੀ ਜ਼ਰੂਰੀ ਹੈ। ਬੱਚਿਆਂ ਨੂੰ ਵੀਡੀਓ/ਮੋਬਾਇਲ ਗੇਮਾਂ ਅਤੇ ਮਾੜੀ ਸੰਗਤ ਤੋਂ ਬਚਾਉਣ ਲਈ ਚੰਗਾ ਰਾਹ ਇਹ ਹੀ ਹੈ ਕਿ ਉਹਨਾਂ ਨੂੰ ਧਰਮ ਅਤੇ ਮਾਂ ਬੋਲੀ ਦੀ ਸਿੱਖਿਆ ਦਿੱਤੀ ਜਾਵੇ ਤਾਂ ਕਿ ਉਹ ਕੁਰਾਹੇ ਨਾ ਪੈ ਸਕਣ। ਇਸ ਲਈ ਬੱਚਿਆਂ ਨੂੰ ਹਫਤੇ ਵਿੱਚ ਇੱਕ ਦਿਨ ਜਾਂ ਛੁੱਟੀ ਵਾਲੇ ਦਿਨ ਕਿਸੇ ਧਾਰਮਿਕ ਸਥਾਨ ’ਤੇ ਜ਼ਰੂਰ ਲਿਜਾਉਣਾ ਚਾਹੀਦਾ ਹੈ।

ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣ ਤੋਂ ਪਹਿਲਾਂ ਸੰਬੰਧਿਤ ਸਕੂਲ ਬਾਰੇ ਪੂਰੀ ਜਾਣਕਾਰੀ ਲੈ ਲੈਣੀ ਚਾਹੀਦੀ ਹੈ ਅਤੇ ਚੰਗੇ ਸਕੂਲ ਵਿੱਚ ਦਾਖਲ ਕਰਵਾਉਣਾ ਚਾਹੀਦਾ ਹੈ ਅਤੇ ਉਸ ਨੂੰ ਸਕੂਲ ਦੀ ਪੜ੍ਹਾਈ ਦੇ ਨਾਲ ਨਾਲ ਧਰਮ ਅਤੇ ਮਾਂ ਬੋਲੀ ਦੀ ਸਿੱਖਿਆ ਦੇਣ ਲਈ ਚੰਗੀਆਂ ਕਿਤਾਬਾਂ ਪੜਨ ਦੀ ਆਦਤ ਪਾਉਣੀ ਚਾਹੀਦੀ ਹੈ ਤਾਂ ਕਿ ਉਸ ਦੇ ਗਿਆਨ ਵਿੱਚ ਵਾਧਾ ਹੋ ਸਕੇ। ਇੱਕ ਚੰਗੀ ਕਿਤਾਬ ਕਈ ਵਾਰ ਬੱਚਿਆਂ ਦਾ ਜੀਵਨ ਬਦਲ ਦਿੰਦੀ ਹੈ। ਬੱਚਿਆਂ ਨੂੰ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਅਤੇ ਕੁਰਬਾਨੀਆਂ ਬਾਰੇ ਵੀ ਜਾਣਕਾਰੀ ਦੇਣੀ ਚਾਹੀਦੀ ਹੈ। ਜਦੋਂ ਅਸੀਂ ਵਿਕਸਤ ਦੇਸ਼ਾਂ ਦੇ ਬੱਚਿਆਂ ਵੱਲ ਵੇਖਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਵਿਕਸਤ ਦੇਸ਼ਾਂ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਅਤੇ ਉਹਨਾਂ ਮੁਲਕਾਂ ਵਿੱਚ ਬੱਚਿਆਂ ਨੂੰ ਅੰਤਰਰਾਸ਼ਟਰੀ ਪੱਧਰ ਦੀਆਂ ਸਿੱਖਿਆ ਸਹੂਲਤਾਂ ਮੁਹਈਆ ਕਰਵਾਈਆਂ ਜਾਂਦੀਆਂ ਹਨ ਤਾਂ ਕਿ ਬੱਚੇ ਅੰਤਰਰਾਸ਼ਟਰੀ ਪੱਧਰ ’ਤੇ ਚੰਗੇ ਨਤੀਜੇ ਪ੍ਰਾਪਤ ਕਰਨ। ਜਦੋਂ ਅਸੀਂ ਭਾਰਤ ਵਿੱਚ ਜਾਂ ਪੰਜਾਬ ਵਿੱਚ ਬੱਚਿਆਂ ਦੀ ਸਥਿਤੀ ਵੇਖਦੇ ਹਾਂ ਤਾਂ ਸਾਨੂੰ ਦੁੱਖ ਹੁੰਦਾ ਹੈ ਕਿ ਅਸੀਂ ਬੱਚਿਆਂ ਦੇ ਸਰਬਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣ ਵਿੱਚ ਕਾਮਯਾਬ ਨਹੀਂ ਹੋਏ। ਇਹ ਠੀਕ ਹੈ ਕਿ ਵੱਡੀ ਗਿਣਤੀ ਮਾਪੇ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਚੰਗੇਰੀ ਸਿੱਖਿਆ ਪ੍ਰਾਪਤ ਕਰਨ। ਇਸ ਲਈ ਉਹ ਆਪਣੇ ਬੱਚਿਆਂ ਨੂੰ ਮਹਿੰਗੇ ਅਤੇ ਵੱਡੇ ਸਕੂਲਾਂ ਵਿੱਚ ਦਾਖਲ ਕਰਵਾਉਂਦੇ ਹਨ। ਉਹਨਾਂ ਸਕੂਲਾਂ ਵਿੱਚ ਚੰਗੀ ਸਿੱਖਿਆ ਦੇਣ ਦੇ ਬਹਾਨੇ ਬੱਚਿਆਂ ਨੂੰ ਪੂਰੀ ਤਰ੍ਹਾਂ ਅੰਗ੍ਰੇਜ਼ੀ ਸੱਭਿਆਚਾਰ ਵਿੱਚ ਢਾਲਣ ਦੇ ਯਤਨ ਕੀਤੇ ਜਾਂਦੇ ਹਨ, ਜਿਸ ਕਾਰਨ ਬੱਚੇ ਪੰਜਾਬੀ ਸੱਭਿਆਚਾਰ ਅਤੇ ਮਾਤ ਭਾਸ਼ਾ ਤੋਂ ਕੋਰੇ ਰਹਿ ਜਾਂਦੇ ਹਨ। ਇਹ ਸਹੀ ਹੈ ਕਿ ਪੰਜਾਬ ਵਿੱਚ ਵੀ ਬੱਚਿਆਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ ਦੇਣ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਬੱਚਿਆਂ ਨੂੰ ਹਰ ਪੱਖੋਂ ਵਿਦਵਾਨ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ ਪਰ ਇਸ ਲਈ ਬੱਚਿਆਂ ਨੂੰ ਧਰਮ ਅਤੇ ਮਾਤ ਭਾਸ਼ਾ ਤੋਂ ਦੂਰ ਨਹੀਂ ਕਰਨਾ ਚਾਹੀਦਾ ਸਗੋਂ ਧਰਮ ਅਤੇ ਮਾਤ ਭਾਸ਼ਾ ਨਾਲ ਜੋੜ ਕੇ ਸਿੱਖਿਆ ਦੇਣੀ ਚਾਹੀਦੀ ਹੈ ਤਾਂ ਕਿ ਬੱਚੇ ਆਪਣੇ ਧਰਮ ਤੇ ਮਾਤ ਭਾਸ਼ਾ ਤੋਂ ਦੂਰ ਨਾ ਹੋ ਸਕਣ। ਬੱਚੇ ਹਰ ਦੇਸ਼ ਦਾ ਭਵਿੱਖ ਹੁੰਦੇ ਹਨ, ਇਸ ਲਈ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ।

ਬੱਚਿਆਂ ਵੱਲ ਜੇ ਬਚਪਣ ਵਿੱਚ ਹੀ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤਾਂ ਉਹ ਚੰਗੇ ਇਨਸਾਨ ਬਣ ਜਾਂਦੇ ਹਨ ਅਤੇ ਸਮਾਜ ਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਅੱਜ ਕੱਲ੍ਹ ਭਾਵੇਂ ਪੰਜਾਬ ਦੇ ਵੱਡੀ ਗਿਣਤੀ ਬੱਚੇ ਵਿਦੇਸ਼ ਜਾ ਰਹੇ ਹਨ। ਇਸ ਲਈ ਉਹਨਾਂ ਨੂੰ ਬਚਪਣ ਵਿੱਚ ਹੀ ਚੰਗੀ ਸਿੱਖਿਆ, ਧਰਮ ਤੇ ਮਾਂ ਬੋਲੀ ਦੀ ਜਾਣਕਾਰੀ ਦੇਣੀ ਜ਼ਰੂਰੀ ਹੈ ਤਾਂ ਕਿ ਉਹ ਜਿਸ ਦੇਸ਼ ਵਿੱਚ ਵੀ ਜਾਣ, ਉਥੇ ਜਾ ਕੇ ਆਪਣੇ ਧਰਮ ਅਤੇ ਮਾਂ ਬੋਲੀ ਦੀ ਸੇਵਾ ਕਰਨ।

# ਪੰਜਾਬ ’ਚ ‘ਆਪ’ ਦਾ ਗ੍ਰਾਫ ਕਿਉਂ ਘਟਿਆ ?

ਚੰਦਰਪਾਲ ਅੱਤਰੀ



ਇਸ ਵਾਰ ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਕਈ ਅਹਿਮ ਬਦਲਾਅ ਵੇਖਣ ਨੂੰ ਮਿਲੇ ਹਨ। ਸਥਿਤੀ ਇਹ ਹੈ ਕਿ ਕਰੀਬ ਸਵਾ ਦੋ ਕੁ ਸਾਲ ਪਹਿਲਾਂ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿੱਚ ਝਾੜੂ ਫੇਰ ਜਿੱਤ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ (ਆਪ) ਨੂੰ ਪੰਜਾਬ ਦੇ ਲੋਕਾਂ ਨੇ ਕਈ ਥਾਈਂ ਦੂਜੇ ਤੇ ਕਈ ਥਾਈਂ ਤੀਜੇ ਨੰਬਰ ਉੱਤੇ ਧਕੇਲ ਦਿੱਤਾ ਹੈ। ਕੁਝ ਲੋਕ ਜਿੱਥੇ ਇਸ ਗੱਲ ਨੂੰ ਪੰਜਾਬੀਆਂ ਦਾ ਇਸ ਪਾਰਟੀ ਤੋਂ ਮੋਹ ਭੰਗ ਹੋਣਾ ਦੱਸ ਰਹੇ ਹਨ, ਉੱਥੇ ਵਧੇਰੇ ਲੋਕ ਇਸ ਨੂੰ ਸਰਕਾਰ ਦੀ ਕੰਮ ਪੱਖੋਂ ਲੋਕਾਂ ਵਿੱਚ ਗੈਰਹਾਜ਼ਰੀ ਤੇ ਗੈਰ ਗੰਭੀਰਤਾ ਵੀ ਮੰਨ ਰਹੇ ਹਨ। ਪੰਜਾਬ ਵਿੱਚ ਇਸ ਪਾਰਟੀ ਦੀ ਥੋੜ੍ਹੇ ਸਮੇਂ ਵਿੱਚ ਪਤਲੀ ਹੋਈ ਸਥਿਤੀ ਬਾਰੇ ਜਦੋਂ ਵੱਖ-ਵੱਖ ਧਿਰਾਂ ਨਾਲ ਗੱਲ ਕੀਤੀ ਗਈ ਤਾਂ ਸਭਨਾਂ ਦਾ ਇੱਕੋ ਕਹਿਣਾ ਸੀ ਕਿ ਇਹ ਪਾਰਟੀ 600 ਯੂਨਿਟਾਂ ਤਕ ਬਿਜਲੀ ਬਿੱਲ ਮੁਆਫ਼ੀ ਵਾਲੇ ਮਾਮਲੇ ਨੂੰ ਛੱਡ ਕੇ ਕਿਤੇ ਨਜ਼ਰ ਹੀ ਨਹੀਂ ਆ ਰਹੀ। ਅਸਲ ਵਿੱਚ ਸੂਬੇ ਵਿੱਚ ਗੱਦੀਨਸ਼ੀਨ ਪਾਰਟੀ ਸਿਆਸਤ ਦੇ ਪਿੜ ਵਿੱਚ ਨਵੀਂ ਹੈ ਤੇ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਪਾਰਟੀ ਵਿੱਚ ਨਵੇਂ ਤੇ ਪੁਰਾਣੇ ਵਰਕਰਾਂ ਨੂੰ ਲੈ ਕੇ ਜਬਰਦਸਤ ਧੜੇਬੰਦੀ ਹੈ। ਸ਼ਹਿਰਾਂ ਵਿੱਚ ਜਿੱਥੇ ਪਾਰਟੀ ਕੋਲ ਵਧੇਰੇ ਆਗੂ ਉਧਾਰ ਵਾਲੇ ਹਨ, ਉੱਥੇ ਪਿੰਡਾਂ ਵਿਚਲੇ ਪ੍ਰਸ਼ਾਸਨ ਵਿੱਚ ਤਾਂ ਆਪ ਦੇ ਪੁਰਾਣੇ ਵਰਕਰਾਂ ਦੀ ਪੁੱਛ ਹੀ ਨਹੀਂ ਹੈ।

ਆਮ ਲੋਕਾਂ ਦਾ ਕਹਿਣਾ ਹੈ ਕਿ ਭਾਵੇਂ ਨਗਰ ਕੌਂਸਲਾਂ ਅਧੀਨ ਪੈਂਦੇ ਖੇਤਰਾਂ ਵਿੱਚ ਸਥਾਨਕ ਕੌਂਸਲਰਾਂ ਦੇ ਅਹੁਦਿਆਂ ਪ੍ਰਤੀ ਮੋਹ ਦੇ ਚਲਦਿਆਂ ਇਸ ਪਾਰਟੀ ਨੇ ਕੌਂਸਲਾਂ ਵਿੱਚ ਆਪਣਾ ਦਬਦਬਾ ਬਣਾ ਲਿਆ ਹੈ ਪਰ ਇਸਦੇ ਬਾਵਜੂਦ ਪੁਰਾਣੀਆਂ ਸਰਕਾਰਾਂ ਵੇਲੇ ਸ਼ੁਰੂ ਕੀਤੇ ਗਏ ਕੰਮ ਰੁਕ ਜਾਣ ਕਾਰਨ ਇਸ ਪਾਰਟੀ ਪ੍ਰਤੀ ਲੋਕਾਂ ਵਿੱਚ ਅੰਦਰੋਂ-ਅੰਦਰੀ ਭਾਰੀ ਨਾਰਾਜ਼ਗੀ ਸੀ। ਉਦਾਹਰਣ ਵਜੋਂ ਵੱਡੇ ਸ਼ਹਿਰਾਂ ਵਿੱਚ ਉਸਾਰੀ ਅਧੀਨ ਕੰਮਾਂ ਨੂੰ ਨਾ ਸਿਰਫ ਰੋਕ ਦਿੱਤਾ ਗਿਆ, ਸਗੋਂ ਉਨ੍ਹਾਂ ਕੰਮਾਂ ਲਈ ਆਈ ਗਰਾਂਟ ਵੀ ਵਾਪਸ ਮੰਗਵਾ ਲਈ ਗਈ। ਜੇ ਛੋਟੇ ਸ਼ਹਿਰਾਂ ਦੀ ਗੱਲ ਵੀ ਕਰੀਏ ਤਾਂ ਲਾਲੜੂ ਵਰਗੇ ਸ਼ਹਿਰ ਵਿਚਲਾ ਉਸਾਰੀ ਅਧੀਨ ਬੱਸ ਸਟੈਂਡ ਹੁਣ ਕੈਂਟਰ ਤੇ ਜੀਪ ਸਟੈਂਡ ਬਣ ਕੇ ਰਹਿ ਗਿਆ ਹੈ। ਪ੍ਰਸ਼ਾਸਨ ਵਾਲੇ ਇਸ ਨੂੰ ਬਣਾਉਣਾ ਤਾਂ ਛੱਡੋ ਰੱਦ ਕਰਨ ਸੰਬੰਧੀ ਵੀ ਫੈਸਲਾ ਨਾ ਲੈ ਪਾਏ, ਜਦਕਿ ਜੱਦੀ ਸ਼ਹਿਰ ਵਿੱਚ ਹੀ ਉਸਾਰੀ ਅਧੀਨ ਕਮਿਊਨਿਟੀ ਸੈਂਟਰ ਵਿੱਚ ਆਵਾਰਾ ਪਸ਼ੂ ਆਰਾਮ ਫਰਮਾ ਰਹੇ ਹਨ। ਇਹ ਇੱਕ ਸ਼ਹਿਰ ਦੀ ਦੀ ਤਸਵੀਰ ਹੈ ਤੇ ਹਰ ਸ਼ਹਿਰ ਦਾ ਨਾਮ ਲਿਖ ਕੇ ਉਸ ਦੀਆਂ ਸਮੱਸਿਆਵਾਂ ਦੱਸਣਾ ਸੰਭਵ ਨਹੀਂ ਹੈ, ਕਿਉਂਕਿ ਇਹ ਆਵਾਜ਼ ਸਮੁੱਚੇ ਪੰਜਾਬ ਵਿੱਚੋਂ ਆ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਕੌਂਸਲਾਂ ਵਿੱਚ ਕੋਈ ਨਵਾਂ ਫੰਡ ਨਹੀਂ ਆਇਆ ਤੇ ਪੁਰਾਣੇ ਫੰਡ ਨਾਲ ਹੀ ਸੜਕਾਂ ਬਣਾਉਣ ਤੇ ਹੋਰ ਕੰਮਾਂ ਦੇ ਨੀਂਹ ਪੱਥਰ ਰੱਖੇ ਗਏ। ਇਸ ਵਿੱਚੋਂ ਵੀ ਅੱਧੀਆਂ ਸੜਕਾਂ ਤਾਂ ਬਿਲਕੁਲ ਨਹੀਂ ਬਣੀਆਂ ਤੇ ਜੋ ਬਣੀਆਂ, ਉਹ ਵੀ ਅੱਧ-ਪਚੱਧੀਆਂ ਹੀ ਰਹਿ ਗਈਆਂ। ਜ਼ਿਕਰਯੋਗ ਹੈ ਕਿ ਕੌਂਸਲਾਂ ਵਿਚਲੇ ਠੇਕੇਦਾਰਾਂ ਨੇ ਇੱਕ-ਦੋ ਕਿਲੋਮੀਟਰ ਦੀ ਸੜਕ ਬਣਾਉਣ ਵਿੱਚ ਹੀ ਬਹੁਤ ਸਮਾਂ ਲਾ ਦਿੱਤਾ। ਇਸ ਤਰ੍ਹਾਂ ਇਹ ਸੜਕਾਂ ਵੋਟ ਪੱਖੋਂ ਸਰਕਾਰ ਲਈ ਲਾਹੇਵੰਦ ਹੋਣ ਦੀ ਥਾਂ ਨਾਰਾਜ਼ਗੀ ਦਾ ਕਾਰਨ ਬਣ ਗਈਆਂ। ਹਾਲਾਂਕਿ ਸਫਾਈ ਸੰਬੰਧੀ ਸ਼ਹਿਰਾਂ ਵਿੱਚ ਕੁਝ ਕੰਮ ਹੁੰਦਾ ਨਜ਼ਰ ਆਇਆ ਹੈ ਪਰ ਪਾਣੀ ਦੀ ਨਿਕਾਸੀ ਬਾਰੇ ਅਜੇ ਵੀ ਲੋਕ ਚਿੰਤਤ ਨਜ਼ਰ ਆ ਰਹੇ ਹਨ।

ਸ਼ਹਿਰਾਂ ਤੋਂ ਬਾਅਦ ਜੇ ਪਿੰਡਾਂ ਵਿਚਲੇ ਕਾਰਨਾਂ ਦੀ ਗੱਲ ਕਰੀਏ ਤਾਂ ਪਿੰਡਾਂ ਵਿਚਲੇ ਸੜਕਾਂ ਦੇ ਬੁਨਿਆਦੀ ਢਾਂਚੇ ਸੰਬੰਧੀ ਆਪ ਵਾਲਿਆਂ ਦੀ ਚੁੱਪ ਲੋਕਾਂ ਨੂੰ ਬੇਹੱਦ ਨਿਰਾਸ਼ ਕਰ ਰਹੀ ਹੈ। ਹਾਲਾਤ ਇਹ ਹਨ ਕਿ ਵਧੇਰੇ ਸੜਕਾਂ ਨੂੰ ਵਰਤਣ ਵਾਲੇ ਰਾਹਗੀਰ ਪੇਂਡੂ ਸੜਕਾਂ ਨੂੰ ਭੁੱਲਣ ਲਈ ਤਿਆਰ ਹਨ। ਬੇਹੱਦ ਅਰਜੋਈਆਂ ਤੋਂ ਬਾਅਦ ਵੀ ਬਦਲਾਅ ਵਾਲੇ ਸੜਕਾਂ ਦੇ ਸੁਧਾਰ ਵਾਲਾ ਬਦਲਾਅ ਨਾ ਕਰ ਸਕੇ। ਇੱਕ ਸੜਕ ਵਿੱਚ ਪਏ ਖੱਡੇ ਕਾਰਨ ਤਾਂ ਤਿੰਨ ਮੌਤਾਂ ਹੋਈਆਂ ਤੇ ਦੱਸ ਅਖ਼ਬਾਰਾਂ ਵਿੱਚ ਖ਼ਬਰਾਂ ਲੱਗੀਆਂ ਪਰ ਫਿਰ ਵੀ ਕੁਝ ਨਾ ਹੋਇਆ। ਇਸ ਉਪਰੰਤ ਅਦਾਲਤ ਨੇ ਇਸ ਸੜਕ ਦਾ ਖੁਦ ਨੋਟਿਸ ਲਿਆ। ਲੋਕਾਂ ਦਾ ਕਹਿਣਾ ਹੈ ਕਿ ਪਹਿਲਾਂ ਵਾਲੀਆਂ ਸਰਕਾਰਾਂ ਤੋਂ ਤੰਗ ਆ ਕੇ ਤਾਂ ਇਹ ਸਰਕਾਰ ਚੁਣੀ ਸੀ ਪਰ ਇਨ੍ਹਾਂ ਕੋਲ ਤਾਂ ਲਾਰਿਆਂ ਤੋਂ ਇਲਾਵਾ ਕੁਝ ਵੀ ਨਹੀਂ ਹੈ। ਆਮ ਲੋਕਾਂ ਦਾ ਇਹ ਵੀ ਕਹਿਣਾ ਹੈ ਜਦੋਂ ਸਰਕਾਰ ਪੰਜ ਸਾਲ ਲਈ ਚੁਣੀ ਹੈ ਤਾਂ ਫਿਰ ਸੱਤਰ ਸਾਲ ਵਾਲੀਆਂ ਦਲੀਲਾਂ ਵਾਰ-ਵਾਰ ਕਿਉਂ ਸੁਣੀਏ ?

ਜਾਗਰੂਕ ਲੋਕਾਂ ਦਾ ਕਹਿਣਾ ਹੈ ਕਿ ਸ਼ਹਿਰਾਂ ਵਿਚਲੀ ਸਭ ਤੋਂ ਅਹਿਮ ਸਮੱਸਿਆ ਨਜਾਇਜ਼ ਕਬਜ਼ਿਆਂ ਦੀ ਹੈ। ਇਸ ਸਮੱਸਿਆ ਬਾਬਤ ਵੀ ਲੋਕ ਇਸ ਸਰਕਾਰ ਤੋਂ ਨਾਰਾਜ਼ ਨਜ਼ਰ ਆਏ। ਲੋਕਾਂ ਦਾ ਕਹਿਣਾ ਸੀ ਕਿ ਪਿਛਲੀਆਂ ਸਰਕਾਰਾਂ ਦੌਰਾਨ ਧਾਰਮਿਕ ਤੇ ਨਿੱਜੀ ਸਥਾਨਾਂ ਲਈ ਜ਼ਮੀਨਾਂ ਉੱਤੇ ਕਰਵਾਏ ਨਜਾਇਜ਼ ਕਬਜ਼ਿਆਂ ਦੇ ਮਾਮਲਿਆਂ ਵਿੱਚ ਇਹ ਸਰਕਾਰ ਫਾਇਲਾਂ ਤਕ ਹੀ ਸੀਮਤ ਰਹਿ ਗਈ ਹੈ। ਲੋਕਾਂ ਦਾ ਰੋਸ ਹੈ ਕਿ ਆਪ ਦਾ ਸ਼ਾਸਨ-ਪ੍ਰਸ਼ਾਸਨ ਜਿੱਥੇ ਨਵੇਂ ਕਬਜ਼ਾਕਾਰਾਂ ਬਾਰੇ ਚੁੱਪ ਹੈ, ਉੱਥੇ ਉਹ ਪੁਰਾਣੇ ਕਬਜ਼ਾਕਾਰਾਂ ਦੀ ਪਿੱਠ ਵੀ ਥਾਪੜ ਰਿਹਾ ਹੈ। ਲੋਕ ਪੰਚਾਇਤੀ ਜ਼ਮੀਨ ਦੀ ਇਸ ਧਾੜਵੀ ਲੁੱਟ ਦੇ ਮਾਮਲੇ ਵਿੱਚ ਵੀ ਆਪ ਤੋਂ ਨਾਰਾਜ਼ ਨਜ਼ਰ ਆਏ। ਵੋਟਰਾਂ ਨੂੰ ਪ੍ਰਦੂਸ਼ਣ ਦੇ ਮਾਮਲੇ ਵਿੱਚ ਵੀ ਸਰਕਾਰ ਦੀ ਕਾਰਗੁਜ਼ਾਰੀ ਨਿਰੋਲ ਬਿਆਨਬਾਜ਼ੀ ਜਾਪੀ ਹੈ ਤੇ ਤਹਿਸੀਲਾਂ ਵਿਚਲੇ ਭ੍ਰਿਸ਼ਟਾਚਾਰ ਤੋਂ ਲੋਕ ਪਹਿਲਾਂ ਨਾਲੋਂ ਵੀ ਵੱਧ ਔਖੇ ਹਨ। ਇਹ ਸਾਰੇ ਮਸਲੇ ਤਾਂ ਨਿਰੋਲ ਸਮਾਜਿਕ ਤੇ ਆਰਥਿਕ ਹਨ ਪਰ ਕੁਝ ਮਾਮਲੇ ਨੈਤਿਕ ਵੀ ਹਨ। ਇਨ੍ਹਾਂ ਵਿੱਚ ਸਭ ਤੋਂ ਅਹਿਮ ਮਾਮਲਾ ਸ਼ਰਾਬ ਨੀਤੀ ਦਾ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਸ਼ਰਾਬ ਸਾਡੇ ਸਰਕਾਰੀ ਮਾਲੀਏ ਦਾ ਹਿੱਸਾ ਹੈ ਪਰ ਕੀ ਕੋਈ ਧਿਰ ਆਪਣੇ ਦਫਤਰ ਵਿੱਚ ਸ਼ਹੀਦ ਭਗਤ ਸਿੰਘ ਤੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਫੋਟੋ ਲਗਾ ਕੇ ਐਨੀ ਕਾਰਪੋਰੇਟ ਪੱਖੀ ਸ਼ਰਾਬ ਨੀਤੀ ਬਣਾ ਸਕਦੀ ਹੈ ? ਇਹ ਦੋਵੇਂ ਸ਼ਖਸੀਅਤਾਂ ਤਾਂ ਸਾਧਾਰਨ ਲੋਕਾਂ ਨੂੰ ਪ੍ਰਣਾਈਆਂ ਹੋਈਆਂ ਸਨ ਤੇ ਇਹ ਕਦੇ ਵੀ ਸਰਕਾਰ ਦੀ ਬਜਾਇ ਕਾਰਪੋਰੇਟ ਦੇ ਪੱਖ ਵਿੱਚ ਨਹੀਂ ਸਨ। ਇਸੇ ਤਰ੍ਹਾਂ ਆਪ ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨਾਲ ਕੁੱਟ ਮਾਰ ਤੇ ਹੋਰਨਾਂ ਆਗੂਆਂ ਨੂੰ ਜੇਲ੍ਹ ਹੋਣ ਦੇ ਬਾਵਜੂਦ ਏਸੀ ਹਸਪਤਾਲਾਂ ਵਿੱਚ ਰੱਖਿਆ ਜਾਣਾ ਕਿੱਥੋਂ ਦੀ ਨੈਤਿਕਤਾ ਹੈ ? ਹਾਲਾਂਕਿ ਇਸ ਸਭ ਦੇ ਬਾਵਜੂਦ ਅਸੀਂ ਇਸ ਲੇਖ ਵਿੱਚ ਇਹ ਵੀ ਸਪਸ਼ਟ ਕਰਦੇ ਹਾਂ ਕਿ ਅਸੀਂ ਕਦੇ ਵੀ ਬਿਨਾਂ ਦੋਸ਼ ਤੈਅ ਹੋਇਆਂ ਕਿਸੇ ਨੂੰ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖਣ ਦੇ ਹਾਮੀ ਨਹੀਂ ਹਾਂ।

ਪੰਜਾਬ ਦੇ ਲੋਕ ਪਿਛਲੇ ਵਰ੍ਹੇ ਘੱਗਰ ਵਿੱਚ ਆਏ ਹੜ੍ਹਾਂ ਦੇ ਮਾਮਲੇ ਵਿੱਚ ਵੀ ਸਰਕਾਰੀ ਕਾਰਗੁਜ਼ਾਰੀ ਤੋਂ ਅਸੰਤੁਸ਼ਟ ਜਾਪੇ। ਲੋਕਾਂ ਦਾ ਕਹਿਣਾ ਹੈ ਕਿ ਘੱਗਰ ਬਾਰੇ ਇਸ ਸਰਕਾਰ ਦੀ ਨੀਤੀ ਵਿੱਚ ਵੀ ਹੋਰਨਾਂ ਸਰਕਾਰਾਂ ਮੁਕਾਬਲੇ ਕੋਈ ਦੂਰਦਰਸ਼ਤਾ ਨਜ਼ਰ ਨਹੀਂ ਆ ਰਹੀ। ਅਸਲ ਵਿੱਚ ਜੇ ਘੱਗਰ ਲਈ ਅੱਜ ਕੰਮ ਸ਼ੁਰੂ ਕੀਤਾ ਜਾਵੇ ਤਾਂ ਇਸਦੇ ਨਤੀਜੇ ਅਗਲੇ ਦੱਸ ਸਾਲਾਂ ਵਿੱਚ ਸਾਹਮਣੇ ਆਉਣੇ ਹਨ। ਪੰਜਾਬ ਦੇ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਸਰਕਾਰ ਦੇ ਮੰਤਰੀ ਤੇ ਵਿਧਾਇਕ ਗੇੜੀਆਂ ਲਾ ਕੇ ਮਹਿਜ਼ ਪ੍ਰਚਾਰ ਨੂੰ ਹੀ ਅਹਿਮੀਅਤ ਦਿੰਦੇ ਹਨ ਜਦਕਿ ਕੰਮ ਦੀ ਸਥਿਤੀ ਨਹੀਂ ਵੇਖਦੇ। ਇਸੇ ਤਰ੍ਹਾਂ ਅੰਬਾਲਾ-ਲੁਧਿਆਣਾ ਕੌਮੀ ਮਾਰਗ ਉੱਤੇ ਪੈਂਦੇ ਸ਼ੰਭੂ ਬਾਰਡਰ ਉੱਪਰ ਲੱਗੇ ਕਿਸਾਨ ਧਰਨੇ ਬਾਰੇ ਵੀ ਇਹ ਸਰਕਾਰ ਸਪਸ਼ਟ ਨਜ਼ਰ ਨਹੀਂ ਆਈ। ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਉੱਤੇ ਚਲਾਏ ਅੱਥਰੂ ਗੈਸ ਦੇ ਗੋਲੇ ਤੇ ਕੀਤੇ ਗਏ ਹੋਰ ਧੱਕਿਆਂ ਦੇ ਬਾਵਜੂਦ ਉਹ ਪੰਜਾਬ ਦਾ ਠੋਸ ਪੱਖ ਰੱਖਣ ਵਿੱਚ ਨਾਕਾਮ ਹੀ ਜਾਪੀ। ਕੇਂਦਰ ਸਰਕਾਰ ਤੇ ਕੇਂਦਰੀ ਏਜੰਸੀਆਂ ਦੇ ਸਟੈਂਡ ਦੇ ਚਲਦਿਆਂ ਪੰਜਾਬ ਦੀ ਸਿਆਸਤ ਵਿੱਚ ਗਰਮ ਖਿਆਲੀਆਂ ਦੇ ਉਭਾਰ ਪੱਖੋਂ ਆ ਰਹੀ ਤਬਦੀਲੀ ਨੂੰ ਸਮਝਣ ਵਿੱਚ ਵੀ ਇਹ ਸਰਕਾਰ ਨਾਕਾਮ ਨਜ਼ਰ ਆ ਰਹੀ ਹੈ। ਪੰਜਾਬ ਵਿੱਚ ਅੰਮ੍ਰਿਤਪਾਲ ਸਿੰਘ ਵਰਗੇ ਨੌਜਵਾਨ ਨਸ਼ਿਆਂ ਦੀ ਰੋਕਥਾਮ ਦੀ ਗੱਲ ਕਹਿ ਕੇ ਆਪਣੀ ਥਾਂ ਬਣਾ ਰਹੇ ਹਨ ਜਦਕਿ ਇਸ ਸਰਕਾਰ ਦੇ ਆਗੂ ਆਪਣੇ ਹੀ ਮੰਤਰੀਆਂ ਤੇ ਪੁਲਿਸ ਅਧਿਕਾਰੀਆਂ ਉੱਤੇ ਨਸ਼ਿਆਂ ਦੀ ਵਿਕਰੀ ਦੇ ਮਾਮਲੇ ਵਿੱਚ ਗੰਢ-ਤੁੱਪ ਦਾ ਦੋਸ਼ ਲਗਾ ਰਹੇ ਹਨ। ਚੋਣਾਂ ਵਿੱਚ ਆਪ ਦਾ ਗ੍ਰਾਫ ਡਿਗਣ ਸੰਬੰਧੀ ਇੱਕ ਹੋਰ ਸਭ ਤੋਂ ਅਹਿਮ ਗੱਲ ਪੰਜਾਬੀਆਂ ਦੇ ਸੁਭਾਅ ਦੀ ਹੈ। ਇਸ ਸਮੇਂ ਪੰਜਾਬ ਦੀ ਸਰਕਾਰ ਦਾ ਪ੍ਰਭਾਵ ਦਿੱਲੀ ਵਾਲਿਆਂ ਥੱਲੇ ਲੱਗਣ ਦਾ ਹੈ ਜੋ ਕਿ ਪੰਜਾਬੀਆਂ ਨੂੰ ਬਿਲਕੁਲ ਵੀ ਪਸੰਦ ਨਹੀਂ ਹੈ। ਪੰਜਾਬੀ ਕਿਸੇ ਦੀ ਮਹਿਮਾਨ ਨਿਵਾਜ਼ੀ ਵਿੱਚ ਬਿਲਕੁਲ ਪਿੱਛੇ ਨਹੀਂ ਹਟਦੇ ਪਰ ਜੇ ਅੱਗ ਲੈਣ ਆਈ ਘਰਬਾਰਨ ਬਣ ਬੈਠੇ ਤਾਂ ਪੰਜਾਬੀ ਸਹਿਣ ਨਹੀਂ ਕਰਦੇ।

ਪੰਜਾਬ ਦੇ ਲੋਕ ਇਨ੍ਹਾਂ ਸਾਰੀਆਂ ਗੱਲਾਂ ਨੂੰ ਗਹੁ ਨਾਲ ਵੇਖ ਰਹੇ ਹਨ। ਉਂਝ ਲੋਕਾਂ ਨੇ ਆਪਣਾ ਫਤਵਾ ਦੇ ਦਿੱਤਾ ਹੈ ਤੇ ਹੁਕਮਰਾਨਾਂ ਨੇ ਇਹ ਫਤਵਾ ਭਾਂਪ ਵੀ ਲਿਆ ਹੈ। ਹੁਣ ਵੇਖਣਾ ਇਹ ਹੈ ਕਿ ਬਦਲਾਅ ਵਾਲੇ ਆਪਣੇ ਇਸ ਘਟਦੇ ਗ੍ਰਾਫ ਨੂੰ ਕਿਵੇਂ ਲੈਂਦੇ ਹਨ ਤੇ ਭਵਿੱਖ ਵਿੱਚ ਇਸ ਸੰਬੰਧੀ ਕੀ ਬਦਲਾਅ ਕਰਦੇ ਹਨ।

**ਕੁਝ ਲੋਕ ਜਿੱਥੇ ਇਸ ਗੱਲ ਨੂੰ ਪੰਜਾਬੀਆਂ ਦਾ ਇਸ ਪਾਰਟੀ ਤੋਂ ਮੋਹ ਭੰਗ ਹੋਣਾ ਦੱਸ ਰਹੇ ਹਨ, ਉੱਥੇ ਵਧੇਰੇ ਲੋਕ ਇਸ ਨੂੰ ਸਰਕਾਰ ਦੀ ਕੰਮ ਪੱਖੋਂ ਲੋਕਾਂ ਵਿੱਚ ਗੈਰਹਾਜ਼ਰੀ ਤੇ ਗੈਰ ਗੰਭੀਰਤਾ ਵੀ ਮੰਨ ਰਹੇ ਹਨ। ਪੰਜਾਬ ਵਿੱਚ ਇਸ ਪਾਰਟੀ ਦੀ ਥੋੜ੍ਹੇ ਸਮੇਂ ਵਿੱਚ ਪਤਲੀ ਹੋਈ ਸਥਿਤੀ ਬਾਰੇ ਜਦੋਂ ਵੱਖ-ਵੱਖ ਧਿਰਾਂ ਨਾਲ ਗੱਲ ਕੀਤੀ ਗਈ ਤਾਂ ਸਭਨਾਂ ਦਾ ਇੱਕੋ ਕਹਿਣਾ ਸੀ ਕਿ ਇਹ ਪਾਰਟੀ 600 ਯੂਨਿਟਾਂ ਤਕ ਬਿਜਲੀ ਬਿੱਲ ਮੁਆਫ਼ੀ ਵਾਲੇ ਮਾਮਲੇ ਨੂੰ ਛੱਡ ਕੇ ਕਿਤੇ ਨਜ਼ਰ ਹੀ ਨਹੀਂ ਆ ਰਹੀ।**

# ਨੂਰਾ ਕੁਸ਼ਤੀ, ਮੋਦੀ ਬਨਾਮ ਆਰ.ਐਸ.ਐਸ.



ਗੁਰਮੀਤ ਸਿੰਘ ਪਲਾਹੀ
9815802070

ਆਪਣੇ ਆਪ ਨੂੰ ਸਮਾਜਿਕ ਅਤੇ ਸੰਸਕ੍ਰਿਤਕ ਸੰਸਥਾ ਕਹਾਉਂਦੀ ਲਗਭਗ 100 ਵਰ੍ਹਿਆਂ ਦੀ ਰਾਸ਼ਟਰੀ ਸਵੈਂ-ਸੇਵਕ ਸੰਘ(ਆਰ.ਐਸ.ਐਸ) ਦੇ ਮੁਖੀ ਮੋਹਨ ਭਾਗਵਤ ਨੇ ਪਿਛਲੇ ਹਫ਼ਤੇ ਕਿਹਾ ਕਿ ਜੋ ਅਸਲੀ ਸੇਵਕ ਹੈ, ਉਹ ਮਰਿਆਦਾ ਦਾ ਪਾਲਣ ਕਰਦਾ ਹੈ, ਉਹ ਦੰਭ ਨਹੀਂ ਕਰਦਾ, ਉਸ ਵਿੱਚ ਹੰਕਾਰ ਨਹੀਂ ਆਉਂਦਾ ਕਿ ਇਹ ਮੈਂ ਕੀਤਾ ਹੈ।

ਇਹ ਸ਼ਬਦ ਸਿੱਧੇ ਤੌਰ ਨਾਮ ਲੈ ਕੇ ਨਹੀਂ ਪਰ ਅਸਿੱਧੇ ਤੌਰ 'ਤੇ ਭਾਜਪਾ ਨੂੰ ਪਿਛੇ ਤੋਂ ਚਲਾਉਣ ਵਾਲੀ ਆਰ.ਐਸ.ਐਸ. ਜੋ ਇੱਕ ਪਾਰਦਰਸ਼ਿਕ ਸੰਸਥਾ ਨਹੀਂ ਹੈ, ਸਗੋਂ ਇੱਕ ਖੁਫੀਆਂ ਸੰਸਥਾ ਵਜੋਂ ਕੰਮ ਕਰਦੀ ਹੈ, ਨੇ ਆਪਣੇ ਮੁਖੀ ਰਾਹੀਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਕਰਕੇ ਕਹੇ ਹਨ ਕਿ ਉਹ ਆਪਣੇ ਵਿਚਾਰ ਨੂੰ ਬਦਨਾਮ ਹੋਇਆ ਨਹੀਂ ਵੇਖਣਾ ਚਾਹੁੰਦੇ। ਉਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਿਹੜਾ ਆਪਣੇ ਬਾਰੇ ਕਹਿੰਦਾ ਹੈ ਕਿ ਮੈਨੂੰ ਦੇਸ਼ ਉਤੇ ਰਾਜ-ਭਾਗ ਚਲਾਉਣ ਲਈ ਪ੍ਰਮਾਤਮਾ ਨੇ ਭੇਜਿਆ ਹੈ। ਤੇ ਉਹ ਇਹ ਵੀ ਕਹਿੰਦਾ ਹੈ 'ਮੋਦੀ ਹੈ ਤਾਂ ਮੁਮਕਿਨ ਹੈ'।

ਆਰ.ਐਸ.ਐਸ. ਦੀ ਇਹ ਨਰਿੰਦਰ ਮੋਦੀ ਨੂੰ ਨਸੀਹਤ ਹੈ ਜਾਂ ਮੋਦੀ ਤੋਂ ਆਰ.ਐਸ.ਐਸ. ਵੱਲੋਂ ਪਾਸਾ ਵੱਟਣ ਦਾ ਇੱਕ ਕਦਮ? ਨਤੀਜਿਆਂ ਤੋਂ ਬਾਅਦ ਆਰ.ਐਸ.ਐਸ. ਤੇ ਭਾਜਪਾ 'ਚ ਆਈ ਇਸ ਤਰੇੜ ਨੇ ਸਿਆਸੀ ਭੁਚਾਲ ਲੈ ਆਂਦਾ ਹੈ। ਜਿਥੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਲੋਕ ਸਭਾ ਚੋਣਾਂ 'ਚ ਭਾਜਪਾ ਦੇ ਪ੍ਰਦਰਸ਼ਨ ਤੇ ਸਵਾਲ ਉਠਾਏ ਹਨ, ਆਰ.ਐਸ.ਐਸ. ਦੇ ਪ੍ਰਮੁੱਖ ਆਗੂ ਇੰਦਰੇਸ਼ ਕੁਮਾਰ ਨੇ ਵੀ ਭਾਜਪਾ ਦੀ ਕਾਰਗੁਜਾਰੀ 'ਤੇ ਸ਼ੱਕ ਪ੍ਰਗਟ ਕੀਤਾ ਹੈ। ਭਾਜਪਾ ਦੇ ਪ੍ਰਦਰਸ਼ਨ ਨੂੰ ਲੈ ਕੇ ਇਸ ਸੰਸਥਾ ਵੱਲੋਂ ਛਾਪੇ ਜਾਂਦੇ ਮੈਗਜ਼ੀਨ ਨੇ ਵੀ ਟਿੱਪਣੀਆਂ ਕੀਤੀਆਂ ਹਨ।

ਇਹ ਬਿਆਨ ਆਉਣ ਤੋਂ ਬਾਅਦ ਸਿਆਸੀ ਅਤੇ ਸਮਾਜਿਕ ਤੌਰ 'ਤੇ ਇੱਕ ਬਹਿਸ ਛਿੜ ਗਈ ਹੈ। ਵਿਰੋਧੀ ਧਿਰ ਨੂੰ ਇਹਨਾਂ ਟਿੱਪਣੀਆਂ ਕਾਰਨ ਸੱਤਾ ਧਿਰ ਨੂੰ ਕਟਿਹਰੇ 'ਚ ਖੜਾ ਕਰਨ ਦਾ ਮੌਕਾ ਮਿਲ ਗਿਆ ਹੈ। ਕਿਹਾ ਜਾਣ ਲੱਗ ਪਿਆ ਹੈ ਕਿ ਆਰ.ਐਸ.ਐਸ. ਨੇ ਮੋਦੀ ਨੂੰ ਫਿਟਕਾਰ ਲਗਾਈ ਹੈ। ਇਹ ਵੀ ਕਿ ਆਰ.ਐਸ.ਐਸ. ਵਿੱਚ ਧੜੇ ਬਣ ਗਏ ਹਨ। ਉਂਝ ਇਹ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਕਿਉਂਕਿ ਇਹ ਸੰਸਥਾ ਇੱਕ ਖੋਲ ਦੀ ਤਰ੍ਹਾਂ ਹੈ, ਜਿਸਦੀ ਭਾਫ ਤੱਕ ਵੀ ਬਾਹਰ ਨਹੀਂ ਨਿਕਲਦੀ। ਇਹ ਵੀ ਕਿ ਪਿਛਲੇ ਦਸ ਸਾਲ ਜਦੋਂ ਨਰਿੰਦਰ ਮੋਦੀ ਅਤੇ ਹਿੰਦੂ ਰਾਸ਼ਟਰ ਦੇ ਸੁਪਨੇ ਨੂੰ ਸਕਾਰ ਕਰਨ ਲਈ ਪ੍ਰਯਤਨਸ਼ੀਲ ਰਿਹਾ ਅਤੇ ਜ਼ਿਆਦਤੀਆਂ ਵੀ ਕਰਦਾ ਰਿਹਾ ਤਾਂ ਆਰ.ਐਸ.ਐਸ. ਚੁੱਪ ਰਹੀ, ਪਰ ਜਦੋਂ ਇਹ ਸੁਪਨਾ ਟੁੱਟਣ ਲੱਗਾ ਹੈ ਤਾਂ ਆਪਣੀ ਸਾਖ਼ ਬਚਾਉਣ ਲਈ ਆਰ.ਐਸ.ਐਸ. ਆਪਣੀ ਹੀ ਸਿਆਸੀ ਪਾਰਟੀ ਭਾਜਪਾ ਨਾਲੋਂ ਅਲਹਿਦਗੀ ਬਣਾਉਂਦਾ ਨਜ਼ਰ ਆ ਰਿਹਾ ਹੈ। ਭਾਰਤ ਦੇ ਲੋਕਾਂ ਵੱਲੋਂ ਚੋਣਾਂ 'ਚ ਦਿੱਤੇ ਸਪਸ਼ਟ ਸੰਕੇਤਾਂ ਤੋਂ ਉਹ ਮੂੰਹ ਛੁਪਾਉਂਦਾ ਨਜ਼ਰ ਆ ਰਿਹਾ ਹੈ।

ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਆਰ.ਐਸ.ਐਸ. ਜਵਾਬਦੇਹੀ ਅਤੇ ਬਦਨਾਮੀ ਤੋਂ ਬਚਣ ਲਈ ਇਹ ਪੈਂਤੜਾ ਅਪਨਾ ਰਿਹਾ ਹੈ ਅਤੇ ਇਹ ਕਹਿੰਦਾ ਨਹੀਂ ਥੱਕਦਾ ਕਿ ਉਸਦਾ ਸਿਆਸਤ ਨਾਲ ਕੋਈ ਲੈਣ ਦੇਣ ਨਹੀਂ ਹੈ, ਉਹ ਤਾਂ ਇੱਕ ਸਮਾਜਿਕ, ਸੰਸਕ੍ਰਿਤਕ ਸੰਸਥਾ ਹੈ, ਜੋ ਦੇਸ਼ ਦੇ ਭਲੇ ਹਿੱਤ ਕੰਮ ਕਰ ਰਹੀ ਹੈ।

ਸਵਾਲ ਉਠਦਾ ਹੈ ਕਿ ਜੇਕਰ ਆਰ.ਐਸ.ਐਸ. ਦਾ ਸਿਆਸਤ ਨਾਲ ਕੋਈ ਲੈਣਾ -ਦੇਣਾ ਨਹੀਂ ਹੈ ਤਾਂ ਮੋਦੀ ਜੋ ਆਰ.ਐਸ.ਐਸ. ਦਾ ਵਰਕਰ ਰਿਹਾ ਹੈ, ਉਸਦੇ ਸਿਰ ਉਤੇ ਪਿਛਲੇ ਕਈ ਵਰ੍ਹਿਆਂ ਤੋਂ ਆਰ.ਐਸ.ਐਸ. ਦਾ ਹੱਥ ਕਿਉਂ ਹੈ? ਦੇਸ਼ 'ਚ ਵੱਡੀ ਗਿਣਤੀ ਸੂਬਿਆਂ ਦੇ ਗਵਰਨਰ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਉਹਨਾਂ ਦੀ ਸੋਚ ਵਾਲੇ ਅਤੇ ਉਹਨਾਂ ਦੇ ਬੰਦੇ ਹੀ ਕਿਉਂ ਨਿਯੁੱਕਤ ਹੁੰਦੇ ਹਨ? ਕਿਉਂ ਦੇਸ਼ ਦੇ ਸੰਸਕ੍ਰਿਤਕ ਅਤੇ ਸਿੱਖਿਆ ਮਹਿਕਮੇ ਉਤੇ ਆਰ.ਐਸ.ਐਸ. ਦੇ ਖਾਸਮ-ਖਾਸ ਹੀ ਬੈਠੇ ਹਨ ਅਤੇ ਉਹ ਆਰ.ਐਸ.ਐਸ. ਦੇ ਹਿੰਦੂਤਵੀ ਅਜੰਡੇ ਨੂੰ ਸਿੱਖਿਆ, ਸੰਸਕ੍ਰਿਤੀ ਗਤੀਵਿਧੀਆਂ ਰਾਹੀਂ ਲਾਗੂ ਕਰ ਰਹੇ ਹਨ ? ਹੁਣ ਵੀ ਉੜੀਸਾ 'ਚ ਭਾਜਪਾ ਦੀ ਜਿੱਤ ਉਪਰੰਤ ਆਰ.ਐਸ.ਐਸ. ਦਾ ਵਰਕਰ ਮੋਹਨ ਚਰਨ ਮਾਝੀ ਉੜੀਸਾ ਸਰਕਾਰ ਦਾ ਮੁੱਖ ਮੰਤਰੀ ਬਣਿਆ ਹੈ।

ਇੱਕ ਮਖੌਟਾ ਹੈ, ਜੋ ਆਰ.ਐਸ.ਐਸ. ਨੇ ਪਹਿਨਿਆ ਹੋਇਆ ਹੈ। ਉਹ ਅੰਦਰੋ-ਅੰਦਰੀ ਸਰਕਾਰ ਦੇ ਕੰਮ 'ਚ ਡੂੰਘਾ ਦਖ਼ਲ ਦਿੰਦਾ ਹੈ। ਪਰ ਅੱਜ ਜਦੋਂ ਨਰਿੰਦਰ ਮੋਦੀ ਮੋਦੀ ਦੀਆਂ ਗਰੰਟੀਆਂ ਦੇ ਨਾਹਰੇ ਅਤੇ ਤਾਨਾਸ਼ਾਹ ਸੋਚ ਤੇ ਹਉਮੈ ਕਾਰਨ ਚੋਣਾਂ 'ਚ ਆਪਣੀ ਪਾਰਟੀ ਦੀ ਨਿਰੀ-ਪੁਰੀ ਸਰਕਾਰ ਨਹੀਂ ਬਣਾ ਸਕਿਆ ਤੇ ਲੋਕਾਂ ਨੇ ਉਸਦੀ ਸੋਚ ਨੂੰ ਨਕਾਰਿਆ ਹੈ ਤਾਂ ਆਰ.ਐਸ.ਐਸ. ਸਮਝੌਤੀਆਂ ਦੇਣ ਦੇ ਰਾਹ ਤੁਰ ਪਿਆ ਹੈ। ਪਰ ਕੀ ਇਹ ਸਮਝੌਤੀਆਂ ਸੱਚੀਂ ਮੁੱਚੀਂ ਨਰੇਂਦਰ ਮੋਦੀ ਨਾਲੋਂ ਰਾਹ ਵੱਖਰਾ ਕਰਨ ਵਾਲੀਆਂ ਹਨ, ਇੰਝ ਕਿਧਰੇ ਵੀ ਨਹੀਂ ਜਾਪਦਾ। ਇਹ ਸਮਝੌਤੀਆਂ ਤਾਂ ਬਸ ਥੋੜਾ ਸਮਾਂ ਦੂਰੀਆਂ ਬਨਾਉਣ ਦਾ ਮਾਤਰ ਦਿਖਾਵਾ ਹੈ। ਲੋਕ ਸਭਾ ਚੋਣਾਂ ਵੇਲੇ ਭਾਜਪਾ ਵਰਕਰਾਂ, ਭਾਜਪਾ ਨੇਤਾਵਾਂ, ਮੋਦੀ-ਸ਼ਾਹ ਜੋੜੀ 'ਚ ਇੱਕ ਘੁਮੰਡ ਨਜ਼ਰ ਆ ਰਿਹਾ ਸੀ। ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ ਪੀ ਨੱਢਾ ਦਾ ਉਸ ਵੇਲੇ ਦਾ ਇੱਕ ਬਿਆਨ ਵੀ ਸਮਝਣ ਵੇਖਣ ਵਾਲਾ ਸੀ ਕਿ ਭਾਜਪਾ ਆਪਣੇ ਵਲਬੂਤੇ 'ਤੇ ਚੋਣ ਲੜੇਗੀ, ਉਸਨੂੰ ਆਰ.ਐਸ.ਐਸ. ਦੀ ਲੋੜ ਨਹੀਂ ਹੈ। ਪਰ ਕੀ ਚੋਣ 'ਚ ਅੱਧੀ ਅਧੂਰੀ ਜਿੱਤ ਤੋਂ ਬਾਅਦ ਜੇ ਪੀ ਨੱਡਾ ਹੁਣ ਵੀ ਇਹ ਹੀ ਸੋਚਦੇ ਹੋਣਗੇ ਕਿ ਉਹਨਾਂ ਦੀ ਪਾਰਟੀ ਦਾ ਆਰ.ਐਸ.ਐਸ. ਤੋਂ ਬਿਨ੍ਹਾਂ ਗੁਜ਼ਾਰਾ ਹੈ। ਅਸਲ 'ਚ ਦੋਵੇਂ ਧਿਰਾਂ ਇੱਕ-ਦੂਜੇ ਦੀਆਂ ਪੂਰਕ ਹਨ। ਪਿਛਲੇ ਦਸ ਵਰ੍ਹਿਆਂ ਦੌਰਾਨ ਭਾਜਪਾ, ਆਰ.ਐਸ.ਐਸ. ਨੇ ਰਾਜ ਭਾਗ ਦਾ ਅਨੰਦ ਮਾਣਿਆ ਹੈ। ਕੀ ਆਰ.ਐਸ.ਐਸ. ਕੋਲ ਇਸ ਗੱਲ ਦਾ ਕੋਈ ਜਵਾਬ ਹੈ ਕਿ ਉਸਦੇ ਮੁੱਖ ਹੈੱਡਕੁਆਰਟਰ ਅਤੇ ਹੋਰ ਸਾਖਾਵਾਂ ਉਤੇ ਵੱਡੀਆਂ ਇਮਾਰਤਾਂ ਕਿਹੜੇ ਫੰਡ ਨਾਲ ਬਣੀਆਂ? ਆਰ.ਐਸ.ਐਸ. ਦੇ ਮੁਖੀਆਂ ਤੇ ਵੱਡੇ ਚੌਧਰੀਆਂ ਨੇ ਕਿਹੜੇ ਤੇ ਕਿਸਦੇ ਹੈਲੀਕਾਪਟਰਾਂ ਦਾ ਅਨੰਦ ਯਾਤਰਾਵਾਂ ਕਰਨ ਤੇ ਸ਼ਾਖਾ ਮੀਟਿੰਗਾਂ ਲਗਾਉਣ ਲਈ ਲਿਆ।

ਕੀ ਆਰ.ਐਸ.ਐਸ. ਇਹ ਦੱਸ ਸਕੇਗੀ ਕਿ ਆਯੋਧਿਆ ਪ੍ਰਤੀਸ਼ਟਾ ਸਮਾਗਮ ਸਬੰਧੀ ਜਦੋਂ ਹਿੰਦੂ ਸ਼ੰਕਰਾਚਾਰੀਆ ਮੋਦੀ ਦੇ ਅਣਉਚਿਤ ਕਾਰਜਾਂ 'ਤੇ ਸਵਾਲ ਉਠਾ ਰਹੇ ਸਨ ਤਾਂ ਉਹ ਚੁੱਪ ਕਿਉਂ ਸਨ?

ਅੱਜ ਮੋਹਨ ਭਾਗਵਤ ਮਨੀਪੁਰ 'ਚ ਹਿੰਸਾ ਦੀ ਗੱਲ ਕਰਦੇ ਹਨ। ਉਥੇ ਦੇ ਲੋਕਾਂ ਦੀ ਬੇਚੈਨੀ ਅਤੇ ਸਰਕਾਰ ਦੀ ਚੁੱਪੀ 'ਤੇ ਸਵਾਲ ਉਠਾ ਰਹੇ ਹਨ। ਪਰ ਉਹਨਾਂ ਨੇ ਉਹਨਾ ਸਮਿਆਂ 'ਚ ਚੁੱਪ ਕਿਉਂ ਵੱਟੀ ਰੱਖੀ ਜਦ ਮਨੀਪੁਰ 'ਚ ਔਰਤਾਂ ਦੀ ਬੇਹੁਰਮਤੀ ਹੋ ਰਹੀ ਸੀ ਤੇ ਦੇਸ਼ 'ਚ ਕੁਹਰਾਮ ਮਚਿਆ ਹੋਇਆ ਸੀ ਅਤੇ ਨਰਿੰਦਰ ਮੋਦੀ ਨੇ ਆਪਣੇ ਮੁਖਾਰਬਿੰਦ ਤੋਂ ਇੱਕ ਵੀ ਸ਼ਬਦ ਨਹੀਂ ਸੀ ਉਚਾਰਿਆ। ਜਦਕਿ ਦੇਸ਼ ਦੀ ਵਿਰੋਧੀ ਧਿਰ ਨੇ ਲੋਕ ਸਭਾ 'ਚ ਇਸ ਸਬੰਧੀ ਕੰਮ ਰੋਕੂ ਮਤਾ ਲਿਆਂਦਾ ਤਾਂ ਕਿ ਚਰਚਾ ਹੋਵੇ, ਪਰ ਸਰਕਾਰ ਦੜ੍ਹ ਵੱਟਕੇ ਬੈਠੀ ਰਹੀ।

ਮੋਦੀ ਦੇ ਸ਼ਾਸ਼ਨ-ਪ੍ਰਸ਼ਾਸ਼ਨ ਸਬੰਧੀ ਮੋਹਨ ਭਾਗਵਤ ਤੇ ਆਰ.ਐਸ.ਐਸ. ਉਦੋਂ ਤੱਕ ਚੁੱਪ ਬੈਠੇ ਰਹੇ, ਜਦੋਂ ਤੱਕ ਨਰਿੰਦਰ ਮੋਦੀ ਉਹਨਾਂ ਦੇ ਆਸ਼ਿਆਂ ਅਨੁਸਾਰ ਕੰਮ ਕਰਦਾ ਰਿਹਾ। ਅੱਜ ਜਦੋਂ ਲੋਕਾਂ ਨੇ ਨਰਿੰਦਰ ਮੋਦੀ ਦੀ ਤਾਨਾਸ਼ਾਹੀ ਸੋਚ ਦਾ ਜਵਾਬ ਦਿੱਤਾ ਹੈ ਤਾਂ ਆਰ.ਐਸ.ਐਸ. ਸੁਤ ਉਨੀਂਦੀ ਉੱਠ ਬੈਠੀ ਹੈ ਅਤੇ ਸਾਰਾ ਦੋਸ਼ ਨਰਿੰਦਰ ਮੋਦੀ 'ਤੇ ਮੜ੍ਹਨ ਦਾ ਯਤਨ ਹੋ ਰਿਹਾ ਹੈ।

(ਬਾਕੀ ਸਫ਼ਾ 31 'ਤੇ)

# ਰਾਜਨੀਤਕ ਦਬਾਅ ਤੋਂ ਮੁਕਤ ਹੋਣ ਸੁਰੱਖਿਆ ਏਜੰਸੀਆਂ

ਸੁਹਜਪ੍ਰੀਤ ਸਿੰਘ

ਭਾਰਤ ਨੇ, ਇੱਕ ਪ੍ਰਭੂਸੱਤਾ ਸੰਪੰਨ ਗਣਰਾਜ ਦੇ ਰੂਪ ਵਿੱਚ 1947 'ਚ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਵੱਖ-ਵੱਖ ਖੇਤਰਾਂ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ ਪਰ ਇੱਕ ਖੇਤਰ ਜਿਸ 'ਚ ਬਹੁਤ ਘੱਟ ਤਬਦੀਲੀ ਦੇਖੀ ਗਈ ਹੈ, ਉਹ ਪੁਲਿਸ ਵਿਭਾਗ ਹੈ, ਜਿਸ ਦੀ ਜੜ੍ਹ ਬਸਤੀਵਾਦੀ ਯੁੱਗ ਦੇ ਭਾਰਤੀ ਪੁਲਿਸ ਐਕਟ 1861 ਵਿੱਚ ਬਹੁਤ ਡੂੰਘੀ ਵਸੀ ਹੋਈ ਹੈ। ਇਹ ਪੁਰਾਤਨ ਕਾਨੂੰਨ ਅੰਗਰੇਜ਼ਾਂ ਦੁਆਰਾ ਸਰਕਾਰ ਵਿਰੁੱਧ ਬਗਾਵਤਾਂ ਨੂੰ ਦਬਾਉਣ ਦੇ ਮੁੱਖ ਉਦੇਸ਼ ਨਾਲ ਤਿਆਰ ਕੀਤਾ ਗਿਆ ਸੀ, ਪਰ ਇਹ ਅੱਜ ਤੱਕ ਵੀ ਦੇਸ਼ 'ਚ ਪੂਰੀ ਤਰ੍ਹਾਂ ਚੱਲ ਰਿਹਾ ਹੈ। ਵਿਕਾਸਸ਼ੀਲ ਸਮਾਜਿਕ-ਰਾਜਨੀਤਕ ਦ੍ਰਿਸ਼ ਅਤੇ ਇੱਕ ਲੋਕਤੰਤਰੀ ਰਾਸ਼ਟਰ ਦੇ ਸਿਧਾਂਤਾਂ ਨੂੰ ਧਿਆਨ 'ਚ ਰੱਖਦੇ ਹੋਏ ਅੱਜ ਪੁਲਿਸ ਪ੍ਰਣਾਲੀ ਵਿੱਚ ਵਿਆਪਕ ਸੁਧਾਰਾਂ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਅੱਜ ਦੇ ਹਾਲਾਤ ਵਿੱਚ ਜਿੱਥੇ ਸਿਰਫ ਵਿਰੋਧੀ ਧਿਰ ਦੇ ਨੇਤਾਵਾਂ 'ਤੇ ਹੀ ਐੱਫ.ਆਈ.ਆਰ. ਦਰਜ ਕੀਤੀਆਂ ਜਾ ਰਹੀਆਂ ਹਨ, ਉਹ ਸਭ ਲਈ ਚਿੰਤਾ ਦਾ ਇੱਕ ਵੱਡਾ ਕਾਰਨ ਹਨ। ਇਹ ਦੱਸਣਯੋਗ ਹੈ ਕਿ 1861 ਦਾ ਭਾਰਤੀ ਪੁਲਿਸ ਐਕਟ ਬਸਤੀਵਾਦੀ ਮਾਨਸਿਕਤਾ ਦੀ ਉਪਜ ਸੀ, ਜਿਸ ਦਾ ਉਦੇਸ਼ ਬ੍ਰਿਟਿਸ਼ ਪ੍ਰਸ਼ਾਸਨ ਦੇ ਹੱਥਾਂ 'ਚ ਸ਼ਕਤੀ ਨੂੰ ਮਜ਼ਬੂਤ ਕਰਨਾ ਸੀ। ਸੁਪਰੀਮ ਕੋਰਟ ਦੇ ਆਦੇਸ਼ ਅਧੀਨ ਰਾਜਾਂ ਨੇ ਆਪੋ-ਆਪਣੇ ਨਵੇਂ ਪੁਲਿਸ ਐਕਟ ਬਣਾਏ ਹਨ, ਪਰ ਉਹ ਵਧੇਰੇ ਕਰਕੇ ਪੁਰਾਣੇ ਪੁਲਿਸ ਐਕਟ ਦੀ ਕਾਪੀ ਹੀ ਹਨ। ਭਾਰਤ ਵੱਲੋਂ ਆਪਣੇ ਆਪ ਨੂੰ ਇੱਕ ਪ੍ਰਭੂਸੱਤਾ ਸੰਪੰਨ ਗਣਰਾਜ ਘੋਸ਼ਿਤ ਕਰਨ ਦੇ ਬਾਵਜੂਦ, ਇਹ ਪੁਰਾਣਾ ਕਾਨੂੰਨ ਅਜੇ ਵੀ ਕਾਇਮ ਹੈ, ਜੋ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਦਿੱਤੀ ਗਈ ਖ਼ੁਦਮੁਖਤਿਆਰੀ ਅਤੇ ਆਜ਼ਾਦੀ ਦੀ ਹੱਦ ਬਾਰੇ ਚਿੰਤਾਵਾਂ ਪੈਦਾ ਕਰਦਾ ਹੈ। ਇਹ ਐਕਟ ਪੁਲਿਸ ਨੂੰ ਰਾਜ ਦੇ ਨਿਯੰਤਰਣ ਅਧੀਨ ਰੱਖਦਾ ਹੈ, ਰਾਜਨੀਤਕ ਦਖ਼ਲਅੰਦਾਜ਼ੀ ਨੂੰ ਤਕੜਾ ਕਰਦਾ ਹੈ ਅਤੇ ਨਿਆਂ ਦੇ ਸਿਧਾਂਤਾਂ ਨੂੰ ਕਮਜ਼ੋਰ ਕਰਦਾ ਹੈ। ਇਹੀ ਕਾਰਨ ਹੈ ਕਿ ਹੁਣ ਵੀ, ਸਰਕਾਰਾਂ ਵਲੋਂ ਵਿਰੋਧੀ ਧਿਰ ਦੀ ਅਸਹਿਮਤੀ ਰੋਕਣ ਲਈ ਪੁਲਿਸ ਦੀ ਭਰਪੂਰ ਵਰਤੋਂ ਕੀਤੀ ਜਾ ਰਹੀ ਹੈ।

ਇਕ ਸਿਹਤਮੰਦ ਲੋਕਤੰਤਰ ਲਈ, ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਪੁਲਿਸ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਰਾਜਨੀਤਕ ਦਬਾਅ ਤੋਂ ਮੁਕਤ, ਸੁਤੰਤਰ ਤੌਰ 'ਤੇ ਕੰਮ ਕਰਦੀਆਂ ਹੋਣ। ਪਰ ਮੌਜੂਦਾ ਢਾਂਚਾ, ਜਿੱਥੇ ਪੁਲਿਸ ਡਾਇਰੈਕਟਰ ਜਨਰਲ ਅਤੇ ਹੋਰ ਪੁਲਿਸ ਅਧਿਕਾਰੀ ਮੁੱਖ ਮੰਤਰੀ ਦੇ ਨਿਰਦੇਸ਼ਾਂ ਦੇ ਅਧੀਨ ਹਨ, ਉੱਥੇ ਕਾਨੂੰਨ ਲਾਗੂ ਕਰਨ ਦੀ ਨਿਰਪੱਖਤਾ 'ਤੇ ਸਵਾਲ ਖੜ੍ਹੇ ਹੁੰਦੇ ਹਨ। ਨਿਰਪੱਖਤਾ ਅਤੇ ਨਿਆਂ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਪੁਲਿਸ ਸੇਵਾ ਨੂੰ ਨਿਆਂਪਾਲਿਕਾ ਵਾਂਗ ਸੁਤੰਤਰ ਬਣਾਉਣ ਲਈ ਤਬਦੀਲੀਆਂ ਅਤੇ ਸੁਧਾਰ ਕੀਤੇ ਜਾਣੇ ਚਾਹੀਦੇ ਹਨ।

ਬ੍ਰਿਟਿਸ਼ ਪ੍ਰਸ਼ਾਸਨ ਦੇ ਅਧੀਨ 1862 ਵਿੱਚ ਲਾਗੂ ਕੀਤਾ ਗਿਆ ਭਾਰਤੀ ਦੰਡ ਵਿਧਾਨ ਭਾਰਤ 'ਚ ਅਪਰਾਧਿਕ ਕਾਨੂੰਨ ਦੀ ਰੀੜ੍ਹ ਦੀ ਹੱਡੀ ਹੈ। ਹਾਲਾਂਕਿ ਇਸ ਨੇ ਪਿਛਲੇ ਸਾਲਾਂ ਦੌਰਾਨ ਆਪਣੇ ਉਦੇਸ਼ ਦੀ ਪੂਰਤੀ ਕੀਤੀ ਹੈ ਪਰ ਇਸ ਨੂੰ ਆਧੁਨਿਕ ਚੁਣੌਤੀਆਂ ਦੇ ਅਨੁਸਾਰ ਆਧੁਨਿਕ ਅਤੇ ਅਨੁਕੂਲ ਬਣਾਉਣਾ ਵੀ ਸਮੇਂ ਦੀ ਇਕ ਮੁੱਖ ਲੋੜ ਸੀ, ਲੋਕਤੰਤਰਿਕ ਗੱਠਜੋੜ ਦੀ ਸਰਕਾਰ ਨੇ ਇਸ ਸੰਬੰਧੀ ਤਿੰਨ ਕਾਨੂੰਨ ਬਣਾਏ ਹਨ, ਜੋ ਅਜੇ ਪੂਰੀ ਤਰ੍ਹਾਂ ਅਮਲ ਵਿੱਚ ਨਹੀਂ ਆਏ। ਪਿਛਲੇ ਕਾਨੂੰਨ ਦੀਆਂ ਕੁਝ ਵਿਵਸਥਾਵਾਂ, ਜਿਵੇਂ ਕਿ ਦੇਸ਼ਧ੍ਰੋਹ, ਗ਼ੈਰ-ਕਾਨੂੰਨੀ ਇਕੱਠ ਅਤੇ ਧਾਰਾ 144 ਨਾਲ ਸੰਬੰਧਿਤ ਵਿਵਸਥਾਵਾਂ ਦੀ ਪੁਰਾਤਨ ਪ੍ਰਕਿਰਤੀ, ਮੁੜ ਮੁਲਾਂਕਣ ਦੀ ਮੰਗ ਕਰਦੀਆਂ ਸਨ। ਵਰਨਣਯੋਗ ਹੈ ਕਿ ਯੂਨਾਈਟਿਡ ਕਿੰਗਡਮ ਜਿਸ ਨੇ ਭਾਰਤ ਵਿੱਚ ਇਹ ਕਾਨੂੰਨ ਬਣਾਏ ਸਨ, ਨੇ ਇਨ੍ਹਾਂ ਕਾਨੂੰਨਾਂ ਨੂੰ ਇਨ੍ਹਾਂ ਦੇ ਸਰੂਪ ਅਤੇ ਦੁਰਵਰਤੋਂ ਦੀ ਸੰਭਾਵਨਾ ਨੂੰ ਪਛਾਣਦੇ ਹੋਏ ਰੱਦ ਕਰ ਦਿੱਤਾ ਸੀ।



ਅਸਹਿਮਤੀ ਨੂੰ ਦਬਾਉਣ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਇੱਕ ਤਾਕਤ ਵਜੋਂ ਪੁਲਿਸ ਦੇ ਰਵਾਇਤੀ ਨਜ਼ਰੀਏ ਨੂੰ ਵੀ ਮੁੜ ਪਰਿਭਾਸ਼ਿਤ ਕਰਨ ਦੀ ਲੋੜ ਹੈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਨਾਗਰਿਕਾਂ ਵਿਚਕਾਰ ਸਹਿਯੋਗੀ ਸੰਬੰਧਾਂ ਨੂੰ ਉਤਸ਼ਾਹਿਤ ਕਰਦੇ ਹੋਏ, ਪੁਲਿਸ ਨੂੰ ਸਮਾਜ ਦੀ ਸੇਵਾ ਵਜੋਂ ਜਾਣਿਆ ਜਾਣਾ ਚਾਹੀਦਾ ਹੈ। ਇੱਕ ਸ਼ਕਤੀ-ਕੇਂਦ੍ਰਿਤ ਮਾਡਲ ਤੋਂ ਸੇਵਾ-ਆਧਾਰਿਤ ਪਹੁੰਚ ਵਿੱਚ ਤਬਦੀਲੀ ਭਰੋਸੇ, ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਦੀ ਹੈ, ਜੋ ਇੱਕ ਮਜ਼ਬੂਤ ਲੋਕਤੰਤਰੀ ਸਮਾਜ ਲਈ ਜ਼ਰੂਰੀ ਤੱਤ ਹੁੰਦੀ ਹੈ। ਦੇਸ਼ ਧਰੋਹ ਅਤੇ ਧਾਰਾ 144 ਨੂੰ ਮਨਮਾਨੇ ਢੰਗ ਨਾਲ ਲਾਗੂ ਕਰਨ ਵਰਗੇ ਕਾਨੂੰਨਾਂ ਦੀ ਦੁਰਵਰਤੋਂ ਭਾਰਤ ਦੇ ਰਾਜਨੀਤਕ ਭੂ-ਦ੍ਰਿਸ਼ 'ਚ ਰੁਝਾਨ ਬਣ ਗਈ ਹੈ। ਇਹ ਕਾਨੂੰਨ, ਬਸਤੀਵਾਦੀ ਯੁੱਗ ਦੇ ਬਚੇ ਹੋਏ ਕਾਨੂੰਨ ਹਨ, ਸਰਕਾਰ ਦੀ ਆਲੋਚਨਾ ਨੂੰ ਰੋਕਣ ਲਈ ਵਰਤੇ ਜਾ ਰਹੇ ਹਨ ਅਤੇ ਇਸ ਆਲੋਚਨਾ ਨੂੰ ਦੇਸ਼ ਦੀ ਆਲੋਚਨਾ ਸਮਝਿਆ ਜਾ ਰਿਹਾ ਹੈ।

ਅਜਿਹੇ ਅਮਲ ਲੋਕਤੰਤਰ ਦੇ ਬੁਨਿਆਦੀ ਸਿਧਾਂਤਾਂ ਲਈ ਗੰਭੀਰ ਖ਼ਤਰਾ ਪੈਦਾ ਕਰਦੇ ਹਨ, ਕਿਉਂਕਿ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ, ਜੋ ਕਿ ਸਿਹਤਮੰਦ ਜਮਹੂਰੀ ਢਾਂਚੇ ਲਈ ਜ਼ਰੂਰੀ ਹੈ, ਨੂੰ ਦਬਾਇਆ ਜਾ ਰਿਹਾ ਹੈ। ਪੁਲਿਸ, ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਦੀ ਬਜਾਏ, ਅਸਹਿਮਤੀ ਨੂੰ ਦਬਾਉਣ ਲਈ ਵਰਤੀ ਜਾ ਰਹੀ ਹੈ ਅਤੇ ਲੋਕਤੰਤਰ ਦੀ ਨੀਂਹ ਨੂੰ ਖ਼ਤਰੇ 'ਚ ਪਾ ਰਹੀ ਹੈ। ਪੁਲਿਸ ਸ਼ਕਤੀਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਨਿਗਰਾਨੀ ਅਤੇ ਜਵਾਬਦੇਹੀ ਲਈ ਇਕ ਪ੍ਰਭਾਵੀ ਵਿਧੀ ਮਹੱਤਵਪੂਰਨ ਹੈ। ਸਿਆਸੀ ਪ੍ਰਭਾਵ ਤੋਂ ਵੱਖ ਨਿਆਂਪਾਲਿਕਾ ਵਾਂਗ ਸੁਤੰਤਰ ਸੰਸਥਾਵਾਂ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਉੱਚ ਦਰਜੇ ਦੇ ਪੁਲਿਸ ਅਧਿਕਾਰੀਆਂ ਦੀ ਚੋਣ ਅਤੇ ਹਟਾਉਣ ਲਈ ਪਾਰਦਰਸ਼ੀ ਅਤੇ ਨਿਰਪੱਖ ਪ੍ਰਕਿਰਿਆਵਾਂ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਤਾਂ ਜੋ ਕਾਨੂੰਨ ਲਾਗੂ ਕਰਨ ਦੀ ਅਖੰਡਤਾ ਅਤੇ ਸੁਤੰਤਰਤਾ ਨੂੰ ਕਾਇਮ ਰੱਖਿਆ ਜਾ ਸਕੇ। ਪੁਲਿਸ ਬਲ ਦੇ ਆਧੁਨਿਕੀਕਰਨ 'ਚ ਸਿਰਫ਼ ਕਾਨੂੰਨੀ ਸੁਧਾਰ ਹੀ ਨਹੀਂ, ਸਗੋਂ ਸਿਖਲਾਈ ਅਤੇ ਤਕਨਾਲੋਜੀ 'ਚ ਨਿਵੇਸ਼ ਵੀ ਸ਼ਾਮਿਲ ਹੈ। ਪੁਲਿਸ ਕਰਮਚਾਰੀਆਂ ਅਤੇ ਔਰਤਾਂ ਨੂੰ ਸਮਾਜਿਕ ਗਤੀਸ਼ੀਲਤਾ ਅਤੇ ਉੱਭਰ ਰਹੀਆਂ ਚੁਣੌਤੀਆਂ ਨਾਲ ਤਾਲਮੇਲ ਰੱਖਣ ਲਈ ਨਿਯਮਤ ਸਿਖਲਾਈ ਦੇਣੀ ਚਾਹੀਦੀ ਹੈ। ਪੁਲਿਸ 'ਚ ਉੱਨਤ ਤਕਨਾਲੋਜੀ, ਜਿਵੇਂ ਕਿ ਕੈਮਰੇ, ਡਾਟਾ ਵਿਸ਼ਲੇਸ਼ਣ ਅਤੇ ਭਾਈਚਾਰੇ ਦੀ ਸ਼ਮੂਲੀਅਤ ਦੇ ਪਲੇਟਫਾਰਮ ਨੂੰ ਅਪਣਾਉਣ ਨਾਲ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਪ੍ਰਭਾਵਸ਼ੀਲਤਾ ਅਤੇ ਜਵਾਬਦੇਹੀ ਨੂੰ ਵਧਾਇਆ ਜਾ ਸਕਦਾ ਹੈ। ਸਿੱਟੇ ਵਜੋਂ, ਭਾਰਤ 'ਚ ਪੁਲਿਸ ਵਿਭਾਗ 'ਚ ਸੁਧਾਰਾਂ ਦੀ ਫੌਰੀ ਲੋੜ ਬਹੁਤ ਮਹੱਤਵਪੂਰਨ ਹੈ। 1861 ਦੇ ਭਾਰਤੀ ਪੁਲਿਸ ਐਕਟ ਦੀ ਬਸਤੀਵਾਦੀ ਵਿਰਾਸਤ ਅਤੇ ਭਾਰਤੀ ਦੰਡਾਵਲੀ ਦੀਆਂ ਪੁਰਾਣੀਆਂ ਵਿਵਸਥਾਵਾਂ ਨੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਬਹੁਤ ਭਾਰੀ ਢਾਹ ਲਾਈ ਹੈ। ਸਮੁੱਚੀ ਪੁਲਿਸ ਪ੍ਰਣਾਲੀ 'ਚ ਇੱਕ ਅਜਿਹੀ ਤਬਦੀਲੀ ਦੀ ਜ਼ਰੂਰਤ ਹੈ, ਜੋ ਇਸ ਨੂੰ ਸੁਤੰਤਰਤਾ ਪ੍ਰਦਾਨ ਕਰਦੀ ਹੋਵੇ, ਇੱਕ ਸੇਵਾ ਸੰਗਠਨ ਬਣਾਉਂਦੀ ਹੋਈ, ਲੋਕਤੰਤਰੀ ਰਵਾਇਤਾਂ ਤੇ ਭਾਵਨਾਵਾਂ ਦੇ ਅਨੁਕੂਲ ਹੋਵੇ, ਰਾਜਨੀਤਕ ਦਖਲ-ਅੰਦਾਜ਼ੀ ਤੋਂ ਮੁਕਤ ਕਰਦੀ ਹੋਵੇ ਅਤੇ ਸਮੁੱਚੇ ਸਮਾਜ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੋਵੇ। ਇਸ ਮੰਤਵ ਲਈ ਵੱਡੇ ਪੱਧਰ 'ਤੇ ਕਾਨੂੰਨੀ, ਸੰਸਥਾਤਮਕ ਅਤੇ ਤਕਨੀਕੀ ਸੁਧਾਰ ਕਰਨੇ ਜ਼ਰੂਰੀ ਹੋਣਗੇ, ਜਿਨ੍ਹਾਂ ਸਦਕਾ ਭਾਰਤੀ ਪੁਲਿਸ ਸਹੀ ਅਰਥਾਂ 'ਚ ਲੋਕਤੰਤਰੀ ਅਤੇ ਸ਼ਮੂਲੀਅਤ ਭਰਪੂਰ ਤਰੀਕੇ ਨਾਲ ਲੋਕਾਂ ਦੀ ਸੇਵਾ 'ਚ ਹਾਜ਼ਰ ਹੋ ਸਕੇਗੀ।

# ਪੰਜਾਬ ਦੇ ਅਰਥਚਾਰੇ ਲਈ ਲਾਜ਼ਮੀ ਪੱਛਮੀ ਚੱਕਰਵਾਤ

**ਤਜਿੰਦਰ ਸਿੰਘ**

ਭਾਰਤ ਵਿੱਚ ਆਉਣ ਵਾਲ਼ੇ ਸਾਰੇ ਚੱਕਰਵਾਤ ਮਾੜੇ ਨਹੀਂ ਹੁੰਦੇ ਅਤੇ ਕੁਝ ਚੱਕਰਵਾਤ ਖੇਤੀਬਾੜੀ ਅਤੇ ਇਨਸਾਨੀਅਤ ਲਈ ਅਤਿਅੰਤ ਜ਼ਰੂਰੀ ਵੀ ਹਨ। ਮਈ ਤੋਂ ਸਤੰਬਰ-ਅਕਤੂਬਰ ਵਿੱਚ ਬੰਗਾਲ ਦੀ ਖਾੜੀ ਵਿੱਚ ਆਉਣ ਵਾਲ਼ੇ ਚੱਕਰਵਾਤ ਕੋਰੋਮੰਡਲ ਤੱਟ ’ਤੇ ਭਾਰੀ ਵਰਖਾ ਦਾ ਕਾਰਨ ਬਣਦੇ ਹਨ ਅਤੇ ਪੂਰਬੀ ਸੂਬਿਆਂ ਵਿੱਚ ਝੋਨੇ ਦੀ ਫ਼ਸਲ ਦੇ ਝਾੜ ਨੂੰ ਵਧਾਉਣ ਵਿੱਚ ਸਹਾਈ ਹੁੰਦੇ ਹਨ। ਮਈ ਵਿੱਚ ਆਏ ‘ਰੇਮਲ ਚੱਕਰਵਾਤ’ ਕਾਰਨ ਪੱਛਮੀ ਬੰਗਾਲ ਅਤੇ ਬੰਗਲਾਦੇਸ਼ ਵਿੱਚ 85 ਦੇ ਕਰੀਬ ਲੋਕਾਂ ਦੀ ਮੌਤ ਹੋ ਗਈ। ਪੰਜਾਬ ਤੇ ਬੰਗਾਲ ਦੀ ਖਾੜੀ ਵਿੱਚ ਆਉਣ ਵਾਲੇ ਊਸ਼ਣ ਖੰਡੀ ਚੱਕਰਵਾਤਾਂ ਦਾ ਕੋਈ ਸਿੱਧਾ ਅਸਰ ਤਾਂ ਨਹੀਂ ਪੈਂਦਾ, ਪਰ ਮੌਨਸੂਨੀ ਵਰਖਾ ਲਿਆਉਣ ਵਿੱਚ ਇਹ ਸਹਾਈ ਜ਼ਰੂਰ ਹੁੰਦੇ ਹਨ। ਨਵੰਬਰ ਤੋਂ ਅਪ੍ਰੈਲ ਤੱਕ ਰੋਮ ਸਾਗਰ ਤੋਂ ਪੈਦਾ ਹੋਣ ਵਾਲੇ ਪੱਛਮੀ ਚੱਕਰਵਾਤ ਊਰਜਾ ਨਾਲ ਭਰਪੂਰ ਹੁੰਦੇ ਹਨ। ਇਹ ਚੱਕਰਵਾਤ ਹਿਮਾਲਿਆ ’ਤੇ ਬਰਫ਼ ਦੀ ਮੋਟੀ ਚਾਦਰ ਵਿਛਾ ਕੇ ਇਸ ਦੀਆਂ ਨਦੀਆਂ ਨੂੰ ਸਦਾਬਹਾਰ ਵੱਡਮੁੱਲੇ ਪਾਣੀ ਦੀ ਦਾਤ ਬਖਸ਼ਦੇ ਹਨ। ਹਾੜੀ ਦੀ ਫ਼ਸਲ ਨੂੰ ਲੋੜੀਂਦੀ ਨਮੀ ਪ੍ਰਦਾਨ ਕਰ ਕੇ ਪ੍ਰਤੀ ਏਕੜ ਝਾੜ ਨੂੰ ਵਧਾਉਣ ਲਈ ਵਰਦਾਨ ਤੋਂ ਘੱਟ ਨਹੀਂ।

ਪਰਬਤੀ ਖੇਤਰਾਂ ’ਚ ਫੈਲੇ ਫਲਾਂ ਦੇ ਬਗ਼ੀਚੇ ਇਨ੍ਹਾਂ ਚੱਕਰਵਾਤਾਂ ਦੀ ਹੀ ਦੇਣ ਹਨ। ਹਰ ਲਾਲ ਜਾਂ ਸੁਨਹਿਰੀ ਸੇਬ ਜੋ ਹਿਮਾਚਲ ਪ੍ਰਦੇਸ਼ ਅਤੇ ਕਸ਼ਮੀਰ ਦੀ ਘਾਟੀ ਵਿੱਚ ਪੈਦਾ ਹੁੰਦੇ ਹਨ, ਨੂੰ ਲੈ ਕੇ ਮੈਦਾਨੀ ਇਲਾਕਿਆਂ ’ਚ ਵੱਸਦੇ ਅਵਾਮ ਤੱਕ ਪਹੁੰਚਦਾ ਕਰਨ ਵਿੱਚ ਇਨ੍ਹਾਂ ਪੱਛਮੀ ਚੱਕਰਵਾਤਾਂ ਦਾ ਵੱਡਾ ਹੱਥ ਹੈ। ਸਮੇਂ ਸਿਰ ਬਰਫ਼ਬਾਰੀ ਕਰਨਾ ਅਤੇ ਦਰੱਖ਼ਤਾਂ ’ਤੇ ਬੂਰ ਦੀ ਪੈਦਾਇਸ਼ ਅਤੇ ਮਗਰੋਂ ਹੋਣ ਵਾਲੀ ਸੇਬਾਂ ਦੀ ਫ਼ਸਲ ਵਾਸਤੇ ਇਨ੍ਹਾਂ ਰੋਮ ਸਾਗਰੀ ਪੱਛਮੀ ਚੱਕਰਵਾਤਾਂ ਦੀ ਵੱਡੀ ਭੂਮਿਕਾ ਹੈ। ਇਹ ਚੱਕਰਵਾਤ ਪੰਜਾਬ ਵਿੱਚ ਕਣਕ ਦੀ ਪੈਦਾਵਾਰ ਨੂੰ ਵਧਾਉਣ ਲਈ ਕਿਸੇ ਚਮਤਕਾਰ ਤੋਂ ਘੱਟ ਨਹੀਂ ਹਨ। ਇਹ ਫਸਲ ਨੂੰ ਹਰਾ ਕਰਨ ਅਤੇ ਦਾਣੇ ਦਾ ਭਾਰ ਵਧਾਉਣ ਵਿੱਚ ਸਹਾਈ ਹੁੰਦੇ ਹਨ। ਇਹ ਚੱਕਰਵਾਤ ਮੀਂਹ ਤਾਂ ਜ਼ਿਆਦਾ ਨਹੀਂ ਪਾਉਂਦੇ, ਪ੍ਰੰਤੂ ਨਮੀ ਕਾਇਮ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।



### ਚੰਗੇ ਤੇ ਮਾੜੇ ਚੱਕਰਵਾਤ

ਇਸ ਦੇ ਸਰੂਪ ਨੂੰ ਜਾਣਨ ਤੋਂ ਪਹਿਲਾਂ ਚੰਗੇ ਅਤੇ ਮਾੜੇ ਚੱਕਰਵਾਤਾਂ ਦੀ ਪਰਿਭਾਸ਼ਾ ਸਮਝਣੀ ਬਹੁਤ ਜ਼ਰੂਰੀ ਹੈ। ਦਰਅਸਲ ਚੱਕਰਵਾਤ ਇੱਕ ਘੱਟ ਵਾਯੂਦਾਬ ਖੇਤਰ ਹੈ ਅਤੇ ਹਵਾ ਦੇ ਗਰਮ ਹੋਣ ਤੋਂ ਬਾਅਦ ਸੰਵਹਿਣ ਕਿਰਿਆ ਨਾਲ ਉਤਪੰਨ ਹੁੰਦਾ ਹੈ। ਚਾਰ ਚੁਫ਼ੇਰੇ ਤੋਂ ਹਵਾ ਤੇਜ਼ੀ ਨਾਲ ਅੰਦਰ ਵੱਲ ਨੂੰ ਵਹਿੰਦੀ ਹੈ ਅਤੇ ਘੁਮਾਵਦਾਰ ਰੂਪ ’ਚ ਕੇਂਦਰ ਵਿਖੇ ਉੱਪਰ ਉੱਠਣ ਦੀ ਜ਼ੋਰਦਾਰ ਕੋਸ਼ਿਸ਼ ਕਰਦੀ ਹੈ।

### ਕਿਸਮਾਂ

ਚੱਕਰਵਾਤ ਦੋ ਪ੍ਰਕਾਰ ਦੇ ਹਨ। ਰੂਮ ਸਾਗਰੀ ਚੱਕਰਵਾਤ ਜੋ ਪੰਜਾਬ ਤੇ ਹਿਮਾਲਿਆ ਵੱਲ ਆਉਂਦੇ ਹਨ। ਇਹ ਸ਼ੀਤ ਊਸ਼ਣ ਖਿੱਤੇ ਨਾਲ ਜਾਣੇ ਜਾਂਦੇ ਹਨ ਅਤੇ ਪ੍ਰਾਇਦੀਪੀ ਭਾਰਤ ਦੇ ਊਸ਼ਣੀ ਚੱਕਰਵਾਤਾਂ ਤੋਂ ਵੱਖਰੇ ਹੁੰਦੇ ਹਨ। ਇਹ ਚੱਕਰਵਾਤ ਸਾਗਰਾਂ ਤੋਂ ਧਰਾਤਲ ਵੱਲ ਆਉਂਦੇ ਹੋਏ ਕਾਫ਼ੀ ਨਮੀ ਚੁੱਕਦੇ ਹਨ ਅਤੇ ਤੱਟੀ ਖੇਤਰਾਂ ਤੇ ਟਕਰਾ ਕੇ ਭਾਰੀ ਵਰਖਾ ਕਰਦੇ ਹਨ। ਇਸ ਪ੍ਰਕਿਰਿਆ ਨੂੰ ਮੌਸਮ ਵਿਗਿਆਨ ਦੀ ਭਾਸ਼ਾ ਵਿੱਚ ‘ਲੈਂਡਫ਼ਾਲ’ ਕਿਹਾ ਜਾਂਦਾ ਹੈ। ਆਂਧਰਾ ਪ੍ਰਦੇਸ਼, ਓਡੀਸ਼ਾ ਤੇ ਬੰਗਾਲ ਦੀ ਖਾੜੀ ’ਚ ਆਉਣ ਵਾਲੇ ਚੱਕਰਵਾਤ ਵਾਵਰੋਲੇ ਵਾਲੇ ਹੁੰਦੇ ਹਨ ਅਤੇ ਅਤਿਅੰਤ ਖ਼ਤਰਨਾਕ ਰਫ਼ਤਾਰੀ ਪੌਣਾਂ ਨਾਲ ਲੈਸ ਹੁੰਦੇ ਹਨ। ਇਸ ਵਰ੍ਹੇ ਮਈ ਮਹੀਨੇ ਵਿੱਚ ‘ਰੇਮਲ’ ਚੱਕਰਵਾਤ ਇਸੇ ਕਿਸਮ ਦਾ ਸੀ, ਜਿਸ ਨੇ ਮੌਨਸੂਨ ਨੂੰ ਤੇਜ਼ੀ ਨਾਲ ਅੱਗੇ ਵਧਣ ਵਿੱਚ ਸਹਾਇਤਾ ਵੀ ਕੀਤੀ ਹਾਲਾਂਕਿ ਇਸ ਦੀ ਅੱਗੇ ਵਧਣ ਦੀ ਰਫ਼ਤਾਰ ਥੋੜ੍ਹੀ ਮੱਠੀ ਜ਼ਰੂਰ ਪਈ ਹੈ। ਊਸ਼ਣ ਖੰਡੀ ਚੱਕਰਵਾਤਾਂ ਨਾਲ ਸਮੁੰਦਰ ਊਫ਼ਾਨ ’ਤੇ ਆ ਜਾਂਦਾ ਹੈ। ਤੱਟੀ ਖੇਤਰੀ ਮੈਦਾਨਾਂ ਤੇ ਖਾਰੇ ਪਾਣੀ ਹੜ੍ਹ ਲੈ ਆਉਂਦੇ ਹਨ। ਪ੍ਰਸ਼ਾਸਨ ਨੂੰ ਰਿਹਾਇਸ਼ੀ ਇਲਾਕੇ ਖ਼ਾਲੀ ਕਰਵਾਉਣੇ ਪੈਂਦੇ ਹਨ। ਜਨ-ਜੀਵਨ ਤਹਿਸ-ਨਹਿਸ ਹੋ ਜਾਂਦਾ ਹੈ।

### ਸੁੱਕੀ ਠੰਢ ਤੇ ਧੁੰਦ ਨੂੰ ਨੇ ਘਟਾਉਂਦੇ

ਉੱਤਰੀ ਅੰਧ ਮਹਾਂਸਾਗਰ ਜੇ ਜ਼ਿਆਦਾ ਗ਼ਰਮ ਹੋ ਜਾਵੇ ਤਾਂ ਵੱਡੇ ਤੇ ਜ਼ਿਆਦਾ ਗਿਣਤੀ ਵਿੱਚ ਪੱਛਮੀ ਚੱਕਰਵਾਤ ਉਤਪੰਨ ਹੁੰਦੇ ਹਨ ਅਤੇ ਜੇਕਰ ਦੱਖਣੀ ਹਿੰਦ ਮਹਾਂਸਾਗਰ ਢੰਗ ਨਾਲ ਉੱਚ ਵਾਯੂਦਾਬ ਖੇਤਰ ਨਾ ਬਣਾਏ ਤਾਂ ਮੌਨਸੂਨ ਦਾ ਨਿਘਾਰ ਲਾਜ਼ਮੀ ਹੈ। ਊਸ਼ਣੀ ਚੱਕਰਵਾਤ ਪ੍ਰਾਇਦੀਪੀ ਭਾਰਤ ਦੇ ਕੰਢੀ ਖੇਤਰਾਂ ਨੂੰ ਉਜਾੜਨ ਦਾ ਪੂਰਾ ਪ੍ਰਬੰਧ ਕਰ ਲੈਂਦੇ ਹਨ। ਕੁਦਰਤ ਦੇ ਰੰਗਾਂ ਵਿੱਚ ਲਬਰੇਜ਼ ਇਹ ਚੱਕਰਵਾਤ ਜਦੋਂ ਸਾਰੇ ਹੀ ਮੱਧ ਏਸ਼ੀਆ ਅਤੇ ਭਾਰਤੀ ਉਪ ਮਹਾਂਦੀਪੀ ਹਿਮਾਲਿਆ ਦੀ ਸ਼੍ਰੇਣੀ ਦੀਆਂ ਟੀਸੀਆਂ ਨੂੰ ਚਿੱਟੀ ਬਰਫ਼ ਨਾਲ ਢੱਕਣਾ ਸ਼ੁਰੂ ਕਰ ਦਿੰਦੇ ਹਨ, ਤਾਂ ਸੈਲਾਨੀਆਂ ਦੀ ਗਿਣਤੀ ਵਿੱਚ ਭਰਪੂਰ ਵਾਧਾ ਹੁੰਦਾ ਹੈ।

ਸੁੱਕੀ ਠੰਢ ਅਤੇ ਧੁੰਦ ਦੇ ਦਿਨਾਂ ਨੂੰ ਖ਼ਤਮ ਕਰਨ ਵਾਲੇ ਇਹ ਚੱਕਰਵਾਤ ਮੱਧਵਰਤੀ ਏਸ਼ੀਆ ਦੇ ਘਾਹ ਦੇ ਮੈਦਾਨਾਂ ਦੇ ਵੀ ਜਨਮਦਾਤਾ ਹਨ। ਸਟੈਪੀ ਘਾਹ ਦੇ ਮੈਦਾਨ ਇਨ੍ਹਾਂ ਦੁਆਰਾ ਲਿਆਂਦੀ ਬਰਫ਼ ਦੀ ਚਾਦਰ ਦੇ ਪਿਘਲਣ ਤੋਂ ਬਾਅਦ ਹੀ ਬਣਦੇ ਹਨ। ਲੱਦਾਖ ਵਿੱਚ ਥੋੜ੍ਹਾ ਬਹੁਤ ਪਾਣੀ ਦਾ ਸ੍ਰੋਤ ਵੀ ਇਹੀ ਚੱਕਰਵਾਤ ਹਨ। ਲੱਦਾਖ਼ ਦਾ ਸੋਨਮ ਵਾਂਗਚੁਕ ਨਾਂ ਦਾ ਪ੍ਰਸਿੱਧ ਵਿਗਿਆਨੀ ਆਪਣੇ ਬਰਫ਼ ਦੇ ਮੱਠ ਬਣਾਉਣ ਲਈ ਪੱਛਮੀ ਚੱਕਰਵਾਤਾਂ ਦਾ ਇੰਤਜ਼ਾਰ ਕਰਦਾ ਰਹਿੰਦਾ ਹੈ। ਤਿੱਬਤ ਦਾ ਪਠਾਰ, ਜਿਸ ਦੀ ਉਚਾਈ 4 ਕਿਲੋਮੀਟਰ ਦੇ ਬਰਾਬਰ ਹੈ, ’ਤੇ ਪਈ ਬਰਫ਼ ਦੀ ਚਾਦਰ ਵੀ ਇਨ੍ਹਾਂ ਦੀ ਹੀ ਦੇਣ ਹਨ।

ਸਤਲੁਜ ਦਰਿਆ ਤੋਂ ਬਣੇ ਵੱਡੇ-ਵੱਡੇ ਡੈਮਾਂ ਤੇ ਝੀਲਾਂ ਨੂੰ ਭਰਨ ਵਿੱਚ ਇਹ ਚੱਕਰਵਾਤ ਵੱਡੀ ਭੂਮਿਕਾ ਨਿਭਾਉਂਦੇ ਹਨ। ਸਿੰਧ ਘਾਟੀ ਦੀ ਸੱਭਿਅਤਾ ਸਿਰਫ਼ ਮੌਨਸੂਨ ਦੇ ਮੀਹਾਂ ਨਾਲ ਹੀ ਨਹੀਂ ਉਪਜੀ ਸੀ, ਸਗੋਂ ਪੱਛਮੀ ਚੱਕਰਵਾਤਾਂ ਦੀ ਕੁਦਰਤੀ ਦਾਤ ਤੋਂ ਪ੍ਰਾਪਤ ਪਾਣੀਆਂ ਨਾਲ ਵੀ ਸਿੰਜੀ ਗਈ ਹੈ। ਕਸਰਿਮਿਸ ਮਨਾਉਣ ਵਾਲੇ ਵੀ ਦੁਆ ਕਰਦੇ ਹਨ ਕਿ ਵੱਡੇ ਦਿਹਾੜੇ ਬਰਫ਼ਬਾਰੀ ਹੋਵੇ ਤਾਂ ‘ਰੱਬ ਦਾ ਬੰਦਾ’ ਉਨ੍ਹਾਂ ’ਤੇ ਆਪਣੀ ਦਇਆ ਵਰਾਉਣ ਲਈ ਦਰਸ਼ਨ ਦੇਵੇ। ਇਨ੍ਹਾਂ ਪੱਛਮੀ ਚੱਕਰਵਾਤਾਂ ਕਾਰਨ ਅਪ੍ਰੈਲ-ਮਈ ਵਿੱਚ ਉੱਤਰ ਭਾਰਤੀ ਪਹਾੜੀ ਸੂਬਿਆਂ ਵਿੱਚ ਜੰਗਲਾਂ ਦੀ ਅੱਗ ਨੂੰ ਬੁਝਾਉਣ ਵਿੱਚ ਮਦਦ ਕਰਦੇ ਹਨ। ਇਸ ਵਰ੍ਹੇ ਉੱਤਰਾਖੰਡ ਵਿੱਚ ਜੰਗਲਾਂ ਦੀ ਅੱਗ ਨੂੰ ਬੁਝਾਉਣ ਵਿੱਚ ਇਨ੍ਹਾਂ ਪੱਛਮੀ ਚੱਕਰਵਾਤਾਂ ਦੀ ਕੋਈ ਖ਼ਾਸ ਮਦਦ ਤਾਂ ਨਹੀਂ ਮਿਲੀ, ਪਰ ਇਹ ਗੱਲ ਨਿਸ਼ਚਿਤ ਹੈ ਕਿ ਭਾਰਤ ਅਤੇ ਪੰਜਾਬ ਦੇ ਅਰਥਚਾਰੇ ਲਈ ਚੱਕਰਵਾਤਾਂ ਦਾ ਆਉਣਾ ਲਾਜ਼ਮੀ ਹੈ।

### ਕਿਸਾਨੀ ਲਈ ਲਾਹੇਵੰਦ

ਭਾਰਤ ਵਿੱਚ ਸਾਲ 1999 ਵਿੱਚ ਪੈਰਾਦੀਪ ਸੁਪਰ ਚੱਕਰਵਾਤ ਨੇ ਸਮੁੰਦਰੀ ਪਾਣੀ ਦੀ 26 ਫੁੱਟ ਦੀ ਦੀਵਾਰ ਪੈਦਾ ਕੀਤੀ ਅਤੇ 20 ਕਿਲੋਮੀਟਰ ਅੰਦਰ ਤੱਕ ਖਾਰੇ ਪਾਣੀ ਨੇ ਮਿੱਟੀਆਂ ਨੂੰ ਹਮੇਸ਼ਾ ਲਈ ਖਾਰਾ ਕਰ ਦਿੱਤਾ ਸੀ। ਪੌਣਾਂ ਦੀ ਰਫ਼ਤਾਰ 350 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਸੀ ਅਤੇ ਇਸ ਚੱਕਰਵਾਤ ਕਾਰਨ ਦੱਸ ਹਜ਼ਾਰ ਤੋਂ ਵੱਧ ਲੋਕ ਦੀ ਮੌਤ ਦੀ ਬੁੱਕਲ ’ਚ ਚਲੇ ਗਏ ਸਨ। ਪੰਜਾਬ ’ਚ ਸਰਦ ਰੁੱਤ ਵਿੱਚ ਆਉਣ ਵਾਲੇ ਰੂਮ ਸਾਗਰੀ ਚੱਕਰਵਾਤ ਲੰਮਾ ਪੈਂਡਾ ਤੈਅ ਕਰ ਹਿੰਦੂਕੁਸ਼ ਅਤੇ ਹਿਮਾਲਿਆ ਦੇ ਪਹਾੜਾਂ ਵੱਲ ਤੁਰਦੇ ਹਨ। 10 ਤੋਂ 13 ਕਿਲੋਮੀਟਰ ਦੀ ਉਚਾਈ ’ਤੇ ਬਣੀ ਉੱਪ-ਊਸ਼ਣੀ ਰਾਕਟੀ ਹਵਾ ਇਨ੍ਹਾਂ ਨੂੰ ਆਪਣੇ ਨਾਲ ਧੱਕ ਕੇ ਲੈ ਆਉਂਦੀ ਹੈ ਅਤੇ ਉੱਤਰੀ ਭਾਰਤ ਦੀਆਂ ਠੰਢੀਆਂ ਹਵਾਵਾਂ ਉਪਰ ਚੜ੍ਹਦਿਆਂ ਹੀ ਵਰਖਣ ਦੀ ਸਥਿਤੀ ’ਚ ਆ ਜਾਂਦਾ ਹੈ। ਹੇਠਾਂ ਉਤਰਦੀ ਮੀਂਹ ਦੀ ਹਰ ਬੂੰਦ ਤੇ ਬਰਫ਼ਬਾਰੀ ਦਾ ਹਰੇਕ ਦਾਣਾ ਫ਼ਸਲਾਂ ਲਈ ਕਿਸੇ ਖਾਦ ਤੋਂ ਘੱਟ ਨਹੀਂ। ਪੱਛਮੀ ਚੱਕਰਵਾਤ ਕਿਸਾਨੀ ਅਤੇ ਹਰ ਉਦਮੀ ਲਈ ਨਵੇਂ ਮੌਕੇ ਲੈ ਕੇ ਆਉਂਦੇ ਹਨ।

# ਇੰਨਾ ਆਸਾਨ ਨਹੀਂ ਹੈ ਕਿਸੇ ਬਾਰੇ ਨਿਰਣਾ ਕਰਨਾ



**ਚਾਨਣ ਦੀਪ ਸਿੰਘ ਔਲਖ**



ਅੱਜ ਦੇ ਤੇਜ਼-ਰਫ਼ਤਾਰ ਸੰਸਾਰ ਵਿੱਚ, ਲੋਕਾਂ ਲਈ ਦੂਜਿਆਂ ਬਾਰੇ ਤੇਜ਼ੀ ਨਾਲ ਨਿਰਣਾ ਕਰਨਾ ਆਮ ਹੋ ਗਿਆ ਹੈ। ਭਾਵੇਂ ਇਹ ਦਿੱਖ, ਕਿਰਿਆਵਾਂ ਜਾਂ ਇੱਥੋਂ ਤੱਕ ਕਿ ਇੱਕ ਇੱਕਲੇ ਪਰਸਪਰ ਪ੍ਰਭਾਵ ’ਤੇ ਅਧਾਰਤ ਹੁੰਦਾ ਹੈ। ਸਮਾਜ ਅਕਸਰ ਸਾਨੂੰ ਵਿਅਕਤੀਆਂ ਬਾਰੇ ਸੱਚਮੁੱਚ ਜਾਣੇ ਬਿਨਾਂ ਰਾਏ ਬਣਾਉਣ ਲਈ ਉਤਸ਼ਾਹਿਤ ਕਰਦਾ ਹੈ। ਹਾਲਾਂ ਕਿ, ਮਨੁੱਖਾਂ ਦੀ ਅੰਦਰੂਨੀ ਗੁੰਝਲਨਾ ਅਤੇ ਸਾਡੀ ਸਮਝ ਦੀਆਂ ਸੀਮਾਵਾਂ ਨੂੰ ਪਛਾਣਨਾ ਜ਼ਰੂਰੀ ਹੈ। ਇਹ ਲੇਖ ਇਸ ਗੱਲ ਦੀ ਪੜਚੋਲ ਕਰਦਾ ਹੈ ਕਿ ਕਿਸੇ ਬਾਰੇ ਨਿਰਣਾ ਕਰਨਾ ਇੰਨਾ ਆਸਾਨ ਕਿਉਂ ਨਹੀਂ ਹੈ ਅਤੇ ਇਹ ਦੂਜਿਆਂ ਨਾਲ ਸਾਡੀ ਗੱਲਬਾਤ ਵਿੱਚ ਹਮਦਰਦੀ ਅਤੇ ਖੁੱਲ੍ਹੇ ਮਨ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ।

ਮਨੁੱਖ ਅਤਿਅੰਤ ਗੁੰਝਲਦਾਰ ਜੀਵ ਹਨ, ਜੋ ਕਿ ਪਾਲਣ-ਪੋਸਣ, ਅਨੁਭਵ, ਵਿਸ਼ਵਾਸ ਅਤੇ ਸੱਭਿਆਚਾਰਕ ਪਿਛੋਕੜ ਵਰਗੇ ਵੱਖ-ਵੱਖ ਕਾਰਕਾਂ ਦੁਆਰਾ ਬਣਾਇਆ ਗਿਆ ਹੈ। ਹਰੇਕ ਵਿਅਕਤੀ ਕੋਲ ਹਾਲਾਤਾਂ ਦਾ ਇੱਕ ਵਿਲੱਖਣ ਸਮੂਹ ਹੁੰਦਾ ਹੈ ਜਿਸ ਨੇ ਉਸ ਦੀ ਸ਼ਖਸੀਅਤ, ਕਦਰਾਂ-ਕੀਮਤਾਂ ਅਤੇ ਵਿਵਹਾਰ ਨੂੰ ਆਕਾਰ ਦਿੱਤਾ ਹੈ। ਸਿਰਫ਼ ਸਤਹੀ ਨਿਰੀਖਕਾਂ ਜਾਂ ਸੰਖੇਪ ਮੁਲਾਕਾਤਾਂ ਦੇ ਆਧਾਰ ’ਤੇ ਕਿਸੇ ਦਾ ਸਹੀ ਨਿਰਣਾ ਨਹੀਂ ਕੀਤਾ ਜਾ ਸਕਦਾ।

ਦੂਜਿਆਂ ਬਾਰੇ ਨਿਰਣਾ ਕਰਨਾ ਭਾਵੇਂ ਮਨੁੱਖੀ ਸੁਭਾਅ ਹੈ, ਪਰ ਅਕਸਰ, ਸਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਸਾਡੇ ਨਿਰਣੇ, ਸਾਡੇ ਅਪ੍ਰਤੱਖ ਪੱਖਪਾਤ ਅਤੇ ਸਾਡੀ ਸੀਮਤ ਸਮਝ ਦੁਆਰਾ ਕਿਸ ਹੱਦ ਤੱਕ ਪ੍ਰਭਾਵਿਤ ਹੁੰਦੇ ਹਨ। ਹਰ ਵਿਅਕਤੀ ਗੁੰਝਲਦਾਰ ਹੈ ਅਤੇ ਅਸੀਂ ਕਦੇ ਵੀ ਕਿਸੇ ਹੋਰ ਦੀ ਕਹਾਣੀ, ਪ੍ਰੇਰਣਾ ਜਾਂ ਸੰਘਰਸ਼ ਨੂੰ ਪੂਰੀ ਤਰ੍ਹਾਂ ਨਹੀਂ ਜਾਣ ਸਕਦੇ। ਇਸ ਲਈ ਕਿਸੇ ਬਾਰੇ ਸਹੀ ਨਿਰਣਾ ਕਰਨਾ ਇੰਨਾ ਆਸਾਨ ਨਹੀਂ ਹੈ। ਕਈ ਕਾਰਨ ਹਨ ਕਿ ਅਸੀਂ ਦੂਜਿਆਂ ਦਾ ਨਿਰਣਾ ਕਿਉਂ ਕਰਦੇ ਹਾਂ। ਮੁੱਖ ਕਾਰਨਾਂ ਵਿੱਚੋਂ ਇੱਕ ਹੈ ਚੀਜ਼ਾਂ ਅਤੇ ਲੋਕਾਂ ਨੂੰ ਸ਼੍ਰੇਣੀਬੱਧ ਕਰਨ ਦੀ ਸਾਡੀ ਅਵਚੇਤਨ ਪ੍ਰਵਿਰਤੀ। ਅਸੀਂ ਵਿਆਪਕ ਸੰਦਰਭ ਨੂੰ ਸਮਝੇ ਬਿਨਾਂ ਲੋਕਾਂ ਦੀ ਸਰੀਰਕ ਦਿੱਖ, ਸਮਾਜਿਕ ਸਥਿਤੀ ਜਾਂ ਵਿਵਹਾਰ ਦੇ ਆਧਾਰ ’ਤੇ ਲੇਬਲ ਜਾਂ ਸ਼੍ਰੇਣੀਆਂ ਨਿਰਧਾਰਤ ਕਰਦੇ ਹਾਂ। ਅਸੀਂ ਇਹਨਾਂ ਲੇਬਲਾਂ ਦੀ ਵਰਤੋਂ ਆਪਣੇ ਵਿਚਾਰਾਂ ਅਤੇ ਪੱਖਪਾਤਾਂ ਨੂੰ ਬਣਾਉਣ ਲਈ ਕਰਦੇ ਹਾਂ, ਜੋ ਸਾਡੇ ਦੁਆਰਾ ਦੂਜਿਆਂ ਨਾਲ ਪੇਸ਼ ਆਉਣ ਦੇ ਤਰੀਕੇ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਨਿਰਣਾ ਕਰਨ ਦੀ ਸਾਡੀ ਪ੍ਰਵਿਰਤੀ ਦਾ ਇੱਕ ਹੋਰ ਕਾਰਨ ਸਾਡਾ ਸੀਮਤ ਦ੍ਰਿਸ਼ਟੀਕੋਣ ਹੈ, ਅਸੀਂ ਸੰਸਾਰ ਨੂੰ ਆਪਣੇ ਵਿਲੱਖਣ ਅਨੁਭਵਾਂ ਰਾਹੀਂ ਦੇਖਦੇ ਹਾਂ, ਜੋ ਕਈ ਵਾਰ ਦੂਜਿਆਂ ਨਾਲ ਹਮਦਰਦੀ ਕਰਨ ਦੀ ਸਾਡੀ ਯੋਗਤਾ ਨੂੰ ਸੀਮਤ ਕਰ ਦਿੰਦਾ ਹੈ। ਜਦੋਂ ਅਸੀਂ ਨਿਰਣਾ ਕਰਦੇ ਹਾਂ, ਅਸੀਂ ਅਕਸਰ ਉਸ ਵਿਅਕਤੀ ਦੇ ਪਿਛੋਕੜ, ਸੱਭਿਆਚਾਰ ਜਾਂ ਨਿੱਜੀ ਹਾਲਾਤਾਂ ’ਤੇ ਵਿਚਾਰ ਨਹੀਂ ਕਰਦੇ ਜੋ ਉਹਨਾਂ ਦੇ ਵਿਹਾਰ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਹ ਤੰਗ ਨਜ਼ਰੀਆ ਗਲਤ ਧਾਰਨਾਵਾਂ ਨੂੰ ਜਨਮ ਦੇ ਸਕਦਾ ਹੈ ਅਤੇ ਦੂਜਿਆਂ ਨਾਲ ਸਾਡੇ ਸੰਬੰਧਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਅੱਜ ਕਲ, ਸੋਸ਼ਲ ਮੀਡੀਆ ਅਤੇ ਟੈਕਨਾਲੋਜੀ ਨੇ ਦੂਜਿਆਂ ’ਤੇ ਤੁਰੰਤ ਨਿਰਣਾ ਕਰਨਾ ਪਹਿਲਾਂ ਨਾਲੋਂ ਸੌਖਾ ਬਣਾ ਦਿੱਤਾ ਹੈ। ਸੋਸ਼ਲ ਮੀਡੀਆ ਦੇ ਉਭਾਰ ਦੇ ਨਾਲ, ਅਸੀਂ ਅਕਸਰ ਅਧੂਰੀ ਜਾਣਕਾਰੀ ਜਾਂ ਗੈਰ-ਪ੍ਰਮਾਣਿਤ ਤੱਥਾਂ ਦੇ ਆਧਾਰ ’ਤੇ ਰਾਏ ਬਣਾਉਂਦੇ ਹਾਂ। ਇਸ ਨਾਲ ਸ਼ਰਮਨਾਕ ਅਤੇ ਨੁਕਸਾਨਦੇਹ ਨਤੀਜੇ ਨਿਕਲ ਸਕਦੇ ਹਨ ਜਦੋਂ ਗਲਤ ਜਾਣਕਾਰੀ ਫੈਲਾਈ ਜਾਂਦੀ ਹੈ ਅਤੇ ਨਿਰਣੇ ਸਿਰਫ਼ ਸੁਣਨ ਜਾਂ ਅਫਵਾਹਾਂ ’ਤੇ ਆਧਾਰਿਤ ਹੁੰਦੇ ਹਨ।

ਸਹੀ ਨਿਰਣਾ ਨਾ ਕਰਨਾ ਸਾਡੇ ਸੰਬੰਧਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਸਾਨੂੰ ਦੂਜਿਆਂ ਨਾਲ ਡੂੰਘੇ ਸਬੰਧ ਬਣਾਉਣ ਤੋਂ ਰੋਕ ਸਕਦਾ ਹੈ। ਦੂਜਿਆਂ ਦਾ ਨਿਰਣਾ ਕਰਨਾ ਬੰਦ ਕਰਨ ਲਈ, ਸਾਨੂੰ ਪਹਿਲਾਂ ਆਪਣੇ ਅਵਚੇਤਨ ਪੱਖਪਾਤ ਤੋਂ ਜਾਣੂ ਹੋਣਾ ਚਾਹੀਦਾ ਹੈ ਅਤੇ ਹਮਦਰਦੀ ਅਤੇ ਸਮਝ ਨੂੰ ਵਿਕਸਤ ਕਰਨ ’ਤੇ ਕੰਮ ਕਰਨਾ ਚਾਹੀਦਾ ਹੈ। ਸਾਨੂੰ ਆਪਣੀਆਂ ਧਾਰਨਾਵਾਂ ਨੂੰ ਚੁਣੌਤੀ ਦੇਣੀ ਚਾਹੀਦੀ ਹੈ ਅਤੇ ਸੰਸਾਰ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਦੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਨਿਯਮਤ ਸਵੈ-ਰਿਫਲਿਕਸ਼ਨ ਵਿੱਚ ਸ਼ਾਮਲ ਹੋਣਾ ਅਤੇ ਮਾਨਸਿਕਤਾ ਦਾ ਅਭਿਆਸ ਕਰਨਾ ਸਾਡੇ ਨਿਰਣੇ ਅਤੇ ਸੋਚਣ ਦੇ ਪੈਟਰਨਾਂ ਨੂੰ ਪਛਾਣਨ ਵਿੱਚ ਵੀ ਸਾਡੀ ਮਦਦ ਕਰ ਸਕਦਾ ਹੈ। ਸਿੱਟੇ ਵਜੋਂ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਕਿਸੇ ਦਾ ਸਹੀ ਨਿਰਣਾ ਕਰਨਾ ਇੰਨਾ ਆਸਾਨ ਨਹੀਂ ਹੈ। ਹਰ ਵਿਅਕਤੀ ਦੀ ਇੱਕ ਵਿਲੱਖਣ ਕਹਾਣੀ ਹੁੰਦੀ ਹੈ ਅਤੇ ਸਾਡੇ ਨਿਰਣੇ ਧਾਰਨਾਵਾਂ ਜਾਂ ਪੂਰਵ ਧਾਰਨਾਵਾਂ ’ਤੇ ਅਧਾਰਤ ਨਹੀਂ ਹੋਣੇ ਚਾਹੀਦੇ। ਸਾਡੇ ਪੱਖਪਾਤ ਨੂੰ ਸਵੀਕਾਰ ਕਰਕੇ ਅਤੇ ਸੰਸਾਰ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਦੇਖਣ ਦੀ ਕੋਸ਼ਿਸ਼ ਕਰਨ ਨਾਲ, ਅਸੀਂ ਵਧੇਰੇ ਹਮਦਰਦ ਅਤੇ ਸਮਝਦਾਰ ਵਿਅਕਤੀ ਬਣ ਸਕਦੇ ਹਾਂ ਜੋ ਆਪਣੇ ਆਲੇ ਦੁਆਲੇ ਦੇ ਲੋਕਾਂ ਨਾਲ ਬਿਹਤਰ ਰਿਸ਼ਤੇ ਬਣਾ ਸਕਦੇ ਹਨ।

# ਕੈਨੇਡਾ ਦੀ ਆਰਥਿਕਤਾ 'ਤੇ ਮੰਦੀ ਦਾ ਪਰਛਾਵਾਂ

ਜਗਦੀਸ਼ ਸਿੰਘ ਚੋਹਕਾ

ਡੂੰਘੀ ਹੋ ਰਹੀ ਸੰਸਾਰ ਆਰਥਿਕ ਮੰਦੀ ਦੇ ਸੁਧਰਨ ਲਈ ਸੰਸਾਰ ਪੂੰਜੀਵਾਦੀ ਨਵਉਦਾਰਵਾਦ ਦੇ ਦਿਵਾਲੀਆਪਣ ਹਲ ਅਸਫਲ ਹੋ ਰਹੇ ਹਨ। ਇਸ ਦੇ ਉਲਟ ਜੋ ਪ੍ਰੋਤਸਾਹਨ ਪੈਕਜ ਤਿਆਰ ਕੀਤੇ ਗਏ ਸਨ, ਉਹ ਕਾਰਪੋਰੇਟਰਾਂ ਵਲੋਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਅਤੇ ਨਵ-ਉਦਾਰਵਾਦੀ ਚਾਲ ਨੂੰ ਹੀ ਹੋਰ ਮਜ਼ਬੂਤ ਕਰ ਰਹੇ ਹਨ। ਸਗੋਂ ਗਲੋਬਲ ਕਰਜ਼ਾ ਵਧ ਕੇ 315-ਬਿਲੀਅਨਜ਼ (ਮਈ, 2024) ਤੱਕ ਪੁੱਜ ਗਿਆ ਹੈ (ਕੌਮਾਂਤਰੀ ਵਿੱਤੀ ਸੰਸਥਾ)। ਇਸ ਸੰਸਾਰ ਮੰਦੇ ਦਾ ਕੈਨੇਡਾ 'ਤੇ ਵੀ ਦੂਰ-ਪ੍ਰਭਾਵ ਪੈ ਰਿਹਾ ਹੈ। ਘਰਾਂ ਦੀ ਸਮੱਸਿਆ ਜੋ 30-ਲੱਖ ਘਰਾਂ ਦੀ ਥੁੜ੍ਹ ਤੱਕ ਪੁੱਜ ਜਾਵੇਗੀ ? 2050 ਤੱਕ ਵਿਕਾਸ ਦਰ ਵਾਧਾ 2.00-ਫੀਸਦ ਤੱਕ ਪੁੱਜਣ ਦੀ ਕੋਈ ਆਸ ਨਹੀਂ ਹੈ। ਰੁਜ਼ਗਾਰ, ਪ੍ਰਵਾਸੀ ਲੋਕਾਂ ਲਈ ਸਹੂਲਤਾਂ, ਸਨਅਤੀ ਪੈਦਾਵਾਰ, ਕੀਮਤਾਂ 'ਚ ਵਾਧਾ, ਕੱਚਾ ਮਾਲ ਸੂਚਕ ਕੀਮਤਾਂ, ਘਰਾਂ ਦੇ ਗੈਹਣੇ ਪੈਣ ਨਾਲ ਆਮ ਖਪਤਕਾਰ ਦੀ ਆਰਥਿਕਤਾ 'ਤੇ ਪੈ ਰਹੇ ਪ੍ਰਭਾਵ ਇਹ ਸਭ ਕੈਨੇਡਾ ਅੰਦਰ ਉੱਚੀ ਮੁਦਰਾ ਸਫੀਤੀ ਕਾਰਨ ਸੁਸਤ-ਵਾਧਾ ਦਰ ਦੇ ਲੱਛਣ ਹਨ। ਭਾਵੇ ਜਸਟਿਨ ਟਰੂਡੋ ਦੀ ਲਿਬਰਲ ਘੱਟ ਗਿਣਤੀ ਦੀ ਸਰਕਾਰ, ਜਿਸ ਨੂੰ ਐਨ.ਡੀ.ਪੀ. ਦਾ ਠੁੰਮਣਾ ਮਿਲਿਆ ਹੋਇਆ ਹੈ, ਦਾ ਕੈਨੇਡੀਅਨ ਲੋਕਾਂ ਨੂੰ ਇਸ ਸਾਲ ਦੇ ਬਜਟ ਵਿੱਚ ਦਿਤੇ ਲਾਰੇ ਅਤੇ ਰਿਆਇਤਾਂ, 'ਭਲੇ ਦਿਨ ਆਉਣਗੇ' ਅਜੇ ਕਾਗਜ਼ਾਂ ਵਿੱਚ ਹੀ ਖੁਸ਼ੀਆਂ ਵੰਡ ਰਹੇ ਹਨ।

ਅਮਲ ਵਿੱਚ ਕੈਨੇਡਾ ਇੱਕ ਵਿਕਸਤ ਪੂੰਜੀਵਾਦੀ ਯੂਰਪੀ ਬਸਤੀਵਾਦੀ ਸਾਮਰਾਜੀਆਂ ਵੱਲੋਂ ਵਿਕਸਤ ਕੀਤਾ ਦੇਸ਼ ਹੈ। ਕੈਨੇਡਾ ਸੰਸਾਰ ਦੀ ਆਰਥਿਕਤਾ ਅੰਦਰ ਉਪਰਲੇ ਰੁਤਬਿਆ ਵਾਲੀ ਥਾਂ ਰੱਖਦਾ ਹੈ। ਇਸ ਦੀ ਨੇੜਤਾ ਮੰਡੀਕਰਨ ਅਤੇ ਆਰਥਿਕ ਪ੍ਰਣਾਲੀ ਤੇ ਪੈਦਾਵਾਰੀ ਢੰਗ ਅਮਰੀਕਾ ਵਾਲਾ ਹੀ ਹੈ। ਇਹ ਨਾਟੋ ਦਾ ਭਾਈਵਾਲ ਅਤੇ ਪੱਛਮੀ ਦੇਸ਼ਾਂ ਨਾਲ ਸਭਿਅਕ ਤੌਰ 'ਤੇ ਨੇੜੇ ਹੈ। ਇਹ ਦੁਨੀਆਂ ਦਾ ਖੇਤਰਫਲ ਵਿੱਚ, 'ਰੂਸ ਦੇ ਬਾਅਦ ਦੂਸਰੀ ਥਾਂ ਰੱਖਦਾ ਹੈ ਤੇ ਇਸ ਦੀ ਆਬਾਦੀ 4-ਕਰੋੜ ਹੀ ਹੈ।' ਇਥੋਂ ਦੇ ਮੂਲਵਾਸੀ, ਜੋ ਇਸ ਦੇਸ਼ ਦੀ ਧਰਤੀ ਦੇ ਮਾਲਕ ਹਨ, ਅਤਿ ਗਰੀਬੀ-ਗੁਰਬਤ ਵਿੱਚ ਹੀ ਜੀਅ ਰਹੇ ਹਨ। ਕੈਨੇਡਾ ਪੂੰਜੀਵਾਦੀ ਉਦਾਰਵਾਦੀ ਆਰਥਿਕਤਾ 'ਤੇ ਚਲਣ ਵਾਲਾ ਦੇਸ਼ ਹੈ। ਇਸ ਦਾ ਰਾਜਨੀਤਕ ਢਾਂਚਾ ਪਾਰਲੀਮਾਨੀ ਜਮਹੂਰੀਅਤ ਤਰਜ਼ ਵਾਲਾ ਹੈ। 1867 ਤੋਂ ਇਥੇ ਆਮ ਤੌਰ 'ਤੇ ਦੋ ਪਾਰਟੀਆਂ ਲਿਬਰਲ ਅਤੇ ਕੰਜ਼ਰਵੇਟਿਵ (ਟੋਰੀ) ਦਾ ਹੀ ਬੋਲ-ਬਾਲਾ ਰਿਹਾ ਹੈ। ਕੈਨੇਡਾ ਦੀ ਆਰਥਿਕਤਾ 'ਤੇ ਪੂੰਜੀਪਤੀਆਂ, ਕਾਰਪੋਰੇਟ ਘਰਾਣਿਆਂ ਦਾ ਹੀ ਰਾਜ ਸੱਤਾ 'ਤੇ ਦਬ-ਦਬਾ ਚੱਲਿਆ ਆ ਰਿਹਾ ਹੈ। ਜਮਾਤੀ ਤੌਰ 'ਤੇ ਹੇਠਲਾ ਵਰਗ ਅਤੇ ਕਿਰਤੀ ਵਰਗ ਇਥੋਂ ਦੇ ਪੂੰਜੀਵਾਦੀ ਸ਼ੋਸ਼ਣ ਦੇ ਵਿਰੁੱਧ ਅਤੇ ਸਮਾਜਕ ਪ੍ਰੀਵਰਤਨ ਲਿਆਉਣ ਲਈ ਅੱਜੇ ਨਿਗਰ ਨਹੀ ਹਨ। ਹਾਂ ! ਸਰਕਾਰ ਉਹਨਾਂ ਨੂੰ ਜਿਊਣ ਜੋਗੀ ਸਹਾਇਤਾ ਦੇ ਕੇ ਪੈਰਾਂ 'ਤੇ ਖੜਾ ਰੱਖਦੀ ਹੈ ?

ਇਸ ਪਾਸੇ ਤਾਂ ਕੈਨੇਡਾ ਅੰਦਰ ਮੰਦਾ ਮਾਰੋ ਮਾਰ ਕਰਦਾ ਆ ਰਿਹਾ ਹੈ। ਜਿਸ ਲਈ ਉਚ ਵਿਆਜ ਦਰਾਂ, ਜੋ ਬੈਂਕ ਆਫ ਕੈਨੇਡਾ ਨੇ ਹੁਣ 4.75 ਫੀਸਦੀ ਕਰ ਦਿੱਤੀਆਂ ਹਨ, ਜਿਹੜੀਆਂ 2001 ਤੋਂ ਬਾਅਦ ਸਭ ਤੋਂ ਟੀਸੀ 'ਤੇ ਹਨ ਪਰ ਦੂਸਰੇ ਪਾਸੇ ਘਰਾਂ ਦੇ ਮਾਲਕਾਂ, ਜਿਹਨਾਂ ਨੇ ਲੋਕਾਂ ਨੂੰ ਮਕਾਨ ਗੈਹਣੇ ਕਰਕੇ ਕਰਜ਼ੇ ਦਿੱਤੇ ਹਨ, ਹੁਣ ਬੈਂਕਾ ਵੱਲੋਂ ਹਰ ਸਮੇਂ ਵਿਆਜ ਦਰਾਂ ਵਧਾਈਆਂ ਜਾ ਰਹੀਆਂ ਕਿਸ਼ਤਾਂ ਦਾ ਭਾਰ ਵੱਧਣ ਨਾਲ, ਖਪਤਕਾਰ ਦੇ ਬਜਟ ਡਾਵਾਂਡੋਲ ਹੋ ਗਏ ਹਨ, ਸਰਕਾਰ ਦੀਆਂ ਇਨ੍ਹਾਂ ਨੀਤੀਆ ਕਾਰਨ ਜਿਥੇ ਖਪਤਕਾਰਾਂ 'ਤੇ ਅਥਾਹ ਬੋਝ ਪੈ ਰਿਹਾ ਹੈ, ਉਥੇ ਲੈਣ ਦੇਣ ਅੰਦਰ ਸੰਕਟ ਆ ਰਿਹਾ ਹੈ (29-ਫਰਵਰੀ 2024 ਦੀ ਇੱਕ ਰਿਪੋਰਟ)। ਦੇਸ਼ ਅੰਦਰ ਵਸਤੂਆਂ




ਦੀ ਪੈਦਾਵਾਰ ਘੱਟਣ ਕਾਰਨ ਤੇ ਮੰਗ ਵੱਧਣ ਕਾਰਨ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਕੈਨੇਡਾ ਅੰਦਰ ਕੌਮੀ ਭੰਡਾਰ ਤਾਂ ਹਨ ਅਤੇ ਵਿਭਿੰਨਤਾ ਵਾਲੀ ਆਰਥਿਕਤਾ ਵੀ ਹੈ। ਖਾਨਾਂ, ਸੋਨਾ, ਯੂਰੇਨੀਅਮ, ਜਿੰਕ, ਕੌਪਰ, ਨਿਕਲ, ਤੇਲ ਦੇ ਭਰਪੂਰ ਸੋਮੇ ਹਨ। ਪਰ ਅਸਿੱਧੇ ਤੌਰ 'ਤੇ ਇਨ੍ਹਾਂ ਸੋਮਿਆ 'ਤੇ 80-ਫੀਸਦੀ ਕਬਜ਼ਾ ਅਮਰੀਕਾ ਦੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਦਾ ਹੈ। ਬੇਰੁਜ਼ਗਾਰੀ ਦਰ 6.10 ਫੀਸਦੀ ਤੱਕ ਪੁੱਜ ਗਈ ਹੈ ਜੋ ਪਿਛਲਿਆਂ ਮਹੀਨਿਆਂ ਦੌਰਾਨ 5.10 ਫੀਸਦੀ ਸੀ। ਖੁਰਾਕੀ ਵਸਤਾਂ ਦੀਆਂ ਕੀਮਤਾਂ 30.2 ਫੀਸਦੀ, ਕਰੀਮ 'ਚ 30.9 ਫੀਸਦੀ , ਆਂਡਿਆ 'ਚ 39.9 ਫੀ ਸਦੀ, ਚਿਕਨ 'ਚ 17.5 ਫੀਸਦੀ, ਦੁੱਧ 'ਚ 25.7 ਫੀਸਦੀ, ਦਹੀ 'ਚ 27.1 ਫੀ ਸਦੀ ਵਾਧਾ ਅਤੇ ਗੈਸ ਦੀਆਂ ਕੀਮਤਾਂ ਦਿਨੋ ਦਿਨ ਵੱਧ ਰਹੀਆਂ ਹਨ !

ਟਰੂਡੋ ਸਰਕਾਰ, ਜੋ ਘੱਟ ਗਿਣਤੀ ਵਿੱਚ ਹੈ ਅਤੇ ਜਿਸ ਨੂੰ ਠੁਮਣਾ ਐਨ.ਡੀ.ਪੀ., ਜੋ ਲਫ਼ਾਜੀ ਸਮਾਜਵਾਦੀ ਪਾਰਟੀ ਹੈ, ਵੱਲੋਂ ਦੇ ਕੇ ਬਚਾਇਆ ਹੋਇਆ ਹੈ, ਪਰ ਦੋਵਾਂ ਦੀਆਂ ਆਰਥਿਕ ਨੀਤੀਆਂ ਕਾਰਪੋਰੇਟ ਪੱਖੀ ਹੀ ਹਨ। ਹਾਂ ! ਕਈ ਵਾਰ ਰਿਉੜੀਆਂ ਵੰਡ ਕੇ ਆਵਾਮ ਨੂੰ ਸੰਘਰਸ਼ਾਂ 'ਚ ਪੈਣ ਤੋਂ ਰੋਕਦੀਆਂ ਹਨ। ਕੈਨੇਡਾ ਅੰਦਰ ਜੀਵਨ ਦੀਆਂ ਕਦਰਾਂ ਕੀਮਤਾਂ ਬੜੀ ਤੇਜ਼ੀ ਨਾਲ ਡਿਗ ਰਹੀਆਂ ਹਨ ਤੇ ਪਿਛਲੇ ਚਾਰ-ਦਹਾਕਿਆ ਤੋਂ ਅੱਜ ਤੱਕ (-) 3.0 ਫੀਸਦੀ ਹੇਠਾਂ ਆ ਗਈਆਂ ਹਨ। ਬੈਂਕਿੰਗ ਸੇਵਾਵਾਂ ਵਿੱਚ ਉਚ ਵਿਆਜ ਦਰਾਂ, ਜੋ ਪਲ ਪਲ 'ਤੇ ਵਧਾਈਆਂ ਜਾ ਰਹੀਆਂ ਹਨ। ਮਕਾਨਾਂ ਦਾ ਮਾਰਟਗੇਜ਼ ਲੋਕਾਂ ਦਾ ਕਈ ਦਹਾਕਿਆਂ ਤਕ ਖੂਨ ਚੂਸਦਾ ਰਹਿੰਦਾ ਹੈ। ਕਰੈਡਿਟ ਕਾਰਡ ਦਾ ਫੰਦਾ ਪਿਛਾ ਨਹੀਂ ਛੱਡਦਾ ਹੈ। ਮਕਾਨਾਂ ਦਾ ਮਾਰਟਗੇਜ਼ ਮਹਿੰਗਾ ਹੋਣ ਕਰਕੇ ਆਮ ਕੈਨੇਡੀਅਨ ਹੁਣ ਮਕਾਨ ਵੀ ਨਹੀਂ ਖਰੀਦ ਸਕਦਾ ਹੈ। ਚਾਰ ਕੈਨੇਡੀਅਨਾਂ ਵਿਚੋਂ ਤਿੰਨਾਂ ਨੇ ਮਹਿੰਗਾਈ ਕਾਰਨ ਅਤੇ ਦਸ ਵਿੱਚੋਂ ਤਿੰਨ ਨੇ ਮਕਾਨ ਖਰੀਦਣ ਤੋਂ ਅਸਮਰਥਾ ਪ੍ਰਗਟਾਈ ਹੈ। 2022 ਤੋਂ ਹੁਣ ਤਕ 44-ਫੀਸਦੀ ਮਕਾਨਾਂ ਦੀ ਥੁੜ ਪਾਈ ਗਈ ਤੇ 500 ਡਾਲਰ ਦਾ ਲੋਕਾਂ 'ਤੇ ਹੋਰ ਵਾਧੂ ਬੋਝ ਪਿਆ ਹੈ। ਮਕਾਨਾਂ ਦੀਆਂ ਵਧੀਆਂ ਕੀਮਤਾਂ ਕਾਰਨ ਮੁਦਰਾ-ਸਫੀਤੀ ਦਰ 4.8 ਫੀਸਦੀ ਵਧੀ ਹੈ। ਕੈਨੇਡਾ ਦੀ ਆਰਥਿਕਤਾ ਨੂੰ ਵੱਡੀ ਢਾਅ ਮੁਦਰਾ-ਸਫੀਤੀ ਰਾਹੀਂ ਹੀ ਲਗ ਰਹੀ ਹੈ।

ਕੈਨੇਡਾ ਦੇ ਅੰਕ ਵਿਭਾਗ ਦੀ ਆਰਥਿਕ ਰਿਪੋਰਟ (ਜਨਵਰੀ, 2024) ਅਨੁਸਾਰ ਘਰੇਲੂ ਕੁਲ ਪੈਦਾਵਾਰ ਵਾਧਾ (ਜੀ.ਡੀ.ਪੀ.) ਮੁਢਲੀਆ ਕੀਮਤਾਂ 'ਤੇ ਕੇਵਲ 0.6-ਫੀਸਦ ਹੀ ਨੋਟ ਕੀਤਾ ਗਿਆ ਹੈ, (ਸਲਾਨਾ ਦਰ 7.4-ਫੀਸਦੀ)। ਇਸ ਤੋਂ ਪਹਿਲਾ ਐਸਟੀਮੇਟ 0.4-ਫੀਸਦਪ ਵਾਧਾ (ਫਰਵਰੀ 'ਚ 4.9-ਫੀਸਦੀ ਸਲਾਨਾ) ਅੰਕਿਆ ਸੀ। ਇਹ ਹੁਣ ਦਰਸਾਉਂਦਾਹੈ ਕਿ ਕੈਨੇਡਾ 'ਚ ਮੰਦਾ ਪਨਪ ਰਿਹਾ ਹੈ। ਭਾਵੇਂ ਸਰਕਾਰ ਇਹ ਕਹਿ ਰਹੀ ਹੈ, ਮੰਦਾ ਟਲ ਜਾਵੇਗਾ। ਪਰ ਇਹ ਹਾਲਾਤ ਵਿਆਜ ਦਰਾਂ ਘਟਾਉਣ ਲਈ ਪੈ ਰਹੇ ਦਬਾਅ ਕਾਰਨ ਹੀ ਹੋਣਗੇ। (ਇੱਕ ਰਿਪੋਰਟ ਅਪ੍ਰੈਲ, 2024)। ਪਿਛਲੇ ਮੰਦਵਾੜੇ ਦੌਰਾਨ ਕੈਨੇਡਾ ਦੀ ਜੀ.ਡੀ.ਪੀ. 3.3 ਫੀਸਦ ਤੋਂ ਘੱਟ ਕੇ 3.00-ਫੀਸਦੀ ਰਹਿ ਗਈ ਸੀ। ਇਹ ਵਿਕਾਸ ਦਰ 1980 ਤੋਂ 1990 ਤੋਂ ਖਿਸਕਦੀ 2.2-ਫੀਸਦੀ ਤੋਂ ਘੱਟ ਕੇ 1.9-ਫੀਸਦੀ ਤੱਕ ਪੁੱਜ ਗਈ ਸੀ। ਐਮਰਜੈਂਸੀ ਫੰਡ ਅਤੇ ਕਰਜੇ 'ਤੇ ਵਧੇ ਵਿਆਜ ਦੇ ਭੁਗਤਾਨ 'ਤੇ ਰੋਕ ਨਾਲ ਹੀ ਘੇਰੇ 'ਚ ਰਿਹਾ ਜਾ ਸਕਦਾ ਹੈ। ਕੈਨੇਡਾ 1981-82 ਤੋਂ 1990-91 ਤੱਕ ਭਿਆਨਕ ਮੰਦੇ ਦਾ ਸ਼ਿਕਾਰ ਰਿਹਾ ਹੈ। ਜਦ ਕੈਨੇਡਾ ਦੀ ਜੀ.ਡੀ.ਪੀ. 0.7-ਫੀਸਦੀ ਤੱਕ ਹੇਠਾਂ ਆ ਗਈ ਸੀ। ਇਹ ਲੱਛਣ ਪੂੰਜੀਵਾਦੀ ਵਿਕਾਸ ਵਾਲੀਆਂ ਉਦਾਰੀਵਾਦੀ ਆਰਥਿਕ ਨੀਤੀਆ ਦੇ ਸਿੱਟੇ ਦਾ ਹੀ ਨਤੀਜਾ ਹਨ। ਕੈਨੇਡਾ ਅੰਦਰ ਮੰਦੀ ਦਾ ਕਾਰਨ ਕਾਰਪੋਰੇਟ ਘਰਾਣਿਆਂ ਨੂੰ ਦਿੱਤੀਆਂ ਖੁੱਲ੍ਹੀਆਂ ਛੋਟਾਂ, ਉਹਨਾਂ ਨੂੰ ਕਾਰਪੋਰੇਟ ਟੈਕਸਾਂ ਵਿੱਚ ਮਿਲ ਰਹੀਆਂ ਰਿਆਇਤਾਂ ਅਤੇ ਹਾਊਸ ਹੋਲਡ ਮਾਲਕਾਂ ਨੂੰ ਵਾਧੂ ਮਕਾਨਾਂ ਦੀ ਵੇਚ ਤੋਂ ਰੋਕ ਕਾਰਨ ਪੂੰਜੀ ਦਾ ਵਹਾਅ ਮੰਡੀ ਵਲ ਨਾ ਆਉਣਾ, ਨਾ ਪੂੰਜੀ ਦਾ ਨਿਵੇਸ਼ ਹੋ ਰਿਹਾ ਅਤੇ ਨਾ ਹੀ ਖਪਤਕਾਰਾਂ ਦੀਆਂ ਜੇਬਾਂ 'ਚ ਡਾਲਰ ਆ ਰਹੇ ਹਨ। ਕੰਮ ਮਿਲ ਨਹੀਂ ਰਿਹਾ ਹੈ। ਦੂਸਰੇ ਪਾਸੇ ਕੈਨੇਡਾ ਅੰਦਰ ਮਿਡਲ ਕਲਾਸ ਅੰਦਰ ਮੁਕਾਬਲੇਬਾਜ਼ੀ ਨਿਯਮ, ਟੈਕਸਾਂ ਦੀਆਂ ਭਾਰੀ ਦਰਾਂ ਦਾ ਬੋਝ, ਆਮ ਲੋੜੀਦੀਆਂ ਜ਼ਰੂਰੀ ਵਸਤਾਂ ਤੇ ਖਾਣ-ਪੀਣ ਦੇ ਸਮਾਨ ਦੀਆਂ ਕੀਮਤਾ ਦਾ ਅਸਮਾਨੀ ਚੜਨਾ। ਵੱਧੇ ਸਰਵਿਸ ਖੇਤਰ ਦੇ ਖਰਚੇ ਅਤੇ ਤਰ੍ਹਾਂ-ਤਰ੍ਹਾਂ ਦੇ ਟੈਕਸਾਂ ਦਾ ਬੋਝ ਪੈਣ ਕਾਰਨ ਹੇਠਲੇ ਵਰਗ 'ਤੇ ਪੈ ਰਹੇ ਜ਼ਿੰਦਗੀ ਢੋਣ ਦੇ ਇਨ੍ਹਾਂ ਖਰਚਿਆਂ ਕਾਰਨ ਹਰ ਨਾਗਰਿਕ ਮਹਿੰਗਾਈ ਕਾਰਨ ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਹੈ। ਜਿਹੜੇ ਕੈਨੇਡੀਅਨ ਖਾਸ ਕਰਕੇ ਪ੍ਰਵਾਸ ਕਰਕੇ ਆਏ ਲੋਕ ਪਹਿਲਾਂ ਕੈਨੇਡਾ ਅੰਦਰ ਝਾੜੂਆਂ ਨਾਲ ਡਾਲਰ ਇਕੱਠੇ ਕਰਨ ਦੀਆਂ ਗੱਲਾਂ ਸੱਥਾਂ ਵਿੱਚ ਕਦੀ ਕਰਦੇ ਹਨ, ਉਹ ਅੱਜ ਕਹਿ ਰਹੇ ਹਨ ਕਿ ਹੁਣ ਗੁਜਾਰਾ ਕਰਨਾ ਵੀ ਮੁਸ਼ਕਿਲ ਹੋ ਰਿਹਾ ਹੈ, ਜੋ ਇੱਕ -ਦਹਾਕੇ ਹੀ ਪਹਿਲਾਂ ਆਏ ਸਨ, ਹੁਣ ਕਹਿ ਰਹੇ ਹਨ ਕਿ ਵਾਪਸ ਮੁੜਨਾ ਹੀ ਚੰਗਾ ਹੈ। ਪਰ ਪ੍ਰਵਾਸ ਦਾ ਕਰੇਜ਼ ਉਹਨਾਂ ਦਾ ਪਿੱਛਾ ਨਹੀਂ ਛੱਡ ਰਿਹਾ ਹੈ। ਇਸ ਵੇਲੇ ਪ੍ਰਵਾਸ ਤੇ ਪ੍ਰਵਾਸੀ ਇੱਕ ਵੱਡੀ ਸਮੱਸਿਆ ਹੈ। ਕੈਨੇਡਾ ਦੇ ਅੰਕੜਾ ਵਿਭਾਗ ਦੀ ਇੱਕ ਹੋਰ ਤਾਜ਼ਾ ਆਰਥਿਕ ਰਿਪੋਰਟ ਅਨੁਸਾਰ ਭਾਵੇਂ ਆਰਥਿਕਤਾ ਨੂੰ 2023 ਦੀ ਚੌਥੀ ਤਿਮਾਹੀ ਤੋਂ ਹੀ ਖੋਰਾ 3.5-ਫੀਸਦੀ ਦਿਸਣ ਲੱਗਣਾ ਸ਼ੁਰੂ ਹੋ ਗਿਆ ਹੈ ਸੀ। ਪਰ ਸਰਕਾਰ ਨੇ ਹਾਲਤ ਕੁਝ ਹੱਦ ਤਕ ਸੁਧਰਨ ਦੀ ਗੱਲ ਬਜਟ ਵਿੱਚ ਵੀ ਕਹੀ ਹੈ। ਪਰ ਸਾਲ 2024 ਦੌਰਾਨ ਤਕਨੀਕੀ ਤੌਰ 'ਤੇ ਮੰਦੀ ਅਜੇ ਵੀ ਸਾਹਮਣੇ ਖੜੀ ਹੈ। ਮੁਦਰਾ-ਸਫੀਤੀ ਦਰ ਪਿਛਲੇ 30-ਸਾਲਾਂ ਤੋਂ ਵੱਧ ਕੇ 4.8-ਫੀਸਦੀ ਪਾਈ ਗਈ ਹੈ। ਮਕਾਨਾਂ ਦੀ ਥੁੜ ਧੁਰ ਚੋਟੀ 'ਤੇ ਪੁੱਜ ਗਈ ਹੈ। ਮਾਰਟਗੇਜ਼ ਵਿਆਜ ਦਰ ਅਸਮਾਨੀ ਚੜ੍ਹ ਗਈ ਹੈ ਅਤੇ ਮਕਾਨਾਂ ਦੀਆਂ ਕੀਮਤਾਂ ਵੱਧਣ ਕਾਰਨ ਮਕਾਨ ਖਰੀਦਣਾ ਹੁਣ ਆਮਦ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ। ਇਹ ਸਮੱਸਿਆ ਅਜੇ ਛੇਤੀ ਖਤਮ ਨਹੀਂ ਹੋਵੇਗੀ ? ਸੈਲਟਰ-ਕਾਸਟ, ਕਿਰਾਏ ਅਤੇ ਬੇਸਮੈਂਟਾਂ ਦੀਆਂ ਵਿਆਜ ਦਰ੍ਹਾਂ ਵੱਧਣ ਕਾਰਨ ਸਮੁੱਚੇ ਕੈਨੇਡਾ ਅੰਦਰ ਮਕਾਨਾਂ ਦੀ ਥੁੜ ਪੈਦਾ ਹੋਈ ਸੀ।

(ਬਾਕੀ ਸਫ਼ਾ 31 'ਤੇ)



ਰਣਜੀਤ ਸਿੰਘ ਕੁਕੀ

# ਭਾਰਤੀ ਅਰਥਵਿਵਸਥਾ ਨੂੰ ਦਰਪੇਸ਼ ਸਮੱਸਿਆਵਾਂ

ਭਾਰਤੀ ਅਰਥਵਿਵਸਥਾ ਨੂੰ ਦਰਪੇਸ਼ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਸਮੱਸਿਆ ਚਾਲੂ ਖਾਤਾ ਘਾਟਾ ਜਾਂ ਸੀ.ਏ.ਡੀ. ਦਾ ਵਧਣਾ ਹੈ। ਸੀ.ਏ.ਡੀ. ਨਿਰਯਾਤ ਅਤੇ ਦਰਾਮਦ ਵਿਚਕਾਰ ਅੰਤਰ ਨੂੰ ਦਰਸਾਉਂਦਾ ਹੈ, ਜੋ ਕਿ ਭਾਰਤ ਵਰਗੇ ਦੇਸ਼ਾਂ ਲਈ ਹਮੇਸ਼ਾ ਘਾਟਾ ਹੁੰਦਾ ਹੈ ਜੋ ਆਪਣੀ ਆਰਥਿਕਤਾ ਲਈ ਤੇਲ ਦੀ ਦਰਾਮਦ 'ਤੇ ਨਿਰਭਰ ਹਨ। ਹਾਲਾਂਕਿ, ਹਾਲ ਹੀ ਦੇ ਬਹੁਤੇ ਸਮੇਂ ਲਈ, ਸੀ.ਏ.ਡੀ. ਪ੍ਰਬੰਧਨਯੋਗ ਰਿਹਾ ਹੈ ਜਿਸ ਨਾਲ ਨੀਤੀ ਨਿਰਮਾਤਾਵਾਂ ਵਿੱਚ ਵਿਸ਼ਵਾਸ ਪੈਦਾ ਹੋਇਆ ਹੈ ਕਿ ਉਚਿਤ ਵਿਦੇਸ਼ੀ ਮੁਦਰਾ ਭੰਡਾਰ ਦੇ ਨਾਲ, ਉਹ ਸੀ.ਏ.ਡੀ. ਦਾ ਪ੍ਰਬੰਧਨ ਕਰ ਸਕਦੇ ਹਨ। ਹਾਲਾਂਕਿ, ਹਾਲ ਹੀ ਦੇ ਮਹੀਨਿਆਂ ਵਿੱਚ, ਭਾਰਤੀ ਅਰਥਚਾਰੇ ਨੂੰ ਵਧਦੇ ਸੀ.ਏ.ਡੀ. ਅਤੇ ਡਿੱਗਦੇ ਵਿਦੇਸ਼ੀ ਮੁਦਰਾ ਭੰਡਾਰ ਦੀ ਦੋਹਰੀ ਮਾਰ ਝੱਲਣੀ ਪਈ ਹੈ।

ਸੀ.ਏ.ਡੀ. ਨੂੰ ਸਰਕਾਰ ਦੁਆਰਾ ਰੱਖੇ ਗਏ ਡਾਲਰਾਂ ਵਿੱਚੋਂ ਵਿੱਤ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ, ਉੱਚ ਘਾਟੇ ਦੇ ਨਾਲ ਡਾਲਰ ਦੇ ਭੰਡਾਰ ਦੇ ਪੱਧਰ ਵਿੱਚ ਕੋਈ ਵੀ ਗਿਰਾਵਟ ਨੀਤੀ ਨਿਰਮਾਤਾਵਾਂ ਦੇ ਦਿਮਾਗ ਵਿੱਚ ਖ਼ਤਰੇ ਦੀ ਘੰਟੀ ਬੰਨ ਦਿੰਦੀ ਹੈ। ਇਹ ਸਥਿਤੀ ਵਿੱਤ ਮੰਤਰਾਲੇ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਸਾਹਮਣੇ ਹੈ ਕਿਉਂਕਿ ਉਹ ਉਸੇ ਸਮੇਂ ਵਧਦੇ ਸੀ.ਏ.ਡੀ.ਅਤੇ ਡਿੱਗਦੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਹੇ ਹਨ।

ਭਾਰਤੀ ਅਰਥਵਿਵਸਥਾ ਨੂੰ ਦਰਪੇਸ਼ ਦੂਸਰੀ ਅਤੇ ਇੱਕ ਹੋਰ ਮਹੱਤਵਪੂਰਨ ਸਮੱਸਿਆ ਡਾਲਰ ਦੇ ਮੁਕਾਬਲੇ ਰੁਪਏ ਦੀ ਵਟਾਂਦਰਾ ਦਰ ਦੇ ਰੂਪ ਵਿੱਚ ਡਿੱਗਣਾ ਹੈ। ਕਿਸੇ ਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਸੀ.ਏ.ਡੀ. ਰੁਪਏ ਦੀ ਵਟਾਂਦਰਾ ਦਰ ਅਤੇ ਇਸ ਦੇ ਉਲਟ ਪ੍ਰਭਾਵਿਤ ਹੁੰਦਾ ਹੈ। ਇਸ ਤੋਂ ਇਲਾਵਾ, ਡਿੱਗਦਾ ਰੁਪਿਆ ਆਯਾਤ ਦੀ ਲਾਗਤ ਨੂੰ ਵਧਾਉਂਦਾ ਹੈ ਅਤੇ ਇਸ ਲਈ, ਸਾਰੀਆਂ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ ਕਿਉਂਕਿ ਇਨਪੁਟ ਲਾਗਤ ਵੱਧ ਜਾਂਦੀ ਹੈ। ਇਸ ਤੋਂ ਇਲਾਵਾ, ਰੁਪਏ ਦੀ ਗਿਰਾਵਟ ਦਾ ਅਰਥ ਰੁਪਏ ਦੇ ਰੂਪ ਵਿੱਚ ਉੱਚ ਸੀ.ਏ.ਡੀ. ਵਿੱਚ ਅਨੁਵਾਦ ਕੀਤਾ ਜਾਂਦਾ ਹੈ ਜਿਸ ਨੂੰ ਜਦੋਂ ਜੀਡੀਪੀ ਜਾਂ ਕੁੱਲ ਘਰੇਲੂ ਉਤਪਾਦ ਦੇ ਪ੍ਰਤੀਸ਼ਤ ਵਜੋਂ ਲਿਆ ਜਾਂਦਾ ਹੈ ਤਾਂ ਇਸਦਾ ਅਰਥ ਹੈ ਕਿ ਇੱਕ ਗੰਭੀਰ ਵਿਸ਼ਾਲ ਆਰਥਿਕ ਸੰਕਟ ਭਾਰਤੀ ਅਰਥਵਿਵਸਥਾ ਨੂੰ ਪ੍ਰਭਾਵਤ ਕਰਨ ਵਾਲਾ ਹੈ। ਇਸਦਾ ਕਾਰਨ ਇਹ ਹੈ ਕਿ ਸੀ.ਏ.ਡੀ. ਜੀਡੀਪੀ ਦੇ ਲਗਭਗ 5-6% ਹੋਣੀ ਚਾਹੀਦੀ ਹੈ ਅਤੇ ਇਸ ਤੋਂ ਵੱਧ ਕੁਝ ਵੀ ਘਾਟੇ ਨੂੰ ਵਿੱਤ ਦੇਣ ਦੇ ਮਾਮਲੇ ਵਿੱਚ ਗੰਭੀਰ ਪ੍ਰਭਾਵ ਪਾਉਂਦਾ ਹੈ। ਦੂਜੇ ਸ਼ਬਦਾਂ ਵਿੱਚ,



ਡਿੱਗਦਾ ਰੁਪਿਆ, ਵਧਦਾ ਸੀ.ਏ.ਡੀ., ਡਿੱਗਦਾ ਡਾਲਰ ਭੰਡਾਰ ਇੱਕ ਸ਼ਕਤੀਸ਼ਾਲੀ ਕਾਕਟੇਲ ਹਨ ਜੋ ਕਿਸੇ ਵੀ ਸਮੇਂ ਅਰਥਵਿਵਸਥਾ ਨੂੰ ਵਿਗਾੜ ਸਕਦੇ ਹਨ। ਸਰਕਾਰ ਵੱਲੋਂ ਹੋਰ ਡਾਲਰਾਂ ਨੂੰ ਆਕਰਸ਼ਿਤ ਕਰਨ ਦੇ ਸਾਧਨ ਵਜੋਂ ਐਫਡੀਆਈ ਜਾਂ ਸਿੱਧੇ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦੇਣ ਵਰਗੇ ਸੁਧਾਰਾਂ ਦੀ ਸ਼ੁਰੂਆਤ ਕਰਨ ਦੇ ਬਾਵਜੂਦ, ਹੁੰਗਾਰਾ ਨਰਮ ਰਿਹਾ ਹੈ ਕਿਉਂਕਿ ਵਿਦੇਸ਼ੀ ਨਿਵੇਸ਼ਕ ਨੀਤੀਆਂ ਨੂੰ ਜਾਰੀ ਰੱਖਣ ਤੋਂ ਸੁਚੇਤ ਹਨ। ਇਸ ਲਈ, ਉਹ ਇੰਤਜ਼ਾਰ ਕਰੋ ਅਤੇ ਦੇਖਣ ਦਾ ਤਰੀਕਾ ਅਪਣਾਉਣ ਨੂੰ ਤਰਜੀਹ ਦਿੰਦੇ ਹਨ।

ਤੀਜੀ ਮਹੱਤਵਪੂਰਨ ਸਮੱਸਿਆ ਜੋ ਨੀਤੀ ਨਿਰਮਾਤਾਵਾਂ ਵਿੱਚ ਘਬਰਾਹਟ ਪੈਦਾ ਕਰ ਰਹੀ ਹੈ, ਉਹ ਇਹ ਹੈ ਕਿ ਬੇਤਹਾਸ਼ਾ ਮਹਿੰਗਾਈ ਨੇ ਛੋਟੇ ਨਿਵੇਸ਼ਕਾਂ ਦੀ ਬੱਚਤ ਨੂੰ ਖਤਮ ਕਰ ਦਿੱਤਾ ਹੈ। ਜੇਕਰ ਤੁਹਾਡੀ ਫਿਕਸਡ ਡਿਪਾਜ਼ਿਟ 9% ਦੀ ਵਿਆਜ ਦਰ ਵਾਪਸ ਕਰਦੀ ਹੈ ਅਤੇ ਮੁਦਰਾਸਫੀਤੀ 10% 'ਤੇ ਹੈ, ਤਾਂ ਤੁਸੀਂ ਪ੍ਰਭਾਵੀ ਤੌਰ 'ਤੇ 1% ਤੋਂ ਗਰੀਬ ਹੋ ਕਿਉਂਕਿ ਕੀਮਤਾਂ ਵਿੱਚ ਵਾਧਾ ਤੁਹਾਡੇ ਨਿਵੇਸ਼ਾਂ ਤੋਂ ਲਾਭ ਨੂੰ ਆਫਸੈੱਟ ਕਰਦਾ ਹੈ। ਇਸ ਤੋਂ ਇਲਾਵਾ, ਮਹਿੰਗਾਈ ਜਦੋਂ ਵੀ ਉੱਚੀ ਹੁੰਦੀ ਹੈ ਤਾਂ ਰਿਜ਼ਰਵ ਬੈਂਕ ਵਿਆਜ ਦਰਾਂ ਨੂੰ ਘੱਟ ਨਹੀਂ ਕਰਦਾ ਹੈ ਅਤੇ ਇਹ ਨਿਵੇਸ਼ ਲਈ ਉਦਯੋਗ ਲਈ ਉਪਲਬਧ ਧਨ ਦੀ ਮਾਤਰਾ ਨੂੰ ਰੋਕ ਦਿੰਦਾ ਹੈ। ਇੱਥੇ ਬਿੰਦੂ ਇਹ ਹੈ ਕਿ ਇਹ ਤਿੰਨੋਂ ਸਮੱਸਿਆਵਾਂ ਇੱਕ-ਦੂਜੇ ਨੂੰ ਵਧਾਉਂਦੀਆਂ ਹਨ ਅਤੇ ਵਿਸ਼ਵਾਸ ਨੂੰ ਕਮਜ਼ੋਰ ਕਰਨ ਅਤੇ ਇੱਥੋਂ ਤੱਕ ਕਿ ਇੱਕ ਵਿਸ਼ਾਲ ਆਰਥਿਕ ਸੰਕਟ ਦੀ ਇੱਕ ਆਮ ਭਾਵਨਾ ਵਿੱਚ ਯੋਗਦਾਨ ਪਾਉਂਦੀਆਂ ਹਨ ਜੋ ਆਰਥਿਕਤਾ ਲਈ ਖ਼ਤਰਾ ਬਣਦੀਆਂ ਹਨ। ਦਰਅਸਲ, ਕੁਝ ਪੱਛਮੀ ਪੱਤਰਕਾਰ ਪਹਿਲਾਂ ਹੀ ਸਵਾਲ ਕਰ ਰਹੇ ਹਨ ਕਿ ਕੀ ਭਾਰਤ 1991 ਵਿੱਚ ਪੈਦਾ ਹੋਏ ਸੰਕਟ ਦੇ ਰਾਹ 'ਤੇ ਹੈ। ਭੁਗਤਾਨ ਸੰਤੁਲਨ ਜਾਂ ਸੀ.ਏ.ਡੀ. ਅਤੇ ਰੁਪਏ ਦੀ ਗਿਰਾਵਟ ਅਤੇ ਬੇਤਹਾਸ਼ਾ ਮਹਿੰਗਾਈ ਦੇ ਨਾਲ ਜੋੜ ਕੇ ਭਾਰਤੀ ਅਰਥਵਿਵਸਥਾ ਨੂੰ ਅਥਾਹ ਖੋਖਲੇ ਰਾਹ ਵੱਲ ਲੈ ਜਾ ਰਹੇ ਹਨ। ਵਿਸ਼ਵਵਿਆਪੀ ਆਰਥਿਕ ਮੰਦੀ ਦੇ ਨਾਲ ਦਾ ਮਤਲਬ ਹੈ ਕਿ ਆਫ਼ਤ ਬਿਨਾਂ ਚੇਤਾਵਨੀ ਦੇ ਮਾਰ ਕਰ ਸਕਦੀ ਹੈ। ਅੰਤ ਵਿੱਚ, ਇਹ ਮਾਮਲਾ ਨਹੀਂ ਹੈ ਕਿ ਨੀਤੀ ਨਿਰਮਾਤਾ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਕਾਫ਼ੀ ਨਹੀਂ ਕਰ ਰਹੇ ਹਨ। ਸਗੋਂ ਇੱਥੇ ਸਮੱਸਿਆ ਇਹ ਹੈ ਕਿ ਵਿਸ਼ਵ ਅਤੇ ਖਾਸ ਤੌਰ 'ਤੇ ਭਾਰਤ ਵਰਗੇ ਉਭਰਦੇ ਬਾਜ਼ਾਰਾਂ ਨੇ ਪਿਛਲੇ ਇੱਕ ਦਹਾਕੇ ਦੌਰਾਨ ਅਸਾਨੀ ਨਾਲ ਪੈਸਾ ਕਮਾਉਣ ਦੀ ਆਦਤ ਪਾ ਲਈ ਹੈ ਅਤੇ ਇੱਕ ਵਾਰ ਜਦੋਂ ਇਹ ਸੁੱਕ ਜਾਂਦਾ ਹੈ, ਤਾਂ ਸਥਿਤੀ ਮੁੜ ਪੁਆਇੰਟ ਜ਼ੀਰੋ 'ਤੇ ਆ ਜਾਂਦੀ ਹੈ।



# ਜ਼ਿੰਦਗੀ ਇੱਕ ਸਫ਼ਰ ਹੈ ਸੁਹਾਣਾ...

## ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਚੁਣੋ ਸਹੀ ਰਸਤਾ




ਮਨੁੱਖ ਦੀ ਜ਼ਿੰਦਗੀ ਦਾ ਸਫ਼ਰ ਇੱਕ ਸੁਹਾਵਣਾ ਸਫ਼ਰ ਹੁੰਦਾ ਹੈ, ਪਰ ਕੱਲ੍ਹ ਨੂੰ ਕੀ ਹੋ ਜਾਣਾ ਹੈ, ਇਸ ਬਾਰੇ ਕਿਸੇ ਨੂੰ ਵੀ ਕੁੱਝ ਪਤਾ ਨਹੀਂ ਹੁੰਦਾ। ਇਸ ਕਰਕੇ ਕੱਲ੍ਹ ਨੂੰ ਕੀ ਹੋਵੇਗਾ ? ਇਸ ਬਾਰੇ ਹੁਣੇ ਤੋਂ ਚਿੰਤਾ ਨਹੀਂ ਕਰਨੀ ਚਾਹੀਦੀ। ਜ਼ਿੰਦਗੀ ਵਿੱਚ ਸਭ ਕੁਝ ਮਨੁੱਖ ਦੀ ਇੱਛਾ ਮੁਤਾਬਕ ਵੀ ਨਹੀਂ ਹੁੰਦਾ ਸਗੋਂ ਬਹੁਤ ਕੁਝ ਕੁਦਰਤ ਵੀ ਤੈਅ ਕਰਦੀ ਹੈ।

ਮਨੁੱਖ ਦੀ ਜੋ ਜ਼ਿੰਦਗੀ ਹੈ, ਉਸ ਨੂੰ ਇੱਕ ਸਫ਼ਰ ਵਾਂਗ ਹੀ ਸਮਝਣਾ ਚਾਹੀਦਾ ਹੈ। ਇਸ ਸਫ਼ਰ ਨੂੰ ਕੁਝ ਲੋਕ ਹੱਸਦੇ ਖੇਡਦੇ ਹੋਏ ਤੈਅ ਕਰਦੇ ਹਨ। ਕੁਝ ਲੋਕ ਇਸ ਸਫ਼ਰ ਨੂੰ ਆਪਣੇ ਕੰਮਾਂ ਕਾਰਾਂ ਵਿੱਚ ਰੁੱਝਿਆ ਬਤੀਤ ਕਰਦੇ ਹਨ। ਇਸ ਦੁਨੀਆਂ ਵਿੱਚ ਵੱਡੀ ਗਿਣਤੀ ਇਨਸਾਨ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਨੂੰ ਉਹਨਾਂ ਦੀਆਂ ਜ਼ਿੰਮੇਵਾਰੀਆਂ ਹੀ ਉਲਝਾਈ ਰੱਖਦੀਆਂ ਹਨ ਅਤੇ ਉਹ ਚਾਹ ਕੇ ਵੀ ਜ਼ਿੰਦਗੀ ਦਾ ਪੂਰਾ ਆਨੰਦ ਨਹੀਂ ਮਾਣ ਸਕਦੇ। ਇਸ ਤੋਂ ਇਲਾਵਾ ਇਸ ਦੁਨੀਆਂ ਵਿੱਚ ਅਜਿਹੇ ਇਨਸਾਨ ਵੀ ਹੁੰਦੇ ਹਨ ਜੋ ਕਿ ਰੋਂਦੇ ਹੋਏ ਹੀ ਜ਼ਿੰਦਗੀ ਦਾ ਸਫ਼ਰ ਤੈਅ ਕਰਦੇ ਹਨ। ਅਜਿਹੇ ਰੋਂਦੇ ਧੋਂਦੇ ਇਨਸਾਨ ਕਿਸੇ ਨੂੰ ਚੰਗੇ ਨਹੀਂ ਲੱਗਦੇ। ਇਹ ਇਨਸਾਨ ਖੁਦ ਤਾਂ ਜ਼ਿੰਦਗੀ ਤੋਂ ਨਿਰਾਸ਼ ਹੀ ਹੁੰਦੇ ਹਨ ਸਗੋਂ ਹੋਰਨਾਂ ਲੋਕਾਂ ਵਿੱਚ ਵੀ ਨਿਰਾਸ਼ਾ ਭਰਨ ਦਾ ਯਤਨ ਕਰਦੇ ਹਨ।

ਵੇਖਣ ਵਿੱਚ ਆਉਂਦਾ ਹੈ ਕਿ ਜਦੋਂ ਵੀ ਸਕੂਲਾਂ/ਕਾਲਜਾਂ ਦੀਆਂ ਵੱਖ- ਵੱਖ ਜਮਾਤਾਂ ਦੇ ਨਤੀਜੇ ਆਉਂਦੇ ਹਨ ਤਾਂ ਕੁਝ ਵਿਦਿਆਰਥੀ ਚੰਗੇ ਨੰਬਰ ਨਾ ਆਉਣ ਜਾਂ ਪਾਸ ਨਾ ਹੋ ਸਕਣ ਕਰਕੇ ਨਿਰਾਸ਼ ਹੋ ਜਾਂਦੇ ਹਨ ਅਤੇ ਕੁਝ ਵਿਦਿਆਰਥੀ ਆਤਮ ਹੱਤਿਆ ਕਰਨ ਬਾਰੇ ਵੀ ਸੋਚਣ ਲੱਗ ਜਾਂਦੇ ਹਨ, ਜੋ ਕਿ ਸਹੀ ਰਸਤਾ ਨਹੀਂ ਹੈ। ਪ੍ਰੀਖਿਆ ਵਿੱਚ ਫੇਲ੍ਹ ਹੋਣ ਕਾਰਨ ਕਿਸੇ ਵੀ ਵਿਦਿਆਰਥੀ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਅਤੇ ਆਪਣੇ ਆਪ ਨੂੰ ਹੌਂਸਲੇ ਵਿੱਚ ਰੱਖ ਕੇ ਮੁੜ ਪ੍ਰੀਖਿਆ ਦੀ ਤਿਆਰੀ ਕਰਨੀ ਚਾਹੀਦੀ ਹੈ। ਜਦੋਂ ਚੰਗੀ ਤਿਆਰੀ ਕਰਕੇ ਪ੍ਰੀਖਿਆ ਦਿੱਤੀ ਜਾਂਦੀ ਹੈ ਤਾਂ ਨੰਬਰ ਵੀ ਚੰਗੇ ਆਉਂਦੇ ਹਨ। ਇਸ ਕਰਕੇ ਕਿਸੇ ਵੀ ਪ੍ਰੀਖਿਆ ਵਿੱਚ ਫੇਲ੍ਹ ਹੋਣ ਜਾਂ ਨੰਬਰ ਘੱਟ ਹੋਣ ਕਾਰਨ ਨਿਰਾਸ਼ ਨਹੀਂ ਹੋਣਾ ਚਾਹੀਦਾ।

ਇਸ ਦੁਨੀਆਂ ਵਿੱਚ ਅਜਿਹੇ ਲੋਕ ਵੀ ਹੁੰਦੇ ਹਨ, ਜਿਨ੍ਹਾਂ ਦੀ ਆਮਦਨ ਘੱਟ ਹੁੰਦੀ ਹੈ ਪਰ ਖ਼ਰਚੇ ਵੱਧ ਜਾਂਦੇ ਹਨ। ਜਾਂ ਉਹਨਾਂ ਨੂੰ ਵਪਾਰ ਜਾਂ ਖੇਤੀ ਵਿੱਚ ਘਾਟਾ ਪੈ ਜਾਂਦਾ ਹੈ, ਜਿਸ ਕਰਕੇ ਉਨ੍ਹਾਂ ਨੂੰ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਸ਼ਾਹੂਕਾਰਾਂ ਜਾਂ ਬੈਂਕਾਂ ਤੋਂ ਕਰਜ਼ਾ ਲੈਣਾ ਪੈਂਦਾ ਹੈ ਪਰ ਕਰਜ਼ੇ ਦਾ ਮੱਕੜ-ਜਾਲ ਹੀ ਅਜਿਹਾ ਹੈ, ਜੋ ਵੀ ਵਿਅਕਤੀ ਇੱਕ ਵਾਰ ਇਸ ਵਿੱਚ ਫਸ ਜਾਂਦਾ ਹੈ ਤਾਂ ਉਸ ਦਾ ਇਸ ਮੱਕੜ-ਜਾਲ ਵਿਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਕੁਝ ਵਿਅਕਤੀ ਕਰਜ਼ੇ ਤੋਂ ਪਰੇਸ਼ਾਨ ਹੋ ਕੇ ਹੀ ਆਪਣੀ ਜ਼ਿੰਦਗੀ ਤੋਂ ਨਿਰਾਸ਼ ਹੋ ਜਾਂਦੇ ਹਨ ਅਤੇ ਆਤਮ ਹੱਤਿਆ ਕਰਨ ਬਾਰੇ ਸੋਚਣ ਲੱਗਦੇ ਹਨ। ਅਜਿਹੇ ਲੋਕਾਂ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਅਤੇ ਆਤਮ ਹੱਤਿਆ ਕਰਨ ਬਾਰੇ ਬਿਲਕੁਲ ਵੀ ਸੋਚਣਾ ਨਹੀਂ ਚਾਹੀਦਾ ਹੈ। ਅਜਿਹੇ ਲੋਕਾਂ ਨੂੰ ਹਰ





ਸਥਿਤੀ ਤੇ ਪਰਸਥਿਤੀ ਦਾ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ ਅਤੇ ਆਪਣੇ ਖਰਚੇ ਘਟਾ ਕੇ ਕਰਜ਼ੇ ਨੂੰ ਉਤਾਰਨ ਦੇ ਯਤਨ ਕਰਨੇ ਚਾਹੀਦੇ ਹਨ।

ਕਰੋਨਾ ਕਾਲ ਤੋਂ ਬਾਅਦ ਵੱਡੀ ਗਿਣਤੀ ਲੋਕਾਂ ਦੇ ਕੰਮ ਕਾਰ ਤਬਾਹ ਹੋ ਗਏ ਸਨ ਅਤੇ ਵੱਡੀ ਗਿਣਤੀ ਲੋਕਾਂ ਦੇ ਰੁਜ਼ਗਾਰ ਖਤਮ ਹੋ ਗਏ ਸਨ ਪਰ ਹੁਣ ਸਾਰੇ ਵਰਗਾਂ ਦੇ ਲੋਕਾਂ ਨੂੰ ਕੁਝ ਰਾਹਤ ਮਿਲਣੀ ਸ਼ੁਰੂ ਹੋਈ ਹੈ ਅਤੇ ਕੰਮ ਕਾਰ ਆਮ ਹੋਣ ਲੱਗੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਲੋਕ ਸਰਕਾਰ 'ਤੇ ਟੇਕ ਰੱਖਣ ਦੀ ਥਾਂ ਖੁਦ ਮਿਹਨਤ ਕਰ ਰਹੇ ਹਨ। ਉਨ੍ਹਾਂ ਦੀ ਮਿਹਨਤ ਨੂੰ ਫਲ ਵੀ ਮਿਲ ਰਿਹਾ ਹੈ ਅਤੇ ਉਹ ਪਿਛਲੇ ਘਾਟੇ ਪੂਰੇ ਕਰਕੇ ਮੁਨਾਫ਼ਾ ਕਮਾ ਰਹੇ ਹਨ। ਅਜਿਹੇ ਲੋਕਾਂ ਤੋਂ ਹੋਰਨਾਂ ਨੂੰ ਵੀ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਮਿਹਨਤ ਕਰਕੇ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਕੋਈ ਵੀ ਕੰਮ ਕਰਨ ਤੋਂ ਪਹਿਲਾਂ ਹਰ ਵਿਅਕਤੀ ਨੂੰ ਉਸ ਕੰਮ ਬਾਰੇ ਪੂਰੀ ਜਾਣਕਾਰੀ ਲੈ ਲੈਣੀ ਚਾਹੀਦੀ ਹੈ ਅਤੇ ਮੁਹਾਰਤ ਹਾਸਲ ਕਰਨ ਤੋਂ ਬਾਅਦ ਹੀ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਕਿਸੇ ਵੀ ਕੰਮ ਵਿੱਚ ਸਖ਼ਤ ਮਿਹਨਤ ਕੀਤੀ ਜਾਵੇ ਤਾਂ ਸਫ਼ਲਤਾ ਜ਼ਰੂਰ ਮਿਲਦੀ ਹੈ। ਹਰ ਵਿਅਕਤੀ ਹਰ ਖੇਤਰ ਵਿੱਚ ਕਾਮਯਾਬ ਨਹੀਂ ਹੋ ਸਕਦਾ। ਇਸ ਲਈ ਹਮੇਸ਼ਾ ਆਪਣੀ ਰੁਚੀ ਅਨੁਸਾਰ ਹੀ ਆਪਣੇ ਖੇਤਰ ਦੀ ਚੋਣ ਕਰੋ। ਜੇ ਇੱਕ ਕਿੱਤੇ ਜਾਂ ਖੇਤਰ ਵਿੱਚ ਸਫ਼ਲਤਾ ਨਾ ਮਿਲੇ ਤਾਂ ਕਿੱਤੇ ਨੂੰ ਬਦਲ ਕੇ ਵੀ ਵੇਖ ਲੈਣਾ ਚਾਹੀਦਾ ਹੈ ਪਰ ਅਜਿਹਾ ਕਰਨ ਤੋਂ ਪਹਿਲਾਂ ਕਿੱਤਾ ਮਾਹਿਰਾਂ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

ਧਾਰਮਿਕ ਆਗੂ ਕਹਿੰਦੇ ਹਨ ਕਿ ਮਨੁੱਖਾ ਜਨਮ ਵਾਰ ਵਾਰ ਨਹੀਂ ਮਿਲਦਾ, ਇਸ ਲਈ ਮਿਲੀ ਹੋਈ ਮਨੁੱਖਾ ਜ਼ਿੰਦਗੀ ਨੂੰ ਸੁੱਖ ਸ਼ਾਂਤੀ ਨਾਲ ਬਤੀਤ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਕਿਸੇ ਵੀ ਇਨਸਾਨ ਨੂੰ ਕਦੇ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ। ਜ਼ਿੰਦਗੀ ਵਿੱਚ ਉਤਰਾਓ ਚੜ੍ਹਾਓ ਤਾਂ ਆਉਂਦੇ ਹੀ ਰਹਿੰਦੇ ਹਨ, ਇਸ ਲਈ ਕਦੇ ਵੀ ਕਿਸੇ ਵੀ ਸਮੱਸਿਆ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਸਗੋਂ ਹਰ ਸਮੱਸਿਆ ਦਾ ਹੱਲ ਠੰਡੇ ਦਿਮਾਗ ਨਾਲ ਸੋਚਣਾ ਚਾਹੀਦਾ ਹੈ। ਕਿਹਾ ਜਾਂਦਾ ਹੈ ਕਿ ਰੱਬ ਤਾਂ ਪੱਥਰਾਂ ਦੇ ਵਿੱਚ ਬੈਠੇ ਜੀਵ ਜੰਤੂਆਂ ਨੂੰ ਵੀ ਖਾਣ ਲਈ ਦਿੰਦਾ ਹੈ ਤਾਂ ਇਨਸਾਨਾਂ ਲਈ ਵੀ ਰੱਬ ਨੇ ਕੋਈ ਨਾ ਕੋਈ ਪ੍ਰਬੰਧ ਜ਼ਰੂਰ ਕੀਤਾ ਹੋਣਾ ਹੈ। ਇਨਸਾਨ ਨੂੰ ਤਾਂ ਮਿਹਨਤ ਕਰਕੇ ਹੀ ਉਸਦੀ ਮੰਜ਼ਿਲ ਮਿਲ ਸਕਦੀ ਹੈ। ਕਹਿੰਦੇ ਹਨ ਕਿ ਮਿਲ ਵੰਡ ਕੇ ਅਤੇ ਦੂਜਿਆਂ ਨੂੰ ਦੱਸਣ ਨਾਲ ਦੁੱਖ ਘੱਟ ਹੋ ਜਾਂਦਾ ਹੈ ਅਤੇ ਦੂਜਿਆਂ ਤੋਂ ਮਿਲਿਆ ਹੌਂਸਲਾ ਇਨਸਾਨ ਵਿੱਚ ਨਵਾਂ ਜੋਸ਼ ਭਰ ਦਿੰਦਾ ਹੈ। ਇਸ ਤੋਂ ਇਲਾਵਾ ਹਰ ਇਨਸਾਨ ਨੂੰ ਆਪਣੀ ਜ਼ਿੰਦਗੀ ਵਿੱਚ ਸਹੀ ਰਸਤੇ ਦੀ ਚੋਣ ਕਰਨੀ ਚਾਹੀਦੀ ਹੈ, ਇਸ ਸਬੰਧੀ ਆਪਣੇ ਬਜ਼ੁਰਗਾਂ ਦੀ ਸਲਾਹ ਵੀ ਲੈ ਲੈਣੀ ਚਾਹੀਦੀ ਹੈ ਕਿਉਂਕਿ ਬਜ਼ੁਰਗਾਂ ਕੋਲ ਜ਼ਿੰਦਗੀ ਦਾ ਤਜਰਬਾ ਹੁੰਦਾ ਹੈ। ਹਰ ਇਨਸਾਨ ਨੂੰ ਆਪਣਾ ਜ਼ਿੰਦਗੀ ਦਾ ਸਫ਼ਰ ਹੱਸਦੇ ਖੇਡਦੇ ਬਤੀਤ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਜ਼ਿੰਦਗੀ ਦਾ ਆਨੰਦ ਮਾਣ ਸਕਦੇ ਹਾਂ।







# ਗੁਰੂ ਦੀ ਨਗਰੀ ਅੰਮ੍ਰਿਤਸਰ ਵਪਾਰਕ ਕੇਂਦਰ ਬਣਨ ਤੋਂ ਕਿਉਂ ਪਛੜਿਆ ?



ਅਜ਼ਾਦ ਦੀਪ ਸਿੰਘ

ਅੰਮ੍ਰਿਤਸਰ ਨਗਰ ਸਿੱਖਾਂ ਦੇ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਵਸਾਇਆ ਸੀ। ਇਥੇ ਹੀ ਸਿੱਖਾਂ ਦੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਹੋਇਆ ਸੀ। ਅੱਜ ਇਸ ਰਿਹਾਇਸ਼ੀ ਅਸਥਾਨ 'ਤੇ ਗੁਰਦੁਆਰਾ ਗੁਰੂ ਕੇ ਮਹਿਲ ਸੁਸ਼ੋਭਿਤ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਨਗਰ (ਸ਼ਹਿਰ) ਦੇ ਵਿਕਾਸ ਲਈ ਵੱਖ-ਵੱਖ ਅਸਥਾਨਾਂ ਤੋਂ 52 ਕਿੱਤਿਆਂ ਦੇ ਲੋਕ ਅੰਮ੍ਰਿਤਸਰ ਲਿਆ ਕੇ ਵਸਾਏ। ਸ੍ਰੀ ਗੁਰੂ ਰਾਮਦਾਸ ਜੀ ਦੇ ਵੇਲੇ ਹੀ ਸ੍ਰੀ ਅੰਮ੍ਰਿਤਸਰ ਨਗਰ ਨੇ ਵਿਕਾਸ ਕਰਨਾ ਸ਼ੁਰੂ ਕਰ ਦਿੱਤਾ ਸੀ। ਗੁਰੂ ਬਾਜ਼ਾਰ ਅੰਮ੍ਰਿਤਸਰ ਦਾ ਸਭ ਤੋਂ ਪਹਿਲਾ (ਪੁਰਾਣਾ) ਬਾਜ਼ਾਰ ਹੈ। ਮੌਜੂਦਾ ਸਮੇਂ ਇਸ ਬਾਜ਼ਾਰ ਵਿੱਚ ਜ਼ਿਆਦਾਤਰ ਸੋਨੇ ਚਾਂਦੀ ਦਾ ਕੰਮ ਹੁੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਅੰਮ੍ਰਿਤਸਰ ਨੇ ਬਹੁਤ ਤਰੱਕੀ ਕੀਤੀ। ਉਸ ਸਮੇਂ ਅੰਮ੍ਰਿਤਸਰ ਦਾ ਸ਼ੁਮਾਰ ਹਿੰਦੁਸਤਾਨ ਦੇ ਵੱਡੇ ਅਤੇ ਪ੍ਰਮੁੱਖ ਵਪਾਰਕ ਸ਼ਹਿਰਾਂ ਵਿੱਚ ਹੁੰਦਾ ਸੀ । ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਅੰਮ੍ਰਿਤਸਰ ਪੰਜਾਬ ਦਾ ਆਬਾਦੀ ਪੱਖੋਂ ਸਭ ਤੋਂ ਵੱਡਾ ਸ਼ਹਿਰ ਸੀ । ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਉੱਘੇ ਸਿੱਖ ਘਰਾਣਿਆਂ ਦੇ ਅੰਮ੍ਰਿਤਸਰ ਵਿੱਚ ਕੱਟੜੇ, ਹਵੇਲੀਆਂ, ਕਿਲ੍ਹੇ, ਬਾਗ ਤੇ ਰਿਹਾਇਸ਼ਾਂ ਹੁੰਦੀਆਂ ਸਨ । ਅੰਮ੍ਰਿਤਸਰ ਉਸ ਸਮੇਂ ਵਪਾਰ ਦਾ ਵੱਡਾ ਕੇਂਦਰ ਸੀ । ਹਰ ਇੱਕ ਕੱਟੜੇ ਦਾ ਆਪਣਾ ਬਾਜ਼ਾਰ ਅਤੇ ਮੰਡੀ ਹੁੰਦੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਬਹੁਤ ਸਾਰੇ ਅਮੀਰ ਵਪਾਰੀਆਂ ਅਤੇ ਕਾਰੋਬਾਰੀਆਂ ਨੇ ਅੰਮ੍ਰਿਤਸਰ ਦਾ ਰੁਖ ਕੀਤਾ । ਮਹਾਰਾਜਾ ਰਣਜੀਤ ਸਿੰਘ ਨੇ ਮਾਰਵਾੜੀ ਵਪਾਰੀਆਂ ਨੂੰ ਅੰਮ੍ਰਿਤਸਰ ਵਿਖੇ ਲਿਆ ਕੇ ਵਸਾਇਆ। ਮਾਰਵਾੜੀ ਵਪਾਰੀਆਂ ਦਾ ਵਪਾਰਕ ਕੇਂਦਰ 32 ਹੱਟਾਂ ਅੱਜ ਵੀ ਅੰਮ੍ਰਿਤਸਰ ਵਿੱਚ ਮੌਜੂਦ ਹੈ। ਇਨ੍ਹਾਂ ਵਪਾਰੀਆਂ ਦਾ ਵਾਸਾ ਸ. ਜੱਸਾ ਸਿੰਘ ਆਹਲੂਵਾਲੀਆ ਦੇ ਕਿਲ੍ਹੇ ਵਿੱਚ ਕੀਤਾ ਗਿਆ। ਇਨ੍ਹਾਂ ਵਪਾਰੀਆਂ ਦੀਆਂ ਅਗਲੀਆਂ ਪੀੜ੍ਹੀਆਂ ਅੱਜ ਵੀ ਇਸ ਕਿਲ੍ਹੇ ਅਤੇ ਆਲੇ ਦੁਆਲੇ ਮੌਜੂਦ ਹਨ ਅਤੇ ਵਪਾਰ ਕਰ ਰਹੀਆਂ ਹਨ। ਕਸ਼ਮੀਰੀ ਵਪਾਰੀ ਵੀ ਰੁਜ਼ਗਾਰ ਦੀ ਭਾਲ ਵਿੱਚ ਅੰਮ੍ਰਿਤਸਰ ਆਏ ਅਤੇ ਇਥੇ ਹੀ ਪੱਕੇ ਤੌਰ 'ਤੇ ਵਸ ਗਏ। ਇਨ੍ਹਾਂ ਦੇ ਅੰਮ੍ਰਿਤਸਰ ਵਸਣ ਨਾਲ ਸ਼ਾਲ ਉਦਯੋਗ ਵੱਡੇ ਪੱਧਰ 'ਤੇ ਸ਼ੁਰੂ ਹੋਇਆ। ਸੁੰਦਰ ਅਤੇ ਭਾਰੀ ਪਸ਼ਮੀਨੇ ਦੀਆਂ ਸ਼ਾਲਾਂ ਇਥੋਂ ਵਿਦੇਸ਼ਾਂ ਵਿੱਚ ਵਿਕਣ ਲਈ ਜਾਂਦੀਆਂ ਸਨ । ਭਾਰਤ ਦੇ ਹੋਰਨਾਂ ਹਿੱਸਿਆਂ ਤੋਂ ਮੱਧ ਏਸ਼ੀਆ ਤੱਕ ਰੇਸ਼ਮ ਦੇ ਕੱਪੜੇ ਅਤੇ ਸੁੱਕੇ ਮੇਵਿਆਂ ਦਾ ਵਪਾਰ ਅੰਮ੍ਰਿਤਸਰ ਰਾਹੀਂ ਹੋਣ ਲੱਗਾ । 1830 ਈਸਵੀ ਦੇ ਨੇੜੇ ਤੇੜੇ ਇੱਕ ਫਰਾਂਸੀਸੀ ਯਾਤਰੀ ਜੈਕੋਏਮੋਂ ਅੰਮ੍ਰਿਤਸਰ ਆਇਆ । ਉਸਦੇ ਅੰਦਾਜ਼ੇ ਅਨੁਸਾਰ ਉਸ ਸਮੇਂ ਅੰਮ੍ਰਿਤਸਰ ਸ਼ਹਿਰ ਦੀ ਆਬਾਦੀ ਇੱਕ ਲੱਖ ਤੋਂ ਵੀ ਜ਼ਿਆਦਾ ਸੀ । ਅੰਮ੍ਰਿਤਸਰ ਬਾਰੇ ਇੱਕ ਟ੍ਰੈਕਟ ਵਿੱਚ ਹਿਊਗਲ ਨਾਂਅ ਦੇ ਕਿਸੇ ਯੂਰਪੀਅਨ ਦਾ ਜ਼ਿਕਰ ਵੀ ਮਿਲਦਾ ਹੈ ਜਿਸ ਦੇ ਕਥਨ ਅਨੁਸਾਰ ਅੰਮ੍ਰਿਤਸਰ ਉੱਤਰੀ ਭਾਰਤ ਵਿੱਚ ਸਭ ਤੋਂ ਅਮੀਰ ਸ਼ਹਿਰ ਸੀ। ਇਤਿਹਾਸਕਾਰ ਗਣੇਸ਼ ਦਾਸ ਅਨੁਸਾਰ ਸਿੱਖ ਰਾਜ ਵੇਲੇ ਅੰਮ੍ਰਿਤਸਰ ਸਭ ਤੋਂ ਵੱਡਾ ਸ਼ਹਿਰ ਸੀ ।

1849 ਵਿੱਚ ਪੰਜਾਬ ਅੰਗ੍ਰੇਜ਼ੀ ਰਾਜ ਹੇਠਾਂ ਆ ਗਿਆ ਤਾਂ ਅੰਗਰੇਜ਼ਾਂ ਨੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾ ਕੇ, ਲਾਹੌਰ ਦੇ ਵਿਕਾਸ ਵਾਸਤੇ ਬਹੁਤ ਕੰਮ ਕੀਤਾ । ਲਾਹੌਰ ਵਿੱਚ ਕਾਲਜ, ਯੂਨੀਵਰਸਿਟੀ, ਨਵੀਆਂ ਕਾਲੋਨੀਆਂ ਬਣਾ ਕੇ ਲਾਹੌਰ ਦੀ ਉੱਨਤੀ ਦਾ ਮੁੱਢ ਬੰਨ੍ਹ ਦਿੱਤਾ। ਵਿੱਦਿਅਕ ਅਦਾਰੇ ਲਾਹੌਰ ਵਿੱਚ ਖੁੱਲ੍ਹਣ ਕਰਕੇ ਸਾਰੇ ਪੰਜਾਬ ਤੋਂ ਅਮੀਰ ਲੋਕ ਆਪਣੇ ਨਿਆਣਿਆਂ ਨੂੰ ਪੜ੍ਹਾਉਣ ਲਈ ਲਾਹੌਰ ਵਿੱਚ ਵਸਣੇ ਸ਼ੁਰੂ ਹੋ ਗਏ । ਪੰਜਾਬ ਦੀ ਪਹਿਲੀ ਮਰਦਮਸ਼ੁਮਾਰੀ



1881 ਈਸਵੀ ਵਿੱਚ ਹੋਈ। 1849 ਤੋਂ 1881 ਤੀਕ ਅੰਗਰੇਜ਼ਾਂ ਵੱਲੋਂ ਲਾਹੌਰ ਦਾ ਲਗਭਗ 32 ਸਾਲ ਵਿਕਾਸ ਕਰਨ ਤੋਂ ਬਾਅਦ ਵੀ ਪਹਿਲੀ ਮਰਦਮਸ਼ੁਮਾਰੀ ਵਿੱਚ ਲਾਹੌਰ ਆਬਾਦੀ ਪੱਖੋਂ ਅੰਮ੍ਰਿਤਸਰ ਤੋਂ ਛੋਟਾ ਸੀ । ਅੰਗੇਰਜ਼ਾਂ ਵੱਲੋਂ ਕੀਤੀ ਗਈ ਮਰਦਮਸ਼ੁਮਾਰੀ ਅਨੁਸਾਰ ਲਾਹੌਰ ਦੀ ਆਬਾਦੀ ਲਗਭਗ 1,49,000 (ਇੱਕ ਲੱਖ ਉਣੰਜਾ ਹਜ਼ਾਰ) ਅਤੇ ਅੰਮ੍ਰਿਤਸਰ ਦੀ ਆਬਾਦੀ 1,52,000 (ਇੱਕ ਲੱਖ ਬਵੰਜਾ ਹਜ਼ਾਰ) ਸੀ। ਇਸ ਤੋਂ ਬਾਅਦ ਅੰਮ੍ਰਿਤਸਰ ਆਬਾਦੀ ਪੱਖੋਂ ਲਾਹੌਰ ਤੋਂ ਪਛੜ ਗਿਆ। 1941 ਵਿੱਚ ਲਾਹੌਰ ਦੀ ਆਬਾਦੀ 6 ਲੱਖ 71 ਹਜ਼ਾਰ ਅਤੇ ਅੰਮ੍ਰਿਤਸਰ ਦੀ ਆਬਾਦੀ ਤਿੰਨ ਲੱਖ ਇਕਾਨਵੇਂ ਹਜ਼ਾਰ ਦਰਜ ਕੀਤੀ ਗਈ ।

1947 ਦੀ ਵੰਡ ਵੇਲੇ ਲਾਹੌਰ ਪਾਕਿਸਤਾਨ ਦਾ ਹਿੱਸਾ ਬਣ ਗਿਆ। ਵੰਡ ਤੋਂ ਪਹਿਲਾਂ ਪੰਜਾਬ ਦੇ ਦੋਵੇਂ ਵੱਡੇ ਸ਼ਹਿਰ ਲਾਹੌਰ ਅਤੇ ਅੰਮ੍ਰਿਤਸਰ ਮਾਝਾ (ਬਾਰੀ ਦੁਆਬ) ਖਿੱਤੇ ਵਿੱਚ ਪੈਂਦੇ ਸਨ । ਵੰਡ ਵੇਲੇ ਅੰਮ੍ਰਿਤਸਰ ਸਾਂਝੇ ਪੰਜਾਬ ਦਾ ਲਾਹੌਰ ਤੋਂ ਬਾਅਦ ਦੂਜਾ ਅਤੇ ਹਿੰਦੁਸਤਾਨ ਦਾ ਨੌਵਾਂ ਸਭ ਤੋਂ ਵੱਡਾ ਸ਼ਹਿਰ ਸੀ। 1947 ਦੇਸ਼ ਵੰਡ ਤੋਂ ਬਾਅਦ ਚੜ੍ਹਦੇ ਪੰਜਾਬ ਵਿੱਚ ਅੰਮ੍ਰਿਤਸਰ ਸਭ ਤੋਂ ਵੱਡਾ ਸ਼ਹਿਰ ਬਣ ਗਿਆ। ਪਰ ਸਮੇਂ ਦੀਆਂ ਸਰਕਾਰਾਂ ਨੇ ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਵੱਲ ਕੋਈ ਧਿਆਨ ਨਾ ਦਿੱਤਾ। ਅੰਮ੍ਰਿਤਸਰ ਦੀ ਬਜਾਏ ਲੁਧਿਆਣਾ ਦੇ ਵਿਕਾਸ 'ਤੇ ਵਧ ਜ਼ੋਰ ਦਿੱਤਾ ਜਾਣ ਲੱਗਾ। ਫਿਰ ਵੀ 1981 ਦੀ ਜਨਗਣਨਾ ਤੀਕ ਅੰਮ੍ਰਿਤਸਰ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਸੀ, ਪਰ 1991 ਦੀ ਜਨਗਣਨਾ ਵਿੱਚ ਲੁਧਿਆਣਾ ਪਹਿਲੇ ਸਥਾਨ 'ਤੇ ਆ ਗਿਆ। 1982 ਤੋਂ 1992-93 ਤੱਕ ਪੰਜਾਬ ਸੰਤਾਪ ਦਾ ਸਭ ਤੋਂ ਵੱਧ ਮਾੜਾ ਅਸਰ ਅੰਮ੍ਰਿਤਸਰ 'ਤੇ ਪਿਆ। ਪੰਜਾਬ ਦੇ ਹਾਲਾਤ ਸੁਧਰਨ 'ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੋਂ ਲਾਈਵ ਕੀਰਤਨ ਸ਼ੁਰੂ ਹੋਣ 'ਤੇ ਦੂਜੇ ਸੂਬਿਆਂ ਤੋਂ ਵੱਡੀ ਗਿਣਤੀ ਵਿਚ ਸੈਲਾਨੀ ਦਰਸ਼ਨਾਂ ਲਈ ਅੰਮ੍ਰਿਤਸਰ ਆਉਣੇ ਸ਼ੁਰੂ ਹੋ ਗਏ, ਜਿਸ ਕਾਰਨ ਅੰਮ੍ਰਿਤਸਰ ਦੀ ਆਰਥਿਕਤਾ ਮੁੜ ਲੀਹਾਂ 'ਤੇ ਆ ਗਈ। ਅੰਮ੍ਰਿਤਸਰ ਵਿੱਚ ਵੱਡੀ ਗਿਣਤੀ ਵਿੱਚ ਨਵੇਂ ਹੋਟਲ, ਰੈਸਟੋਰੈਂਟ, ਢਾਬੇ ਤੇ ਦੁਕਾਨਾਂ ਖੁੱਲ੍ਹ ਗਈਆਂ। ਜਿਸ ਕਰਕੇ ਹਜ਼ਾਰਾਂ ਲੋਕਾਂ ਦਾ ਕਾਰੋਬਾਰ ਵਧਿਆ ਤੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮਿਲਿਆ। ਅੱਜ ਦੇ ਸਮੇਂ ਵਿੱਚ ਸੈਰ-ਸਪਾਟਾ ਦੁਨੀਆਂ ਦਾ ਸਭ ਤੋਂ ਵੱਡਾ ਕਾਰੋਬਾਰ ਬਣ ਗਿਆ ਹੈ। ਇਸ ਸਮੇਂ ਅੰਮ੍ਰਿਤਸਰ ਵਿੱਚ ਰੋਜ਼ਾਨਾ 1 ਲੱਖ ਤੋਂ ਵੱਧ ਯਾਤਰੂ ਆ ਰਹੇ ਹਨ। ਅਜੋਕੇ ਸਮੇਂ ਕੋਈ ਖਿੱਤਾ ਤਦ ਹੀ ਤਰੱਕੀ ਕਰ ਸਕਦਾ ਹੈ, ਜੇਕਰ ਉਸ ਖਿੱਤੇ ਵਿੱਚ ਉਦਯੋਗਿਕ, ਵਪਾਰਕ ਜਾਂ ਸੈਰ ਸਪਾਟੇ ਵਾਲਾ ਸ਼ਹਿਰ ਹੋਵੇ । ਪੰਜਾਬ ਦੇ ਵਿਕਾਸ ਲਈ ਅੰਮ੍ਰਿਤਸਰ ਹੀ ਸਭ ਤੋਂ ਢੁਕਵਾਂ ਸ਼ਹਿਰ ਹੈ। ਅੰਮ੍ਰਿਤਸਰ ਨੂੰ ਸੈਰ-ਸਪਾਟੇ ਦੇ ਕੇਂਦਰ ਵਜੋਂ ਉਭਾਰਨ ਲਈ ਇਸ ਨੂੰ ਹੋਰ ਵਿਕਸਿਤ ਕਰਨ ਦੀ ਜ਼ਰੂਰਤ ਹੈ। ਕ੍ਰਿਕਟ ਅੱਜ ਦੁਨੀਆਂ ਦੀ ਹਰਮਨ ਪਿਆਰੀ ਖੇਡ ਹੈ। ਨੌਜਵਾਨ ਪੀੜ੍ਹੀ ਕ੍ਰਿਕਟ ਦੀ ਦੀਵਾਨੀ ਹੈ। ਅੰਤਰਰਾਸ਼ਟਰੀ ਕ੍ਰਿਕਟ ਮੈਚਾਂ ਤੇ ਆਈ.ਪੀ.ਐਲ. ਮੈਚ ਦੇਖਣ ਲਈ ਦੁਨੀਆਂ ਭਰ ਤੋਂ ਕ੍ਰਿਕਟ ਪ੍ਰੇਮੀ ਆਉਂਦੇ ਹਨ। ਇਸ ਸਾਲ ਹੋਏ ਆਈ.ਪੀ.ਐਲ. ਵਿੱਚ ਸਾਡੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਵਿੱਚ ਹੋਏ ਮੈਚ ਨੂੰ ਦੇਖਣ ਲਈ ਹਿੰਦੁਸਤਾਨ ਅਤੇ ਵਿਦੇਸ਼ਾਂ ਤੋਂ ਹਜ਼ਾਰਾਂ ਕ੍ਰਿਕਟ ਪ੍ਰੇਮੀ ਧਰਮਸ਼ਾਲਾ ਆਏ। ਪੰਜਾਬ ਤੋਂ ਵੀ ਵੱਡੀ ਗਿਣਤੀ ਵਿੱਚ ਲੋਕ ਮੈਚ ਵੇਖਣ ਲਈ ਧਰਮਸ਼ਾਲਾ ਤੇ ਦੇਸ਼ ਦੇ ਕਈ ਹੋਰ ਸ਼ਹਿਰਾਂ ਵਿੱਚ ਗਏ ।

ਜੇਕਰ ਅੰਮ੍ਰਿਤਸਰ ਵਿੱਚ ਨਵਾਂ ਅੰਤਰਰਾਸ਼ਟਰੀ ਕ੍ਰਿਕਟ ਮੈਦਾਨ ਬਣਾ ਦਿੱਤਾ ਜਾਵੇ ਤਾਂ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਅੰਮ੍ਰਿਤਸਰ ਆਉਣਗੇ। ਇਸ ਨਾਲ ਅੰਮ੍ਰਿਤਸਰ ਦੇ ਵਪਾਰ ਤੇ ਵਿਕਾਸ ਨੂੰ



ਵੱਡਾ ਹੁਲਾਰਾ ਮਿਲੇਗਾ। ਸੋ, ਅੰਮ੍ਰਿਤਸਰ ਵਿਖੇ ਕਿਸੇ ਢੁਕਵੇਂ ਸਥਾਨ 'ਤੇ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਬਣਨਾ ਚਾਹੀਦਾ ਹੈ।

ਇਸ ਤੋਂ ਇਲਾਵਾ ਵਾਹਗਾ ਅਟਾਰੀ ਰਾਹੀਂ ਭਾਰਤ-ਪਾਕਿਸਤਾਨ ਦਾ ਵਪਾਰ ਜੋ ਕਿ ਪਿਛਲੇ ਸਮੇਂ ਤੋਂ ਬੰਦ ਹੈ, ਸੜਕੀ ਤੇ ਰੇਲ ਮਾਰਗਾਂ ਰਾਹੀਂ ਪੱਕੇ ਤੌਰ 'ਤੇ ਦਿਨ ਰਾਤ 24 ਘੰਟੇ ਚਲਣਾ ਚਾਹੀਦਾ ਹੈ। ਇਹ ਵਪਾਰ ਅੱਗੋਂ ਮੱਧ ਏਸ਼ੀਆ ਤੇ ਯੂਰਪ ਤੱਕ ਹੋਣਾ ਚਾਹੀਦਾ ਹੈ।

ਸਿੱਖਾਂ ਤੇ ਹਿੰਦੂਆਂ ਦੇ ਬਹੁਤ ਸਾਰੇ ਗੁਰਦੁਆਰੇ ਤੇ ਮੰਦਿਰ ਦੇਸ਼ ਵੰਡ ਵੇਲੇ ਪਾਕਿਸਤਾਨ ਵਿਖੇ ਰਹਿ ਗਏ। ਹਿੰਦੂ ਸਿੱਖ ਇਨ੍ਹਾਂ ਅਸਥਾਨਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਇਸੇ ਤਰ੍ਹਾਂ ਪਾਕਿਸਤਾਨ ਦੇ ਮੁਸਲਮਾਨ ਭਰਾ ਹਿੰਦੁਸਤਾਨ ਵਿੱਚ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ ।

1947 ਦੀ ਦੇਸ਼ ਵੰਡ ਵੇਲੇ ਇਧਰੋਂ ਉਧਰ ਤੇ ਉਧਰੋਂ-ਇਧਰ ਆਏ ਬਜ਼ੁਰਗ ਤੇ ਅੱਗੋਂ ਉਨ੍ਹਾਂ ਦੀਆਂ ਨਸਲਾਂ ਆਪਣੇ ਪਿਤਾ ਪੁਰਖੀ ਪਿੰਡ ਸ਼ਹਿਰ ਦੇਖਣਾ ਚਾਹੁੰਦੇ ਹਨ। ਇਸ ਲਈ ਭਾਰਤ-ਪਾਕਿਸਤਾਨ ਦੀਆਂ ਦੋਵਾਂ ਹਕੂਮਤਾਂ ਨੂੰ ਵੀਜ਼ਾ ਸ਼ਰਤਾਂ ਨਰਮ ਕਰਨੀਆਂ ਚਾਹੀਦੀਆਂ ਹਨ ਤੇ ਅੰਮ੍ਰਿਤਸਰ ਵਿਖੇ ਹੀ ਪਾਕਿਸਤਾਨ ਦਾ ਵੀਜ਼ਾ ਦਫਤਰ ਖੁੱਲ੍ਹਣਾ ਚਾਹੀਦਾ ਹੈ ਤਾਂ ਜੋ ਚੜ੍ਹਦੇ ਪੰਜਾਬ ਦੀ ਆਵਾਮ ਨੂੰ ਅੰਮ੍ਰਿਤਸਰ ਤੋਂ ਹੀ ਪਾਕਿਸਤਾਨ ਦਾ ਵੀਜ਼ਾ ਮਿਲ ਸਕੇ। ਜੇਕਰ ਦੋਵੇਂ ਮੁਲਕਾਂ ਦੀਆਂ ਸਰਕਾਰਾਂ ਪਹਿਲ ਕਦਮੀ ਕਰਕੇ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਲਾਹੌਰ ਸ਼ਹਿਰ ਦੇ ਲੋਕਾਂ ਵਾਸਤੇ ਇੱਕ ਦੂਜੇ ਸ਼ਹਿਰ ਲਈ ਵੀਜ਼ਾ ਐਂਟਰੀ ਮੁਫ਼ਤ ਕਰ ਦੇਣ ਤਾਂ ਇਸ ਨਾਲ ਦੋਵੇਂ ਸ਼ਹਿਰਾਂ ਵਿੱਚ ਸੈਲਾਨੀਆਂ ਦੀ ਵਪਾਰਕ, ਧਾਰਮਿਕ ਅਤੇ ਸੱਭਿਆਚਾਰਕ ਸਾਂਝ ਦਾ ਅੱਠ ਦਹਾਕੇ ਪੁਰਾਣਾ ਰਿਸ਼ਤਾ ਮੁੜ ਸੁਰਜੀਤ ਹੋਵੇਗਾ।

1947 ਦੀ ਵੰਡ ਵੇਲੇ ਅੰਮ੍ਰਿਤਸਰ-ਕਸੂਰ-ਫਿਰੋਜ਼ਪੁਰ ਰੇਲ ਲੀਹ ਦਾ ਸੰਪਰਕ ਖੇਮਕਰਨ ਤੋਂ ਭਾਰਤ ਨਾਲੋਂ ਕੱਟਿਆ ਗਿਆ ਸੀ। 75 ਸਾਲਾਂ ਬਾਅਦ ਵੀ ਅੰਮ੍ਰਿਤਸਰ-ਫਿਰੋਜ਼ਪੁਰ ਰੇਲ ਲੀਹ ਦਾ ਨਵਾਂ ਸੰਪਰਕ ਨਹੀਂ ਜੁੜ ਸਕਿਆ। ਖੇਮਕਰਨ-ਫਿਰੋਜ਼ਪੁਰ ਰੇਲ ਲੀਹ ਵਿਛਾ ਕੇ ਇਹ ਸੰਪਰਕ ਬਹਾਲ ਕਰਨਾ ਚਾਹੀਦਾ ਹੈ। ਇਸ ਨਾਲ ਸਮੁੱਚੇ ਪੰਜਾਬ ਨੂੰ ਫਾਇਦਾ ਹੋਵੇਗਾ। ਇਸ ਲੀਹ ਦੇ ਬਣਨ ਨਾਲ ਅੰਮ੍ਰਿਤਸਰ ਆਉਣ-ਜਾਣ ਵਾਲੇ ਯਾਤਰੂਆਂ ਤੇ ਸਾਮਾਨ ਦਾ ਸਿੱਧਾ ਸੰਪਰਕ ਰਾਜਸਥਾਨ, ਗੁਜਰਾਤ ਤੇ ਮਹਾਂਰਾਸ਼ਟਰ ਨਾਲ ਜੁੜ ਜਾਵੇਗਾ।

ਇਸ ਸਮੇਂ ਪੰਜਾਬ ਵਿੱਚ ਜਲੰਧਰ, ਫਿਰੋਜ਼ਪੁਰ, ਪਟਿਆਲਾ, ਰੂਪਨਗਰ, ਫਰੀਦਕੋਟ ਤੇ ਬਠਿੰਡਾ ਡਵੀਜ਼ਨਾਂ ਹਨ। ਪਰ ਪੰਜਾਬ ਦਾ ਆਬਾਦੀ ਪੱਖੋਂ ਦੂਜੇ ਤੇ ਸੈਰ ਸਪਾਟੇ ਦੇ ਸਭ ਤੋਂ ਵੱਡੇ ਕੇਂਦਰ ਅੰਮ੍ਰਿਤਸਰ ਵਿਖੇ ਡਵੀਜ਼ਨ ਹੈਡਕੁਆਰਟਰ ਨਹੀਂ ਹੈ। ਪੰਜਾਬ ਸਰਕਾਰ ਨੂੰ ਅੰਮ੍ਰਿਤਸਰ ਵਿਖੇ ਤੁਰੰਤ ਡਵੀਜ਼ਨ ਹੈੱਡਕੁਆਰਟਰ ਸਥਾਪਿਤ ਕਰਨਾ ਚਾਹੀਦਾ ਹੈ ਤੇ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਤੇ ਪਠਾਨਕੋਟ ਜ਼ਿਲ੍ਹਿਆਂ ਨੂੰ ਅੰਮ੍ਰਿਤਸਰ ਡਵੀਜ਼ਨ ਨਾਲ ਜੋੜਨਾ ਚਾਹੀਦਾ ਹੈ।

ਸਾਲ 2015 ਵਿੱਚ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਕਿਸਾਨੀ ਦੀ ਖ਼ੁਸ਼ਹਾਲੀ ਲਈ ਅੰਮ੍ਰਿਤਸਰ ਵਿਖੇ ਪੋਸਟ ਗਰੈਜੂਏਟ ਇੰਸਟੀਚਿਊਟ ਆਫ ਹੌਰਟੀਕਲਚਰ ਰੀਸਰਚ ਐਂਡ ਐਜੂਕੇਸ਼ਨ ਸਥਾਪਿਤ ਕਰਨ ਦੀ ਪ੍ਰਵਾਨਗੀ ਹੋਈ ਸੀ। ਇਸ ਸੰਸਥਾ ਵਿੱਚ ਬਾਗਬਾਨੀ ਤੇ ਹੋਰ ਵਿਸ਼ਿਆਂ ਵਿੱਚ ਐਮ.ਐਸ.ਸੀ. ਤੇ ਪੀ.ਐਚ.ਡੀ. ਦੇ ਕੋਰਸ ਹੋਣੇ ਸਨ। ਇਸ 'ਤੇ ਸਾਰਾ ਖਰਚ ਕੇਂਦਰ ਸਰਕਾਰ ਵੱਲੋਂ ਕੀਤਾ ਜਾਣਾ ਹੈ। ਪੰਜਾਬ ਹਕੂਮਤ ਨੇ ਸਿਰਫ 30 ਕਿੱਲੇ ਜ਼ਮੀਨ ਹੀ ਦੇਣੀ ਹੈ। ਅਫ਼ਸੋਸ ਹੈ ਕਿ ਪੰਜਾਬ ਵਿੱਚ ਤਿੰਨ ਸਰਕਾਰਾਂ ਆ ਚੁਕੀਆਂ ਹਨ, ਪਰ ਕੋਈ ਵੀ ਸਰਕਾਰ ਜ਼ਮੀਨ ਮੁਹੱਈਆ ਨਹੀਂ ਕਰਵਾ ਸਕੀ। ਕਿਤੇ ਇਹ ਮਹੱਤਵਪੂਰਨ ਪ੍ਰਾਜੈਕਟ ਅੰਮ੍ਰਿਤਸਰ ਤੇ ਪੰਜਾਬ ਦੇ ਹੱਥੋਂ ਖਿਸਕ ਹੀ ਨਾ ਜਾਵੇ।

ਆਧੁਨਿਕਤਾ ਦੇ ਦੌਰ ਵਿੱਚ ਸੂਚਨਾ ਅਤੇ ਆਵਾਜਾਈ ਦੇ ਸਾਧਨਾਂ ਵਿੱਚ ਤੇਜ਼ ਰਫ਼ਤਾਰ ਨਾਲ ਹੋ ਰਹੇ ਵਿਸ਼ਵ ਵਿਆਪੀ ਵਿਕਾਸ ਨੂੰ ਵੀ ਧਿਆਨ ਵਿੱਚ ਰੱਖਦਿਆਂ, ਇਸ ਬਹੁ-ਪੱਖੀ ਮਸ਼ਹੂਰ ਸ਼ਹਿਰ ਦੇ ਸਾਧਨਾਂ ਦੀ ਤਰੱਕੀ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਪੈਕੇਜ ਜਾਰੀ ਕਰਨੇ ਚਾਹੀਦੇ ਹਨ। ਜਿਵੇਂ ਪੁਰਾਣੇ ਸ਼ਹਿਰ ਦੇ ਬਾਹਰਵਾਰ ਚੌਤਰਫੀ ਮੈਟਰੋ ਰੇਲ, ਜੋ ਕਿ ਸ਼ਹਿਰ ਨੂੰ ਚੌਹਾਂ ਪਾਸਿਆਂ ਤੋਂ ਆਉਂਦੇ ਰਸਤਿਆਂ ਅਤੇ ਸ਼ਹਿਰ ਦੇ ਵਿਕਾਸਸ਼ੀਲ ਇਲਾਕਿਆਂ ਵਿੱਚ ਸੰਪਰਕ ਬਣਾਵੇ, ਜਿਸ ਨਾਲ ਸਾਰੇ ਸ਼ਹਿਰ ਦੀ ਆਵਾਜਾਈ ਸੁਚਾਰੂ ਹੋਵੇਗੀ। ਸ਼ਹਿਰ ਵਿੱਚ ਸਪੈਸ਼ਲ ਆਈ.ਟੀ. ਜ਼ੋਨ ਅਤੇ ਵਿਸ਼ੇਸ਼ ਇੰਡਸਟਰੀਜ਼ ਹੱਬ ਬਣਾਉਣੀਆਂ ਚਾਹੀਦੀਆਂ ਹਨ।

ਅੰਗਰੇਜ਼ਾਂ ਦੇ ਰਾਜ ਸਮੇਂ ਉੱਘੇ ਸਿੱਖ ਵਿਦਵਾਨਾਂ ਨੇ ਸਿੱਖਾਂ ਤੇ ਪੰਜਾਬੀ ਨੌਜਵਾਨਾਂ ਨੂੰ ਉਨ੍ਹਾਂ ਦੇ ਧਰਮ ਤੇ ਮੂਲ ਨਾਲ ਜੋੜਨ ਲਈ ਅੰਮ੍ਰਿਤਸਰ ਵਿਖੇ ਸਿੱਖਿਆ ਦਾ ਉੱਚ ਅਦਾਰਾ ਸਥਾਪਿਤ ਕਰਨ ਬਾਰੇ ਸੋਚਿਆ ਸੀ। ਸਿੱਖ ਰਾਜਿਆਂ ਤੇ ਰਈਸ ਸਿੱਖਾਂ ਦੀ ਮਾਲੀ ਮਦਦ ਨਾਲ ਸਾਲ 1892 ਵਿੱਚ ਖ਼ਾਲਸਾ ਕਾਲਜ ਦੀ ਨੀਂਹ ਰੱਖੀ ਗਈ ਸੀ। ਪਿੰਡ ਕੋਟ ਖ਼ਾਲਸਾ ਦੇ ਲੋਕਾਂ ਨੇ ਸੈਂਕੜੇ ਕਿੱਲੇ ਜ਼ਮੀਨ ਦਾਨ ਕੀਤੀ ਸੀ। ਖ਼ਾਲਸਾ ਕਾਲਜ 1895 ਵਿੱਚ ਸ਼ੁਰੂ ਹੋਇਆ। ਇਸ ਦੀ ਸ਼ਾਨਦਾਰ ਇਮਾਰਤ ਦਾ ਡਿਜ਼ਾਈਨ ਬਟਾਲਾ ਨੇੜਲੇ ਪਿੰਡ ਰਸੂਲਪੁਰ ਦੇ ਜੰਮਪਲ ਭਾਈ ਰਾਮ ਸਿੰਘ ਨੇ ਬਣਾਇਆ ਸੀ। ਪਿਛਲੇ ਸਮੇਂ ਖ਼ਾਲਸਾ ਕਾਲਜ ਦੀ ਗਵਰਨਿੰਗ ਕੌਂਸਲ ਨੇ ਅੰਮ੍ਰਿਤਸਰ ਵਿਖੇ ਖ਼ਾਲਸਾ ਯੂਨੀਵਰਸਿਟੀ ਬਣਾਉਣ ਬਾਰੇ ਸੋਚਿਆ ਪਰ ਕੁਝ ਲੋਕਾਂ ਨੇ ਮੌਜੂਦਾ ਕੰਪਲੈਕਸ ਅੰਦਰ ਖ਼ਾਲਸਾ ਯੂਨੀਵਰਸਿਟੀ ਸਥਾਪਿਤ ਹੋਣ ਨਾਲ ਖ਼ਾਲਸਾ ਕਾਲਜ ਦੀ ਹੋਂਦ ਖਤਮ ਹੋਣ ਦਾ ਸ਼ੰਕਾ ਪ੍ਰਗਟਾਇਆ। ਜਿਸ ਕਰਕੇ ਯੂਨਵਰਸਿਟੀ ਦਾ ਪ੍ਰਾਜੈਕਟ ਪ੍ਰਵਾਨ ਨਾ ਚੜ੍ਹ ਸਕਿਆ। ਇਹ ਪ੍ਰਾਜੈਕਟ ਅਦਾਲਤੀ ਝਮੇਲਿਆਂ ਵਿੱਚ ਪੈ ਗਿਆ। ਖ਼ਾਲਸਾ ਕਾਲਜ ਦੀ ਗਵਰਨਿੰਗ ਕੌਂਸਲ ਨੂੰ ਚਾਹੀਦਾ ਹੈ ਕਿ ਇਹ ਯੂਨੀਵਰਸਿਟੀ ਮੌਜੂਦਾ ਖ਼ਾਲਸਾ ਕਾਲਜ ਕੈਂਪਸ ਦੀ ਬਜਾਏ ਕਿਸੇ ਹੋਰ ਜਗ੍ਹਾ ਸਥਾਪਿਤ ਕਰ ਲਈ ਜਾਵੇ। ਇਸ ਲਈ ਪੰਜਾਬ ਸਰਕਾਰ ਜਾਂ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਜ਼ਮੀਨ ਦੇਣੀ ਚਾਹੀਦੀ ਹੈ। ਜਦ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ, ਹਿੰਦੂ ਯੂਨੀਵਰਸਿਟੀ ਬਨਾਰਸ ਬਣੀਆਂ ਹੋਈਆਂ ਹਨ ਤਾਂ ਸਿੱਖਾਂ ਦੀ ਖ਼ਾਲਸਾ ਯੂਨੀਵਰਸਿਟੀ ਵੀ ਜ਼ਰੂਰ ਬਣਨੀ ਚਾਹੀਦੀ ਹੈ।

ਪੰਜਾਬ ਦੀ ਅਫਸਰਸ਼ਾਹੀ, ਰਾਜਨੇਤਾਵਾਂ, ਵਿਦਵਾਨਾਂ, ਸਨਅਤਕਾਰਾਂ, ਸਰਕਾਰ ਤੇ ਆਵਾਮ ਨੂੰ ਇਕੱਠੇ ਹੋ ਕੇ ਅੰਮ੍ਰਿਤਸਰ ਸ਼ਹਿਰ ਦਾ ਵਿਕਾਸ ਕਰਨਾ ਚਾਹੀਦਾ ਹੈ ਤਾਂ ਜੋ ਇਹ ਸ਼ਹਿਰ ਗੁਰੂ ਕਾਲ ਤੇ ਮਹਾਰਾਜਾ ਰਣਜੀਤ ਸਿੰਘ ਦੇ ਧਰਮ ਨਿਰਪੱਖ ਰਾਜ ਕਾਲ ਦੇ ਸਮੇਂ ਦੀ ਤਰ੍ਹਾਂ ਤਰੱਕੀ ਕਰ ਸਕੇ। ਇਸ ਨਾਲ ਸਮੁੱਚੇ ਪੰਜਾਬ ਦੀ ਤਰੱਕੀ ਹੋਵੇਗੀ। ਦੁਨੀਆਂ ਭਰ ਵਿੱਚ ਬੈਠੇ ਪੰਜਾਬੀ ਅੰਮ੍ਰਿਤਸਰ ਤੇ ਪੰਜਾਬ ਦੀ ਤਰੱਕੀ 'ਤੇ ਮਾਣ ਕਰ ਸਕਣਗੇ।

## ਹਮ ਰਾਖਤ ਪਾਤਸ਼ਾਹੀ ਦਾਵਾ

# ਖ਼ਾਲਸਾ ਜੀ ਦਾ ਰਾਜਨੀਤਕ ਸਿਧਾਂਤ ਬਨਾਮ ਨੇਸ਼ਨ ਸਟੇਟ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਗੁਰਮਤਿ ਵਿੱਚ ਬਦਲੇ ਦੀ ਥਾਂ ਨਿਆਂ ਤੇ ਹਲੇਮੀ ਰਾਜ ਲਈ ਸੰਘਰਸ਼ ਹੈ। ਸਿੱਖ ਇਤਿਹਾਸ ਵਿੱਚ ਸਿੱਖਾਂ ਨੇ ਨਾ ਪਹਿਲਾਂ ਹਮਲੇ ਕੀਤੇ। ਨਾ ਬਦਲੇ ਲਈ ਜੰਗਾਂ ਲੜੀਆਂ ਗਈਆਂ। ਪਰ ਸਿੱਖਾਂ ਤੇ ਗੁਰੂ ਸਾਹਿਬਾਨ ਨੇ ਯੁੱਧ ਇਨਸਾਫ਼ ਲਈ ਲੜੇ ,ਆਤਮ ਰੱਖਿਆ ਲਈ ਲੜੇ। ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸ਼ਹਾਦਤਾਂ ਇਸ ਗਲ ਦੀਆਂ ਗਵਾਹ ਹਨ। ਬਾਬਾ ਬੰਦਾ ਸਿੰਘ ਬਹਾਦਰ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਜੰਗ ਨਹੀਂ ਲੜੀ ਪਰ ਹਮਲੇ ਦਾ ਜੁਆਬ ਹਮਲੇ ਵਿੱਚ ਦਿੱਤਾ। ਇਹ ਇਨਸਾਫ਼,ਖ਼ਾਲਸਾ ਜੀ ਦੀ ਖੁਦਮੁਖਤਿਆਰੀ ਲਈ ਜੰਗ ਸੀ। ਲੋਕਾਂ ਦੀ ਮੁਕਤੀ ਲਈ ਸੀ। ਬਦਲਾ ਬਹੁਤ ਛੋਟਾ ਸੰਕਲਪ ਹੈ, ਕਿਉਂਕਿ ਇਹ ਗੁਰੂ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦਾ। ਮੁਗਲ ਜ਼ਾਲਮਾਨਾ ਸਟੇਟ ਵਿਰੁੱਧ ਰੱਬੀ ਸਟੇਟ ਹਲੇਮੀ ਰਾਜ ਤੇ ਬੇਗਮਪੁਰਾ ਆਧਾਰ ਉੱਪਰ ਖ਼ਾਲਸਾ ਰਾਜ ਸਟੇਟ ਦੀ ਉਸਾਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਸੀ। ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਦੇ ਨਾਮ ਸਿੱਕਾ ਚਲਾਇਆ ਕਿ ਸਿੱਖ ਬਾਦਸ਼ਾਹ ਨਹੀਂ ਗੁਰੂ ਪਾਤਸ਼ਾਹ ਹੈ। ਸਿੱਖ ਤਾਂ ਮਨੁੱਖਤਾ ਦਾ ਸੇਵਕ ਤੇ ਪਹਿਰੇਦਾਰ ਹੈ। ਸਿੱਖ ਧਰਮ ਤੇ ਖ਼ਾਲਸਾ ਰਾਜ ਵਿੱਚ ਕਿਸੇ ਇੱਕ ਜਾਤੀ ਦੀ ਸਰਵਉਚਤਾ ਸਵੀਕਾਰ ਨਹੀਂ। ਸਭ ਮਨੁੱਖ ਬਰਾਬਰ ਹਨ।

ਖ਼ਾਲਸਾ ਪੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਚ ਜਾਤਾਂ ਦੀ ਹੰਕਾਰੀ ਸੱਤਾ, ਜੋ ਵਰਨ ਆਸ਼ਰਮ ਵਿੱਚ ਉਸਰੀ ਹੈ, ਨੂੰ ਚੈਲਿੰਜ ਕਰਦਿਆਂ ਆਦੇਸ਼ ਦਿੱਤਾ ਕਿ ਗਰੀਬ ਸਿਖਨ ਨੂੰ ਪਾਤਸ਼ਾਹੀ ਦੇਵਾਂਗਾ। ਕਾਬਲ ਤੋਂ ਕੰਧਾਰ ਤੱਕ ਇਨ੍ਹਾਂ ਦਾ ਰਾਜ ਹੋਵੇਗਾ। ਉੱਚ ਜਾਤਾਂ ਦੇ ਹੰਕਾਰੀ ਪਹਾੜੀ ਰਾਜੇ ਇਨ੍ਹਾਂ ਦੀ ਪਰਜਾ ਹੋਣਗੇ। ਗੁਰੂ ਜੀ ਨੇ ਖ਼ਾਲਸਾ ਪੰਥ ਨੂੰ ਪਾਤਸ਼ਾਹੀ ਦਾਅਵਾ ਬਖਸ਼ਿਸ਼ ਕੀਤਾ ਹੈ। ਖ਼ਾਲਸਾ ਜੀ ਦੀ ਸਿਰਜਣਾ ਇੱਕ ਅਜਿਹੀ ਮਨੁੱਖਤਾ ਪੱਖੀ ਲਹਿਰ ਹੈ ਜਿਸ ਵਿੱਚ ਸ਼ਾਮਲ ਹੋਣ ਤੋਂ ਬਾਅਦ ਤੁਹਾਡੀ ਨਸਲ, ਜਾਤ, ਕਰਮ ਦਾ ਨਾਸ਼ ਹੋ ਜਾਂਦਾ ਹੈ। ਕਿਸੇ ਵੀ ਧਰਮ ਤੇ ਜਾਤ, ਬੋਲੀ, ਸੱਭਿਆਚਾਰ ਦਾ ਮਨੁੱਖ ਇਸ ਮਹਾਨ ਪੰਥ ਵਿੱਚ ਸ਼ਾਮਲ ਹੋ ਸਕਦਾ ਹੈ। ਦੁਨਿਆਵੀ ਬਾਦਸ਼ਾਹੀਆਂ ਖ਼ਾਲਸਾ ਪੰਥ ਲਈ ਤੁਛ ਹਨ। ਜੋ ਰਾਜੇ ਮਨੁੱਖਤਾ ਨੂੰ ਗੁਲਾਮ ਬਣਾਉਣਾ ਚਾਹੁੰਦੇ ਹਨ ਉਹ ਰੱਬੀ ਸੱਚ ਦੇ ਵਿਰੋਧੀ ਹਨ। ਗੁਰਮਤਿ ਅਨੁਸਾਰ ਰੱਬ ਹੀ ਸੱਚਾ ਪਾਤਸ਼ਾਹ ਹੈ। ਜੋ ਰਾਜਾ ਨਿਆਂ ਪੱਖੀ ਤੇ ਰੱਬੀ ਸੱਚ ਪ੍ਰਵਾਨ ਕਰਦਾ ਹੈ ਉਹੀ ਗੁਰੂ ਨੂੰ ਪ੍ਰਵਾਨ ਹੈ।

ਇਤਿਹਾਸ ਗਵਾਹ ਹੈ ਕਿ ਜਦੋਂ ਜਦੋਂ ਵੀ ਖ਼ਾਲਸਾ ਜੀ ਨੇ ਸੱਚੇ ਪਾਤਸ਼ਾਹ ਵੱਲੋਂ ਬਖਸ਼ੇ ਉਸ ਪਾਤਸ਼ਾਹੀ ਦਾਅਵੇ ਨੂੰ ਬਾਬਾ ਬੰਦਾ ਸਿੰਘ , ਮਿਸਲਦਾਰ ਜਰਨੈਲਾਂ ਤੇ ਸ਼ੇਰੇ ਪੰਜਾਬ ਰਣਜੀਤ ਸਿੰਘ ਦੀ ਅਗਵਾਈ ਵਿੱਚ ਉਜਾਗਰ ਕੀਤਾ ਹੈ ਤਾਂ ਦੁਨੀਆਂ ਭਰ ਦੇ ਲੋਕਾਂ ਤੇ ਸਰਕਾਰਾਂ ਨੇ ਖ਼ਾਲਸਾ ਜੀ ਦਾ ਸਵਾਗਤ ਕੀਤਾ ਹੈ। ਇਸੇ ਲਈ ਖ਼ਾਲਸਾ ਜੀ ਨੇ ਕਦੇ ਇੱਛਾ ਨਹੀਂ ਰਹੀ ਰਹੇ ਕਿ ਉਹ ਰਾਜ ਲਾਲਸਾ ਅਧੀਨ ਪਰਜਾ ਉਪਰ ਜ਼ੁਲਮ ਕਰੇ, ਨਸਲਵਾਦ ਫੈਲਾਵੇ ਤੇ ਗੁਰੂ ਸਾਹਿਬਾਨ ਦੀ ਸਾਂਝੀਵਾਲਤਾ ਦੇ ਉਲਟ ਜਾਵੇ। ਇਹੀ ਸੱਚੀ ਪਾਤਸ਼ਾਹੀ ਦਾ ਦਾਰਸ਼ਨਿਕ ਸੰਕਲਪ ਤੇ ਇਤਿਹਾਸ ਹੈ।

ਨੇਸ਼ਨ ਸਟੇਟ, ਡੀਪ ਸਟੇਟ ਇਸ ਦੇ ਉਲਟ ਸੰਕਲਪ ਹੈ। ਫਾਸ਼ੀਵਾਦ ਨਾਜ਼ੀਵਾਦ ਨੇਸ਼ਨ ਸਟੇਟ ਮਨੁੱਖਤਾ ਵਿਰੋਧੀ ਰਾਹ ਹੈ। ਹਿਟਲਰ ਦਾ ਯਹੂਦੀ ਕਤਲੇਆਮ ਦਾ ਇਤਿਹਾਸ ਸਾਹਮਣੇ ਹੈ। ਨੇਸ਼ਨ ਸਟੇਟ ਸੱਤਾ 'ਤੇ ਕੇਂਦਰਿਤ ਹੁੰਦੀ ਹੈ। ਲੋਕ ਵਿਰੋਧੀ ਹੁੰਦੀ ਹੈ। ਡਾਕਟਰ ਅੰਬੇਦਕਰ ਆਖਦੇ ਹਨ ਜਦੋਂ ਸੱਤਾ ਬਿਮਾਰ ਹੋਵੇ ਤਾਂ ਕਾਨੂੰਨ ਤੇ ਸੰਵਿਧਾਨ ਦੀ ਦਵਾ ਜ਼ਰੂਰੀ ਹੈ। ਨੇਸ਼ਨ ਸਟੇਟ ਆਪਣੀ ਰਾਜ ਦਾਅਵੇਦਾਰੀ ਬਹੁਗਿਣਤੀ ਦੀਆਂ ਭਾਵਨਾਵਾਂ ਭੜਕਾ ਕੇ ਮਜਬੂਤ ਕਰਦੀ ਹੈ। ਨੇਸ਼ਨ ਸਟੇਟ ਸੱਜੇ ਪੱਖ ਦੀ ਨਹੀਂ ,ਖ਼ਬੇ ਪੱਖ ਦੀ ਵੀ ਹੋ ਸਕਦੀ ਹੈ। ਅਸੀਂ ਸਟਾਲਨ ਦਾ ਅਖੌਤੀ ਪ੍ਰਗਤੀਵਾਦੀ ਖ਼ੂਨੀ ਇਤਿਹਾਸ ਵੀ ਜਾਣਦੇ ਹਾਂ,ਜਿਸਨੂੰ ਲਾਲ ਇਨਕਲਾਬ ਕਿਹਾ ਜਾਂਦਾ ਹੈ।

ਇਸੇ ਲਈ ਪਲੈਟੋ (427-347 ਈਸਵੀ ਪੂਰਵ) ਰਾਜ ਨੂੰ ਸਮਾਜ ਦੇ ਨੈਤਿਕ ਵਿਕਾਸ ਲਈ ਜ਼ਰੂਰੀ ਸੰਸਥਾ ਮੰਨਦਾ ਹੋਇਆ ਇੱਕ ਅਜਿਹੇ ਸਮਾਜ ਦਾ ਸੰਕਲਪ ਪੇਸ਼ ਕਰਦਾ ਹੈ, ਜਿਸ ਦੀ ਅਗਵਾਈ ਇੱਕ ਅਜਿਹੇ ਸੂਝਵਾਨ ਤੇ ਦਾਰਸ਼ਨਿਕ ਰਾਜੇ ਦੇ ਹੱਥ ਹੋਵੇ, ਜਿਹੜਾ ਆਪਣੀ ਸੂਝ ਨਾਲ ਮਨੁੱਖ ਦੀਆਂ ਪ੍ਰਸਪਰ ਵਿਰੋਧੀ ਰੁਚੀਆਂ ਤੇ ਸ਼ਕਤੀਆਂ ਨੂੰ ਸੰਜਮ ਵਿੱਚ ਲਿਆ ਕੇ ਇਕਸੁਰਤਾ ਵਿੱਚ ਬੰਨ੍ਹ ਸਕਦਾ ਹੋਵੇ। ਉਸ ਦੇ ਅਨੁਸਾਰ ਮਨੁੱਖ ਦਾ ਪੂਰਨ ਵਿਅਕਤੀਗਤ ਵਿਕਾਸ ਰਾਜ ਵਿੱਚ ਰਹਿ ਕੇ ਹੀ ਹੋ ਸਕਦਾ ਹੈ। ਚੰਗਾ ਰਾਜ ਪ੍ਰਬੰਧ ਉਹ ਕਰ ਸਕਦੇ ਹਨ, ਜਿਹੜੇ ਰਾਜ ਦੇ ਭਲੇ ਵਿੱਚ ਆਪਣਾ ਭਲਾ ਤੇ ਰਾਜ ਦੇ ਬੁਰੇ ਵਿੱਚ ਆਪਣਾ ਬੁਰਾ ਸਮਝਦੇ ਹੋਣ।

ਪ੍ਰਸਿੱਧ ਯੂਨਾਨੀ ਦਾਰਸ਼ਨਿਕ ਅਰਸਤੂ (384-322 ਈਸਵੀ ਪੂਰਵ) ਨੇ ਵੀ ਰਾਜ ਨੂੰ ਪ੍ਰਕਿਰਤਿਕ ਸੰਸਥਾ ਮੰਨਿਆ ਹੈ। ਉਸ ਦੇ ਪ੍ਰਸਿੱਧ ਗ੍ਰੰਥ 'ਰਾਜ ਸ਼ਾਸਨ' ਅਨੁਸਾਰ, ਮਨੁੱਖ ਸੁਭਾਵਿਕ ਤੌਰ 'ਤੇ 'ਰਾਜ' ਨਾਲ ਜੁੜਿਆ ਹੋਇਆ ਰਾਜਨੀਤਕ ਪ੍ਰਾਣੀ ਹੈ। ਰਾਜ ਤੋਂ ਬਾਹਰ ਰਹਿਣ ਵਾਲਾ ਮਨੁੱਖ ਜਾਂ ਤਾਂ ਮਾੜਾ ਮਨੁੱਖ ਹੈ ਜਾਂ ਫਿਰ ਮਨੁੱਖ ਤੋਂ ਉੱਚਾ।

ਭਾਰਤੀ ਪਰੰਪਰਾ ਵਿੱਚ ਰਾਜ ਦਾ ਸੰਕਲਪ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਇੱਥੇ ਧਰਮ ਆਧਾਰਿਤ ਰਾਜ ਪ੍ਰਣਾਲੀ ਨੂੰ ਪਰਮ ਉਪਯੋਗੀ ਅਤੇ ਨੈਤਿਕ ਸੰਸਥਾ ਮੰਨਿਆ ਗਿਆ ਹੈ। ਰਿਗਵੇਦ, ਮੰਨੂੰ ਸ੍ਰਿਮਤੀ, ਪੁਰਾਣ, ਰਾਮਾਇਣ, ਮਹਾਂਭਾਰਤ ਆਦਿ ਪ੍ਰਾਚੀਨ ਭਾਰਤੀ ਗ੍ਰੰਥ ਆਦਰਸ਼ਕ ਰਾਜ ਪ੍ਰਣਾਲੀ ਦਾ ਫ਼ਲਸਫ਼ਾ ਪੇਸ਼ ਕਰਦੇ ਹਨ ਪਰ ਇਨ੍ਹਾਂ ਦਾ ਆਧਾਰ ਜਾਤੀਵਾਦੀ ਹੈ। ਜਾਤੀਵਾਦ ਮਨੁੱਖ ਨਾਲ ਅਨਿਆਂ ਕਰਦਾ ਹੈ।

ਗੁਰਮਤਿ ਵਿੱਚ 'ਰਾਜ' ਬਾਰੇ ਬ੍ਰਹਿਮੰਡੀ ਸਿਧਾਂਤ ਅਤੇ ਅਗਵਾਈ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਿੱਥੇ ਆਪਣੇ ਸਮਕਾਲੀ ਰਾਜਨੀਤਕ ਹਾਲਾਤਾਂ ਦਾ ਵਿਸ਼ਲੇਸ਼ਣ ਕੀਤਾ, ਉੱਥੇ ਉਨ੍ਹਾਂ ਨੇ ਹਾਕਮਾਂ ਨੂੰ ਉਨ੍ਹਾਂ ਦੇ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਕੀਤਾ। ਗੁਰੂ ਜੀ ਨੇ ਸਮਕਾਲੀ ਰਾਜਨੀਤਕ ਹਾਲਾਤਾਂ ਨੂੰ ਇਉਂ ਬਿਆਨ ਕੀਤਾ

:ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
(ਮਾਝ ਕੀ ਵਾਰ, ਅੰਗ : 145)

ਗੁਰੂ ਜੀ ਨੇ ਨਾ-ਸਿਰਫ਼ ਰਾਜਿਆਂ ਨੂੰ ਉਨ੍ਹਾਂ ਦੀ ਪਰਜਾ ਪ੍ਰਤੀ ਕੁਨੀਤੀ ਨੂੰ ਰਦ ਕੀਤਾ , ਸਗੋਂ ਉਨ੍ਹਾਂ ਦੇ ਫ਼ਰਜ਼ਾਂ ਦਾ ਵੀ ਅਹਿਸਾਸ ਕਰਵਾਇਆ। ਗੁਰੂ ਸਾਹਿਬ ਨੇ 'ਰਾਜ-ਧਰਮ' ਦਾ ਮੁੱਢਲਾ ਫ਼ਰਜ਼ 'ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨ' ਦੱਸਿਆ। ਜ਼ੋਰ-ਜ਼ੁਲਮ ਨੂੰ ਹੀ ਰਾਜ ਕਰਨ ਦੀ ਸਮਰੱਥਾ ਸਮਝਣ ਵਾਲੇ ਹਾਕਮਾਂ ਨੂੰ ਗੁਰੂ ਸਾਹਿਬ ਨੇ ਅਸਲੀ ਹਾਕਮ ਦੀ ਯੋਗਤਾ ਇਉਂ ਦੱਸੀ :

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥
(ਮਾਰੂ ਵਾਰ, ਅੰਗ : 1088)

ਸੱਚਾਈ ਦੇ ਰਾਹ 'ਤੇ ਚੱਲਣ ਵਾਲੇ ਹੀ ਰਾਜ ਤਖ਼ਤ 'ਤੇ ਬੈਠਣ ਦੇ ਅਸਲ ਹੱਕਦਾਰ ਹਨ ਅਤੇ ਧਰਤੀ (ਰਾਜ-ਭਾਗ) ਦੇ ਮਾਲਕ ਬਣੇ ਭੂਮੀਪਤੀਆਂ ਦਾ ਭੁਲੇਖਾ ਦੂਰ ਕਰਨ ਲਈ ਗੁਰੂ ਸਾਹਿਬ ਨੇ ਆਖਿਆ ਕਿ ਉਹ ਰਾਜੇ ਨਹੀਂ ਹਨ ,ਕਿਉਂਕਿ ਉਹ ਖ਼ੁਦ ਧਰਤੀ (ਰਾਜ-ਭਾਗ) ਦੇ ਮਾਲਕ ਬਣਨ ਦੀ ਹੋੜ ਵਿੱਚ ਲੋਕਾਂ 'ਤੇ ਜ਼ੋਰ-ਜ਼ੁਲਮ ਕਰ ਰਹੇ ਹਨ ਅਤੇ ਖ਼ੁਦ ਹੀ ਤ੍ਰਿਸ਼ਨਾਵਾਂ ਦਾ ਦੁੱਖ ਭੋਗ ਰਹੇ ਹਨ। ਰਾਜਨੀਤੀ ਦੀ ਇੱਕ ਮਰਯਾਦਾ ਨੀਯਤ ਹੈ, ਜੋ ਕਦੇ ਵੀ ਭੰਗ ਨਹੀਂ ਹੋਣੀ ਚਾਹੀਦੀ। ਰਾਜਨੀਤੀ ਦਾ ਅਰਥ ਹੈ, ਰਾਜੇ ਦਾ ਪਰਜਾ ਨਾਲ ਕਿਹੋ ਜਿਹਾ ਵਿਹਾਰ ਹੈ, ਕੀ ਉਹ ਪਰਜਾ ਨਾਲ ਨਿਆਂ ਕਰਦਾ ਹੈ ਤੇ ਉਨ੍ਹਾਂ ਦੀ ਸੇਵਾ ਵਿੱਚ ਰਾਜ ਧਰਮ ਸਮਝਦਾ ਹੈ। ਅਜਿਹੇ ਰਾਜ ਬਾਰੇ ਭਾਈ ਗੁਰਦਾਸ ਜੀ ਵੀ ਜ਼ਿਕਰ ਕਰਦੇ ਹਨ :

ਜੈਸੇ ਰਾਜਨੀਤਿ ਰੀਤਿ ਚਕ੍ਰਵੈ ਚੈਤੰਨ ਰੂਪ
ਤਾ ਤੇ ਨਿਹਚਿੰਤ ਨਿਰਭੈ ਬਸਤ ਲੋਗ ਜੀ।
(ਕਬਿਤ: ੩੫੪)
***
ਜੈਸੇ ਰਾਜਾ ਧਰਮ ਸਰੂਪ ਰਾਜਨੀਤਿ ਬਿਖੈ
ਤਾ ਕੇ ਦੇਸ ਪਰਜਾ ਬਸਤ ਸੁਖ ਪਾਇ ਕੈ।
(ਕਬਿਤ : ੪੧੮)

'ਪ੍ਰੇਮ ਸੁਮਾਰਗ' ਗ੍ਰੰਥ ਵਿੱਚ ਪਰਜਾ ਦੇ ਚੰਗੇ ਸ਼ਾਸਕ ਦੇ ਫ਼ਰਜ਼ ਇਸ ਤਰ੍ਹਾਂ ਵਰਣਨ ਕੀਤੇ ਗਏ ਹਨ, 'ਰਾਜੇ ਕੋ ਚਾਹੀਐ ਜੋ ਨਿਆਉਂ ਸਮਝ ਕਰ ਭੈ ਸਾਥ ਕਰੈ। ਕੋਈ ਇਸ ਕੈ ਰਾਜ ਮੈ ਦੁਖਿਤ ਨ ਹੋਇ। ਰਾਜੇ ਕੋ ਚਾਹੀਐ ਜੋ ਆਪਨੇ ਉੱਪਰ ਭੀ ਨਿਆਉ ਕਰੇ। ਰਾਜੇ ਕੋ ਚਾਹੀਐ ਜੋ ਬਿਨਾਂ ਕਿਰਤ ਰੋਜ਼ਗਾਰ ਕੋਈ ਪ੍ਰਾਣੀ ਨਾ ਰਹੈ, ਖਬਰ ਪਰਜਾ ਕੀ ਲੇਤਾ ਰਹੈ। ਰਾਜਾ ਇਸ ਬਾਤ ਕੋ ਸਿਰਜਿਆ ਹੈ, ਜੋ ਬੰਦੋਬਸਤ ਪਰਜਾ ਦੀ ਭਲੀ-ਭਾਂਤ ਕਰੈ।'

ਗੁਰਮਤਿ ਵਿਚਲੇ ਰਾਜ ਸੰਕਲਪ ਦੀ ਵਿਲੱਖਣਤਾ ਇਹ ਹੈ ਕਿ ਇਹ ਰਾਜ ਸੱਤਾ ਨੂੰ ਕਿਸੇ ਇੱਕ ਮਨੁੱਖ, ਕਿਸੇ ਇੱਕ ਵਰਗ ਜਾਂ ਕਿਸੇ ਇੱਕ ਬਿਰਾਦਰੀ ਦੀ ਮਲਕੀਅਤ ਨਹੀਂ ਮੰਨਦਾ। ਰਾਜ ਸੱਤਾ ਦਾ ਅਸਲੀ ਮਾਲਕ ਅਕਾਲ ਪੁਰਖ ਨੂੰ ਮੰਨਿਆ ਗਿਆ ਹੈ। ਇਸੇ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਸਿੱਕਾ ਆਪਣਾ ਨਹੀਂ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂਅ ਦਾ ਚਲਾਇਆ।

ਮਹੱਤਵਪੂਰਨ ਗੱਲ ਇਹ ਹੈ ਕਿ ਸੱਚੀ ਪਾਤਸ਼ਾਹੀ ਜਾਂ ਪਾਤਸ਼ਾਹੀ ਦੀ ਦਾਅਵੇਦਾਰੀ ਦਾ ਆਧਾਰ ਵਾਹਿਗੁਰੂ ਪਾਤਸ਼ਾਹ ਹੈ। ਉਹ ਕਿਸੇ ਨਾਲ ਬੇਇਨਸਾਫ਼ੀ ਨਹੀਂ ਕਰਦਾ। ਸੱਤਾ ਕਰਨ ਵਾਲਾ ਉਸ ਦਾ ਨੌਕਰ ਤੇ ਲੋਕ ਹਿਤੂ ,ਨਿਆਂ ਪੱਖੀ ਹੈ। ਜੇ ਉਹ ਵਾਹਿਗੁਰੂ ਤੋਂ ਬਾਗੀ ਹੈ ਉਹ ਜ਼ਾਲਮ ਤੇ ਲੋਕ ਵਿਰੋਧੀ ਹੈ। ਉਸ ਦਾ ਰਾਜ ਡਾਵਾਂਡੋਲ ਡੋਲ ਹੈ। ਤਖਤ ਵਾਹਿਗੁਰੂ ਜੀ ਦਾ ਹੈ। ਸੱਚੀ ਪਾਤਸ਼ਾਹੀ ਦੇ ਚਾਰ ਆਦਰਸ਼ ਹਨ:ਮਨੁੱਖੀ ਹਸਤੀ , ਅਜ਼ਾਦੀ, ਨਿਆਂ ਅਤੇ ਬਰਾਬਰੀ। ਜੇ ਸੱਤਾ ਵਿਚੋਂ ਰੱਬੀ ਸੱਚ ਕੱਢ ਦਿੱਤਾ ਜਾਵੇ ਤੇ ਸੱਤਾ ਨੂੰ ਝੂਠ ਤੇ ਅਨਿਆਂ ਨਾਲ ਤੋੜ ਦਿੱਤਾ ਜਾਵੇ, ਤਾਂ ਤੁਸੀਂ ਅਜ਼ਾਦ ਨਹੀਂ ਰਹੋਗੇ। ਕੋਈ ਵੀ ਉੱਤਰੀ ਕੋਰੀਆ, ਚੀਨ ਦੇ ਨਾਗਰਿਕਾਂ ਨੂੰ ਅਜ਼ਾਦ ਨਹੀਂ ਸਮਝਦਾ, ਕਿਉਂਕਿ ਉਨ੍ਹਾਂ ਦੇ ਅਮਲ ਝੂਠ ਨਾਲ ਕੰਟਰੋਲ ਕੀਤੇ ਜਾਂਦੇ ਹਨ। ਅੱਜ ਸਾਰਾ ਯੂਰਪ ਨਸਲਵਾਦੀ ਸਟੇਟ ਬਣਦਾ ਜਾ ਰਿਹਾ ਹੈ। ਅਮਰੀਕਾ, ਕੈਨੇਡਾ ਵੀ ਉਧਰ ਝੁਕ ਰਹੇ ਹਨ।

ਅਜ਼ਾਦੀ ਨਾਲ ਅਮਲ ਕਰਨ ਲਈ ਸੱਚ ਦੀ ਜ਼ਰੂਰਤ ਹੁੰਦੀ ਹੈ। ਅਜ਼ਾਦੀ ਲਈ ਗਿਆਨ ਦੀ ਲੋੜ ਹੁੰਦੀ ਹੈ ਅਤੇ ਇਸ ਦੁਨੀਆ ਵਿੱਚ ਅਜ਼ਾਦ ਢੰਗ ਨਾਲ ਅਮਲ ਕਰਨ ਲਈ ਤੁਹਾਨੂੰ ਇਹ ਜਾਣਨ ਦੀ ਲੋੜ ਹੈ ਕਿ ਇਹ ਦੁਨੀਆ ਕਿਸ ਤਰ੍ਹਾਂ ਦੀ ਹੈ ਅਤੇ ਤੁਸੀਂ ਇਸ ਵਿੱਚ ਕੀ ਕਰ ਰਹੇ ਹੋ। ਤੁਸੀਂ ਇਹ ਤਾਂ ਹੀ ਜਾਣ ਸਕੋਗੇ ਕਿ ਜੇ ਤੁਹਾਡੀ ਸੱਚ ਤੱਕ ਪਹੁੰਚ ਹੋਵੇ। ਵਾਹਿਗੁਰੂ ਦੇ ਹੁਕਮ ਬਾਰੇ ਅਹਿਸਾਸ ਤੇ ਜ਼ਿੰਮੇਵਾਰੀ ਹੋਵੇ।

ਅੰਗਰੇਜ਼ਾਂ ਨੂੰ ਵੀ ਹੈਰਾਨੀ ਸੀ ਕਿ ਸਿੱਖਾਂ ਪਾਸ ਨਾ ਤਾਂ ਕੋਈ ਪਿਤਾ ਪੁਰਖੀ ਮੁਲਕ ਸੀ, ਨਾ ਕੋਈ ਰਾਜ ਸੀ, ਨਾ ਕੋਈ ਕਿਲ੍ਹਾ ਸੀ, ਨਾ ਕੋਈ ਫੌਜ ਸੀ ਤੇ ਨਾ ਹੀ ਕੋਈ ਤੋਪਖਾਨਾ, ਫਿਰ ਵੀ ਉਹਨਾਂ ਨੇ ਰਾਜ ਸ਼ਕਤੀ ਕਿਵੇਂ ਸਥਾਪਿਤ ਕਰ ਲਈ ? ਭਾਈ ਰਤਨ ਸਿੰਘ ਭੰਗੂ ਇਸ ਸਭ ਦੀ ਪ੍ਰਾਪਤੀ ਦੈਵੀ ਬਖਸ਼ਿਸ਼ ਨੂੰ ਮੰਨਦੇ ਹੋਏ ਲਿਖਦੇ ਹਨ:

ਸਿੰਘਨ ਪਾਯੋ ਰਾਜ ਕਿਮ, ਔ ਦੀਨੋ ਕਿਨ ਪਤਿਸ਼ਾਹੁ ॥ ਤਿਸੈ ਬਾਤ ਮੈਂ ਐਸੇ ਕਹੀ। ਸਿੰਘਨ ਪਤਿਸ਼ਾਹੀ ਸਾਹਿਬ ਸੱਚੈ ਦਈ।

ਇਸ ਲਈ ਅਜ਼ਾਦੀ ਲਈ ਸੱਚ ਦੀ ਲੋੜ ਹੁੰਦੀ ਹੈ ਅਤੇ ਅਜ਼ਾਦੀ ਦਾ ਖਾਤਮਾ ਕਰਨ ਲਈ ਸੱਚ ਨੂੰ ਮਿਟਾਉਣਾ ਜ਼ਰੂਰੀ ਹੈ।

ਜਰਮਨੀ ਮੂਲ ਦੀ ਫਿਲਾਸਫਰ ਹਾਨਾ ਅਰੈਨਡਿਟ ਦੀ ਇੱਕ ਪ੍ਰਸਿੱਧ ਵਿਚਾਰ ਆਪਣੀ ਕਿਤਾਬ ਟੋਟੈਲਟੇਰੀਅਨਿਜ਼ਮ ਵਿੱਚ ਕਹਿੰਦੀ ਹੈ, ਕਿ ਫਾਸ਼ੀਵਾਦੀ ਸਿਰਫ਼ ਝੂਠ ਬੋਲਣ ਤੱਕ ਹੀ ਸੀਮਤ ਨਹੀਂ ਰਹਿੰਦੇ, ਉਨ੍ਹਾਂ ਲਈ ਆਪਣੇ ਝੂਠ ਨੂੰ ਇੱਕ ਨਵੀਂ ਸਚਾਈ ਵਿੱਚ ਤਬਦੀਲ ਕਰਨਾ ਜ਼ਰੂਰੀ ਹੁੰਦਾ ਹੈ ਅਤੇ ਉਨ੍ਹਾਂ ਲਈ ਲੋਕਾਂ ਨੂੰ ਇਸ ਗੱਲ ਲਈ ਕਾਇਲ ਕਰਨਾ ਜ਼ਰੂਰੀ ਹੁੰਦਾ ਹੈ ਕਿ ਲੋਕ ਫਾਸ਼ੀਵਾਦੀਆਂ ਵਲੋਂ ਪੈਦਾ ਕੀਤੇ ਝੂਠ 'ਤੇ ਵਿਸ਼ਵਾਸ ਕਰਨ। ਇਸ ਤਰ੍ਹਾਂ ਨੇਸ਼ਨ ਸਟੇਟ ਸੱਤਾ ਦੀ ਕਾਇਮੀ ਲਈ, ਲੋਕਾਂ ਨੂੰ ਸੱਚ ਤੋਂ ਨਿਖੇੜਦੀ ਹੈ। ਤੁਸੀਂ ਜਦੋਂ ਉਨ੍ਹਾਂ ਨੂੰ ਸੱਚਾਈ ਦੇ ਇੱਕ ਕਾਲਪਨਿਕ ਰੂਪ ਨੂੰ ਮੰਨਣ ਲਈ ਮਨ ਜਾਂਦੇ ਹੋ, ਤਾਂ ਉਸ ਦੀ ਸੱਤਾ ਮਜਬੂਤ ਹੁੰਦੀ ਹੈ। ਇਸ ਦੇ ਨਾਲ ਰਾਸ਼ਟਵਾਦ ਦੀ ਧਾਰਨਾ ਘੜੀ ਜਾਂਦੀ ਹੈ। ਹਿਟਲਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ।

ਹਿਟਲਰ ਦਾ ਨਿਯੁਕਤ ਪ੍ਰਾਪੇਗੰਢਾ ਮੁਖੀ ਜੋਸਿਫ ਗੋਇਬਲਜ਼ ਦਾ ਕਹਿਣਾ ਹੈ ਕਿ ਉਹ ਜੋ ਕਰ ਰਿਹਾ ਹੈ ਉਹ ਸਿਆਸਤ ਨਾਲੋਂ ਵੱਧ ਇੱਕ ਕਲਾ ਹੈ। ਇਸ ਤੋਂ ਉਸ ਦਾ ਇਹ ਮਤਲਬ ਸੀ ਕਿ ਉਸ ਦਾ ਕੰਮ ਜਰਮਨ ਲੋਕਾਂ ਲਈ ਇੱਕ ਬਦਲਵੀਂ ਮਿੱਥਕ ਸੱਚਾਈ ਪੈਦਾ ਕਰਨਾ ਸੀ, ਜਿਹੜੀ ਸੱਚਾਈ ਰੱਬੀ ਸੱਚ ਤੇ ਲੋਕਤੰਤਰ ਦੇ ਮੁਕਾਬਲੇ ਉਲਟ, ਕੂੜ ਆਧਾਰਿਤ ਸੀ। ਜਿਸ ਦਾ ਮਕਸਦ ਅਨਿਆਂ ਸੀ। ਅਡੋਲਫ ਹਿਟਲਰ ਗੋਰਿਆਂ ਦੀ ਨਸਲਵਾਦੀ ਜਥੇਬੰਦੀ ਕੂ ਕਲੈਕਸ ਕਲੈਨ ਜੋ ਅਠਾਰਵੀਂ ਸਦੀ ਵਿੱਚ ਪੈਦਾ ਹੋਈ, ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸੀ। ਇਹ ਜਥੇਬੰਦੀ ਅਮਰੀਕਾ ਵਿੱਚ 1946 ਤੋਂ ਲਗਾਤਾਰ ਕੰਮ ਕਰ ਰਹੀ ਹੈ। ਉਸ ਨੇ ਪ੍ਰਤੱਖ ਰੂਪ ਵਿੱਚ 1924 ਦੇ ਇੰਮੀਗ੍ਰੇਸ਼ਨ ਐਕਟ ਦੀ ਇੱਕ ਫਾਇਦੇਮੰਦ ਮਾਡਲ ਵਜੋਂ ਤਾਰੀਫ ਕੀਤੀ ਸੀ, ਜਿਹੜਾ ਕਾਨੂੰਨ ਅਮਰੀਕਾ ਵਿੱਚ ਆਉਣ ਵਾਲੇ ਇੰਮੀਗਰੈਂਟਾਂ 'ਤੇ ਸਖਤ ਪਾਬੰਦੀ ਲਗਾਉਂਦਾ ਸੀ।

ਅਮਰੀਕਾ ਵਿੱਚ 1920ਵਿਆਂ ਅਤੇ 1930ਵਿਆਂ ਦਾ ਸਮਾਂ ਬਹੁਤ ਅਣਮਨੁੱਖੀ ਸਮਾਂ ਸੀ। ਗੋਰੀ ਨਸਲ ਦਾ ਵਰਤਾਰਾ ਅਮਰੀਕਾ ਦੇ ਕਾਲੇ ਲੋਕਾਂ ਅਤੇ ਦੂਜਿਆਂ ਸਮੂਹਾਂ ਵਿਰੁਧ ਸੀ। ਗੋਰੀ ਨਸਲ ਇਹਨਾਂ ਤੋਂ ਅੰਦਰੂਨੀ ਖਤਰਾ ਸਮਝਦੀ ਸੀ । ਨਾਅਰਾ ਦਿੱਤਾ ਸੀ ਕਿ ਗੋਰੀ ਨਸਲ ਵਾਲੇ ਸੁਪਰੀਮ ਹਨ ਬਾਕੀਆਂ ਦਾ ਸਰਬਨਾਸ਼ ਕਰ ਦੇਣਾ ਚਾਹੀਦਾ ਹੈ। ਇੰਝ ਇਹ ਨਸਲੀ ਵਾਇਰਸ ਯੂਰਪ ਤੱਕ ਪਹੁੰਚ ਗਿਆ।

ਇਸ ਹੀ ਤਰ੍ਹਾਂ ਸਾਡਾ ਨੇਟਿਵ ਲੋਕਾਂ ਵਿਰੁੱਧ ਨਸਲਕੁਸ਼ੀ, ਕਾਲਿਆਂ ਵਿਰੁੱਧ ਨਸਲਵਾਦ ਅਤੇ ਇੰਮੀਗਰੈਂਟਾਂ ਵਿਰੁੱਧ ਨਫਰਤ ਦਾ ਇੱਕ ਲੰਮਾ ਇਤਿਹਾਸ ਹੈ, ਭਾਵੇਂ ਇਹ ਸਾਰੀਆਂ ਗੱਲਾਂ ਅਮਰੀਕਾ ਨੂੰ ਇੱਕ ਫਾਸ਼ੀਵਾਦੀ ਮੁਲਕ ਨਹੀਂ ਬਣਾਉਂਦੀਆਂ, ਪਰ ਇਹ ਸਾਰੀਆਂ ਚੀਜ਼ਾਂ ਸਹਿਜੇ ਹੀ ਫਾਸ਼ੀਵਾਦੀ ਸਿਆਸਤ ਦਾ ਵਸੀਲਾ ਬਣ ਜਾਂਦੀਆਂ ਹਨ।

ਸੰਤ, ਭਗਤ ਰਵਿਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਅਜ਼ਾਦੀ ਅਤੇ ਬਰਾਬਰਤਾ ਦੇ ਸਾਡੇ ਉੱਚੇ ਆਦਰਸ਼ ਹਨ । ਜੇ ਰਾਜਾ ਨਿਆਂਕਾਰੀ ਨਹੀਂ, ਹਲੇਮੀ ਵਾਲਾ ਨਹੀਂ ਪਰਜਾ ਕਦੇ ਸੁਖੀ ਨਹੀਂ ਹੋ ਸਕਦੀ। ਇਸ ਵਿਰੁੱਧ ਸੰਘਰਸ਼ ਲਾਜਮੀ ਹੈ ਜੋ ਸਤਿਗੁਰੂ ਬਾਬੇ ਨਾਨਕ ਦਾ ਹੁਕਮ ਹੈ। ਇਸ ਦੇ ਲਈ ਸੰਤ ਗੁਰੂ ਰਵਿਦਾਸ ਜੀ ਨੇ ਬੇਗਮਪੁਰਾ ਤੇ ਗੁਰੂ ਅਰਜਨ ਦੇਵ ਜੀ ਨੇ ਹਲੇਮੀ ਰਾਜ ਦਾ ਸੰਕਲਪ ਦਿੱਤਾ ਹੈ।

ਅਸੀਂ ਸਮਝਦੇ ਹਾਂ ਕਿ ਅਸੀਂ ਬਿਪਰਨ ਭਵਜਲ ਤੇ ਜਾਤੀਵਾਦ ਵਿਵਸਥਾ ਵਿੱਚ ਫਸੇ ਹਾਂ। ਪਰ ਜਦੋਂ ਅਸੀਂ ਗੁਰੂ ਹੁਕਮ ਵਿੱਚ ਤਬਦੀਲ ਹੁੰਦੇ ਹਨ ਤਾਂ ਕੂੜ ਦੀਆਂ ਕੰਧਾਂ ਟੁਟਦੀਆਂ ਹਨ। ਕਿੰਨੇ ਮਨੁੱਖੀ ਸੰਕਟ ਸੰਸਾਰ ਉਪਰ ਭੂਚਾਲ ਤੂਫਾਨ , ਭੁੱਖਮਰੀ, ਕਰੋਨਾ ਸੰਕਟ ਆਏ ਅਸੀਂ ਸੱਚੀ ਸਰਕਾਰ ਵਜੋਂ ਭੂਮਿਕਾ ਨਿਭਾਈ। ਇਹ ਸੱਚੇ ਪਾਤਸ਼ਾਹ ਵਾਹਿਗੁਰੂ ਜੀ ਦਾ ਹੁਕਮ ਸੀ। ਆਪਣੇ ਪਾਤਸ਼ਾਹੀ ਦਾ ਦਾਅਵਾ ਉਜਾਗਰ ਕੀਤਾ ਹੈ। ਇਸ ਨਾਲ ਖਾਲਸਾ ਜੀ ਦਾ ਵਜੂਦ ਵਿਸ਼ਵ ਪੱਧਰ 'ਤੇ ਉਭਰਿਆ ਹੈ। ਸਾਰੀਆਂ ਵਿਸ਼ਵ ਸਰਕਾਰਾਂ ਨੇ ਥੋਨੂੰ ਸਲਾਮ ਕੀਤਾ ਹੈ। ਇਸ ਦਾ ਕਾਰਨ ਹੈ ਕਿ ਅਸੀਂ ਗੁਰੂ ਹੁਕਮ ਵਿੱਚ ਹਾਂ। ਜਦੋਂ ਅਸੀਂ ਭਟਕਦੇ ਹਾਂ ਤਾਂ ਮਾਇਆ ਦੀ ਜਕੜ ਵਿੱਚ ਆਉਂਦੇ ਹਾਂ ਤੇ ਗੁਲਾਮੀ ਦੇ ਰਾਹੇ ਪੈਂਦੇ ਹਾਂ। ਗੁਰੂ ਦਾ ਹੁਕਮ ਸਾਡੇ ਬੰਧਨ ਤੋੜਦਾ ਹੈ। ਅਸੀਂ ਹਿੰਦੂ ਮੁਸਲਮਾਨ, ਈਸਾਈ,ਦਲਿਤ ਮਜਲੂਮ ਸਭ ਦੇ ਸਾਂਝੇ ਹਾਂ। ਖ਼ਾਲਸਾ ਪੰਥ ਦੀ ਲਹਿਰ ਸਰਬੱਤ ਦੇ ਭਲੇ ਦੀ ਲਹਿਰ ਹੈ ਜੋ ਜਗਤ ਜਲੰਦੇ ਨੂੰ ਠਾਰੇਗੀ। 18ਵੀਂ ਸਦੀ ਦੇ ਇਤਿਹਾਸ ਵਿੱਚ ਆਪਣੇ ਪੁਰਖਿਆਂ ਦੀਆਂ ਗੁਰੂ ਰਵਾਇਤਾਂ ਨੂੰ ਖਾਲਸਾ ਜੀ ਅੱਜ ਵੀ ਮਾਣਦੇ ਤੇ ਮਾਣ ਕਰਦੇ ਹਨ। ਇਹ ਅਸਲ ਵਿੱਚ ਰੱਬੀ ਸੱਚ ਦੀ ਜਮਹੂਰੀਅਤ ਦਾ ਸੰਕਲਪ ਹੈ ਜੋ ਨੇਸ਼ਨ ਸਟੇਟ ਦੇ ਉਲਟ ਹੈ।

> ਮੁ.ਗਲ ਜ਼ਾਲਮਾਨਾ ਸਟੇਟ ਵਿਰੁੱਧ ਰੱਬੀ ਸਟੇਟ ਹਲੇਮੀ ਰਾਜ ਤੇ ਬੇ.ਗਮਪੁਰਾ ਆਧਾਰ ਉੱਪਰ ਖ਼ਾਲਸਾ ਰਾਜ ਸਟੇਟ ਦੀ ਉਸਾਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਸੀ। ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਦੇ ਨਾਮ ਸਿੱਕਾ ਚਲਾਇਆ ਕਿ ਸਿੱਖ ਬਾਦਸ਼ਾਹ ਨਹੀਂ ਗੁਰੂ ਪਾਤਸ਼ਾਹ ਹੈ। ਸਿੱਖ ਤਾਂ ਮਨੁੱਖਤਾ ਦਾ ਸੇਵਕ ਤੇ ਪਹਿਰੇਦਾਰ ਹੈ। ਸਿੱਖ ਧਰਮ ਤੇ ਖ਼ਾਲਸਾ ਰਾਜ ਵਿੱਚ ਕਿਸੇ ਇੱਕ ਜਾਤੀ ਦੀ ਸਰਵਉਚਤਾ ਸਵੀਕਾਰ ਨਹੀਂ। ਸਭ ਮਨੁੱਖ ਬਰਾਬਰ ਹਨ।

# ਘੁੰਡ ਚੁੱਕ ਲੈ ਪਤਲੀਏ ਨਾਰੇ ...

**ਬਲਜਿੰਦਰ ਮਾਨ**

ਪੰਜਾਬ ਦਾ ਸੱਭਿਆਚਾਰ ਅਨੋਖਾ ਅਤੇ ਨਿਵੇਕਲਾ ਰਿਹਾ ਹੈ। ਇੱਥੋਂ ਦੀਆਂ ਸਮਾਜਿਕ ਕਦਰਾਂ ਕੀਮਤਾਂ ਸਮੇਂ-ਸਮੇਂ ’ਤੇ ਕਰਵਟਾਂ ਬਦਲਦੀਆਂ ਰਹੀਆਂ ਹਨ ਕਿਉਂਕਿ ਵਿਦੇਸ਼ੀ ਹਮਲਾਵਰਾਂ ਦਾ ਪਹਿਲਾ ਤੀਰ ਪੰਜਾਬ ਦੇ ਸੀਨੇ ਵਿੱਚ ਹੀ ਵੱਜਦਾ ਸੀ। ਜੇਕਰ ਘੁੰਡ ਦਾ ਇਤਿਹਾਸ ਦੇਖੀਏ ਤਾਂ ਕੋਈ ਬਹੁਤ ਦੂਰ ਨਹੀਂ ਜਾਣਾ ਪੈਂਦਾ।

ਮੁਗ਼ਲ ਹਮਲਾਵਰਾਂ ਨੇ ਜਦੋਂ ਭਾਰਤੀ ਨਾਰੀ ਦੀ ਬੇਪਤੀ ਸ਼ੁਰੂ ਕੀਤੀ ਤਾਂ ਘੁੰਡ ਦਾ ਰਿਵਾਜ ਪੈਣਾ ਲਾਜ਼ਮੀ ਹੋ ਗਿਆ ਕਿਉਂਕਿ ਉਹ ਰੂਪ ਕੱਜਣ ਦਾ ਸਿੱਧਾ ਸਾਦਾ ਤੇ ਸਸਤਾ ਸਾਧਨ ਸੀ। ਇਸਤਰੀ ਦੇ ਪ੍ਰਗਤੀਵਾਦੀ ਸਮਾਜ ਨੂੰ ਮੰਨੂੰ ਦੀਆਂ ਸਿਮ੍ਰਤੀਆਂ ਨੇ ਵੀ ਢਾਹ ਲਾਈ ਹੈ। ਇਸ ਤਰ੍ਹਾਂ ਇਸਤਰੀ ਨੂੰ ਗਿਰਾਵਟ ਵੱਲ ਅਤੇ ਉਸ ਨੂੰ ਮਰਦ ਦੀ ਛਤਰ ਛਾਇਆ ਹੇਠ ਪਲਣ ਦਾ ਜਾਗ ਮੰਨੂੰ ਨੇ ਹੀ ਲਾਇਆ। ਘਰ ਵਿੱਚ ਨੂੰਹ ਅਤੇ ਧੀ ਦਾ ਫ਼ਰਕ ਕਰਨ ਲਈ ਵੀ ਨੂੰਹ ਨੂੰ ਘੁੰਡ ਕੱਢ ਕੇ ਅਤੇ ਧੀ ਨੂੰ ਸਿਰ ’ਤੇ ਚੁੰਨੀ ਰੱਖਣ ਲਈ ਮਜਬੂਰ ਕੀਤਾ ਜਾਂਦਾ ਰਿਹੈ। ਪਿਛਲੇ ਸਮੇਂ ਵਿੱਚ ਭਾਵੇਂ ਇਹ ਸੁੱਘੜ ਸਿਆਣੀ ਔਰਤ ਦੇ ਗੁਣ ਰਹੇ ਹਨ ਪਰ ਅੱਜ ਦੇ ਕੰਪਿਊਟਰ ਯੁੱਗ ਵਿੱਚ ਇਹ ਕਦਰਾਂ ਕੀਮਤਾਂ ਸਾਡੇ ਜਨ ਜੀਵਨ ਵਿੱਚੋਂ ਉਡਾਰੀ ਮਾਰ ਚੁੱਕੀਆਂ ਹਨ।

ਨਾਰੀ ਆਜ਼ਾਦੀ ਦੇ ਨਾਅਰੇ ਤਾਂ ਆਪਾਂ ਰੋਜ਼ ਬਾਹਾਂ ਉੱਚੀਆਂ ਚੁੱਕ-ਚੁੱਕ ਲਾਉਂਦੇ ਹਾਂ, ਪਰ ਸਾਡਾ ਪੇਂਡੂ ਸੱਭਿਆਚਾਰ ਇਹੋ ਜਿਹੀਆਂ ਅਨੇਕਾਂ ਫੋਕੀਆਂ ਅਤੇ ਜੰਗਾਲੀਆਂ ਰਸਮਾਂ ਦਾ ਅਜੇ ਵੀ ਸ਼ਿਕਾਰ ਬਣਿਆ ਬੈਠਾ ਹੈ। ਸਾਡੀ ਲੋਕ ਧਾਰਾ ਵਿੱਚ ਇਨ੍ਹਾਂ ਨੂੰ ਬੜਾ ਸਨਮਾਨ ਦਿੱਤਾ ਜਾਂਦਾ ਰਿਹਾ ਹੈ। ਖ਼ਾਸ ਕਰਕੇ ਸਹੁਰੇ ਘਰ ਘੁੰਢ ਕੱਢਣਾ ਲਾਜ਼ਮੀ ਦੇ ਨਾਲ-ਨਾਲ ਸਿਆਣਪ ਦਾ ਵੀ ਚਿੰਨ੍ਹ ਮੰਨਿਆ ਜਾਂਦਾ ਰਿਹਾ ਹੈ:

ਘੁੰਢ ਕੱਢ ਲੈ ਪਤਲੀਏ ਨਾਰੇ
ਸਹੁਰਿਆਂ ਦਾ ਪਿੰਡ ਆ ਗਿਆ।

ਸੱਜ ਵਿਆਹੀ ਮੁਟਿਆਰ ਦੇ ਰੂਪ ਨੂੰ ਨਿਖਾਰਨ ਵਿੱਚ ਜਿੱਥੇ ਹੋਰ ਗਹਿਣੇ ਆਪਣਾ ਅਹਿਮ ਹਿੱਸਾ ਪਾਉਂਦੇ ਹਨ ਉੱਥੇ ਘੁੰਡ ਵੀ ਉਸ ਦੇ ਹੁਸਨ ਅਤੇ ਚਾਲ-ਢਾਲ ਨੂੰ ਚਾਰ ਚੰਨ ਲਾਉਣ ਵਿੱਚ ਕਦੇ ਪਿੱਛੇ ਨਹੀਂ ਰਹਿੰਦਾ:

ਘੁੰਡ ਕੱਢ ਕੇ ਮੜ੍ਹਕ ਨਾਲ ਤੁਰਨਾ
ਵੱਸਣਾ ਸਹੁਰਿਆਂ ਦਾ।

ਜਦੋਂ ਪੰਜਾਬੀਆਂ ਦਾ ਮਨ ਬਹਾਰ ’ਤੇ ਹੁੰਦਾ ਹੈ ਤਾਂ ਸਾਰੇ ਹੱਦਾਂ ਬੰਨੇ ਟੱਪ ਕੇ ਧਰਤੀ ਦੀ ਹਿੱਕ ਹਿਲਾ ਦਿੰਦੇ ਹਨ। ਗਿੱਧੇ ਵਿੱਚ ਨੱਚਦੀ ਮੁਟਿਆਰ ਤੇ ਭੰਗੜਾ ਪਾਉਂਦੇ ਗੱਭਰੂ ਸਭ ਕੁਝ ਭੁੱਲ ਜਾਂਦੇ ਹਨ। ਇਸ ਵੇਲੇ ਘੁੰਡ ਵਾਲੀ ਮੁਟਿਆਰ ਨੂੰ ਇੰਞ ਆਖਿਆ ਜਾਂਦਾ ਹੈ:



ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਮੇਖ
ਸੋਹਣੀਏਂ ਘੁੰਡ ਚੁੱਕ ਕੇ ਵੱਲ
ਅਸਾਡੇ ਦੇਖ।

ਜਿੱਥੇ ਘੁੰਡ ਇੱਕ ਸ਼ਿੰਗਾਰ ਦਾ ਸਾਧਨ ਹੈ, ਉੱਥੇ ਇਹ ਬਦ ਨਜ਼ਰਾਂ ਤੋਂ ਵੀ ਬਚਾਈ ਰੱਖਦਾ ਹੈ:

ਘੁੰਡ ਕੱਢ ਲੈ ਬਾਂਕੀਏ ਨਾਰੇ
ਟੋਲੀ ਆਉਂਦੀ ਮੁੰਡਿਆਂ ਦੀ।

ਇਸਤਰੀ ਦੀ ਪ੍ਰਗਤੀ ਵਿੱਚ ਘੁੰਡ ਇੱਕ ਰੁਕਾਵਟ ਦਾ ਚਿੰਨ੍ਹ ਬਣ ਗਿਆ ਹੈ ਕਿਉਂਕਿ ਅੱਜ ਔਰਤ ਅਤੇ ਮਰਦ ਇੱਕ ਗੱਡੀ ਦੇ ਬਰਾਬਰ ਦੇ ਪਹੀਏ ਬਣ ਚੁੱਕੇ ਹਨ। ਇੱਕ ਪੰਜਾਬੀ ਲੋਕ ਬੋਲੀ ਘੁੰਡ ਨੂੰ ਇੱਕ ਰੁਕਾਵਟ ਵਜੋਂ ਇੰਞ ਪੇਸ਼ ਕਰਦੀ ਹੈ:

ਮੇਰੇ ਘੁੰਡ ਨੇ ਪਵਾੜਾ ਪਾਇਆ
ਲਹਿੰਗੇ ਵਾਲੀ ਖਾਲ਼ ਟੱਪ ਗਈ।

ਬਹੁਤ ਸਮਾਂ ਔਰਤ ਦੀ ਆਵਾਜ਼ ਨੂੰ ਇਸ ਤਰ੍ਹਾਂ ਦਬਾ ਦਿੱਤਾ ਗਿਆ ਕਿ ਉਹ ਆਪਣੇ ਦੁੱਖਾਂ ਤਕਲੀਫ਼ਾਂ ਦਾ ਇਜ਼ਹਾਰ ਵੀ ਨਾ ਕਰ ਸਕੇ। ਇਸ ਕਰਕੇ ਉਹ ਆਪਣੇ ਮਨ ਦਾ ਗੁਬਾਰ ਬੋਲੀਆਂ ਰਾਹੀਂ ਗਿੱਧੇ ਦੇ ਪਿੜ ਵਿੱਚ ਇੰਞ ਕੱਢਦੀ ਹੈ:

ਝਾਵਾਂ! ਝਾਵਾਂ! ਝਾਵਾਂ!
ਮਾਹੀ ਪ੍ਰਦੇਸ ਗਿਆ
ਕਿਹੜੇ ਦਰਦੀ ਨੂੰ ਹਾਲ ਸੁਣਾਵਾਂ।
ਸੱਸ ਮੇਰੀ ਮਾਰੇ ਬੋਲੀਆਂ
ਘੁੰਡ ਕੱਢ ਕੇ ਅੱਥਰੂ ਬਹਾਵਾਂ।

ਜਦੋਂ ਕਿਸੇ ਮੁਟਿਆਰ ਦੇ ਹੁਸਨ ਦਾ ਤੇਜ਼ ਝੱਲਿਆ ਨਹੀਂ ਜਾਂਦਾ ਤਾਂ ਕਿਹਾ ਜਾਂਦਾ ਹੈ:

ਘੁੰਡ ਕੱਢ ਲੈ ਪੱਤਣ ’ਤੇ ਖੜ੍ਹੀਏ
ਪਾਣੀਆਂ ਨੂੰ ਅੱਗ ਲੱਗ ਜੂ।

ਜਦੋਂ ਕੋਈ ਔਰਤ ਆਪਣੇ ਹੁਸਨ ਨੂੰ ਛੁਪਾਈ ਫਿਰਦੀ ਹੈ ਤਾਂ ਬਾਂਕੇ ਗੱਭਰੂ ਬੋਲੀ ਮਾਰਦੇ ਹਨ:

ਬਾਰੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਇਆ ਪੱਖੀਆਂ
ਗੋਰਾ ਰੰਗ ਤੇ ਸ਼ਰਬਤੀ ਅੱਖੀਆਂ
ਘੁੰਡ ਵਿੱਚ ਕੈਦ ਰੱਖੀਆਂ।

ਜਦੋਂ ਮੁਟਿਆਰ ਸਹੁਰੇ ਘਰ ਜਾਂਦੀ ਹੈ ਤਾਂ ਪਿੰਡ ਦੀਆਂ ਬੁੱਢੀਆਂ ਤੇ ਨੱਢੀਆਂ ਘੁੰਡ ਚੁਕਾ ਕੇ ਉਸ ਦਾ ਨਾਂ ਪੁੱਛਦੀਆਂ ਸਨ:

ਨਵੀਂ ਬਹੂ ਮੁਕਲਾਵੇ ਆਈ
ਬਹਿ ਗਈ ਪੀੜ੍ਹਾ ਡਾਹ ਕੇ
ਲਹਿੰਗਾ ਜਾਮਣੀ ਕੁੜਤੀ ਵਰੀ ਦੀ
ਬਹਿ ਗਈ ਚੌਂਕ ਚੰਦ ਪਾ ਕੇ
ਪਿੰਡ ਦੀਆਂ ਆਈਆਂ ਕੁੜੀਆਂ
ਆਈਆਂ ਹੁੰਮ ਹੁਮਾ ਕੇ
ਨਵੀਂ ਵਿਆਹੀ ਦਾ ਨਾਂ ਪੁੱਛਣ ਘੁੰਡ ਚੁਕਾ ਕੇ।

ਭਾਬੀ ਦਾ ਪਿਆਰਾ ਦਿਓਰ ਵੀ ਘੁੰਡ ਚੁਕਾਉਂਦਾ ਹੋਇਆ ਕਹਿ ਉੱਠਦਾ ਹੈ:

ਘੁੰਡ ਚੁੱਕ ਲੈ ਪਤਲੀਏ ਨਾਰੇ
ਲੈ ਲਈਂ ਜਿਹੜਾ ਮੁੱਲ ਲੱਗਦਾ।

ਭਾਵੇਂ ਕਿਸੇ ਸਮੇਂ ਇੱਜ਼ਤ ਅਤੇ ਆਬਰੂ ਦੀ ਨਿਸ਼ਾਨੀ ਔਰਤ ਦੀ ਚੁੰਨੀ ਹੀ ਰਹੀ ਹੈ ਪਰ ਅੱਜ ਕੱਲ੍ਹ ਸਾਡੀ ਸੱਭਿਅਤਾ ਨਿਰੋਲ ਰਹਿਣ ਦੀ ਬਜਾਏ ਪੱਛਮੀ ਸੱਭਿਅਤਾ ਦਾ ਮਿਲਗੋਭਾ ਜਾਂ ਖਿਚੜੀ ਬਣ ਗਈ ਹੈ। ਕਈ ਫੈਸ਼ਨਮੱਤੀਆਂ ਨੱਢੀਆਂ ਨੇ ਤਾਂ ਚੁੰਨੀ ਦਾ ਕਜੀਆ ਹੀ ਮੁਕਾ ਦਿੱਤਾ ਹੈ ਘੁੰਡ ਕੱਢਣਾ ਤਾਂ ਵੱਖਰੀ ਗੱਲ ਰਹੀ।

ਲੋਕ ਗੀਤਾਂ ਦਾ ਕਿਆਮਤ ਤੱਕ ਜ਼ਿਕਰ ਹੁੰਦਾ ਰਹੇਗਾ। ਇਹ ਆਪਣੇ ਵਿਰਸੇ ਨੂੰ ਨਾਲ ਲੈ ਕੇ ਤੁਰਦੇ ਹਨ। ਸ਼ਾਇਦ ਹੀ ਕੋਈ ਅਜਿਹਾ ਪੱਖ ਹੋਵੇਗਾ ਜਿਸ ਦਾ ਜ਼ਿਕਰ ਇਨ੍ਹਾਂ ਰਾਹੀਂ ਨਾ ਹੋਇਆ ਹੋਵੇਗਾ। ਮੁਟਿਆਰ ਨੇ ਆਪਣੀ ਦਬਾਈ ਹੋਈ ਆਵਾਜ਼ ਅਤੇ ਮਨੋਵੇਗਾਂ ਦੀ ਭੜਾਸ ਕੱਢਣ ਲਈ ਇਨ੍ਹਾਂ ਦੀ ਓਟ ਲਈ:

* ਕੋਰੀ ਕੋਰੀ ਕੂੰਡੀ ਵਿੱਚ ਮਿਰਚਾ ਮੈਂ ਰਗੜਾਂ
ਸਹੁਰੇ ਦੀ ਅੱਖ ’ਚ ਪਾ ਦੇਨੀ ਆਂ।
ਘੁੰਡ ਕੱਢਣੇ ਦੀ ਅਲਖ ਮੁਕਾ ਦੇਨੀ ਆਂ।
* ਘੁੰਡ ਦਾ ਭੋਲੀਏ ਕੰਮ ਕੀ ਗਿੱਧੇ ਵਿੱਚ
ਏਥੇ ਨੇ ਤੇਰੇ ਹਾਣੀ
ਜਾਂ ਘੁੰਡ ਕੱਢਦੀ ਬਹੁਤੀ ਸੋਹਣੀ
ਜਾਂ ਘੁੰਡ ਕੱਢਦੀ ਕਾਣੀ
ਤੂੰ ਤਾਂ ਮੈਨੂੰ ਦਿਸੇਂ ਸ਼ੌਕੀਨਣ
ਮੈਂ ਘੁੰਡ ’ਚੋਂ ਅੱਖ ਪਛਾਣੀ।
* ਹੌਲੀ ਜਿਹੇ ਘੁੰਡ ਚੁੱਕ ਕੇ
ਤੱਕ ਲੈਨੀ ਆਂ ਸੌ-ਸੌ ਵਾਰੀ।
* ਘੁੰਡ ਵਿੱਚੋਂ ਨੇ ਨਜ਼ਾਰੇ ਦੇਂਦੀਆਂ
ਅੱਖੀਆਂ ਪ੍ਰੇਮ ਰੱਤੀਆਂ।



# ਖੇਤੀ ਕਰਜ਼ਾ: ਵਰਦਾਨ ਜਾਂ ਸਰਾਪ?

ਜਗਦੇਵ ਸ਼ਰਮਾ ਬੁਗਰਾ

ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਇਸ ਦੀ 65 ਤੋਂ 70 % ਵਸੋਂ ਖੇਤੀ ਉੱਪਰ ਨਿਰਭਰ ਕਰਦੀ ਹੈ। ਕੁੱਲ ਕਾਮਿਆਂ ਦੇ 45.76% ਨੂੰ ਖੇਤੀ ਖੇਤਰ ਵਿੱਚ ਰੁਜ਼ਗਾਰ ਮਿਲਿਆ ਹੋਇਆ ਹੈ। ਛੁਪੀ ਹੋਈ ਬੇਰੁਜ਼ਗਾਰੀ ਇਸ ਤੋਂ ਇਲਾਵਾ ਹੈ। ਭਾਰਤ ਦੀ ਕੁੱਲ ਜੀਡੀਪੀ ਦਾ 15% ਖੇਤੀ ਖੇਤਰ ਤੋਂ ਆਉਂਦਾ ਹੈ। ਉੱਨਤ ਖੇਤੀ ਜ਼ਰੀਏ ਦੇਸ਼ ਦੇ ਗੁਦਾਮ ਅੰਨ ਨਾਲ ਨੱਕੋ-ਨੱਕ ਭਰੇ ਪਏ ਹਨ ਤੇ ਦੇਸ਼ ਅਨਾਜ ਦੇ ਮਾਮਲੇ ਵਿੱਚ ਆਤਮ ਨਿਰਭਰ ਹੈ। ਹਕੀਕਤ ਇਹ ਵੀ ਹੈ ਕਿ ਖੇਤੀ ਦੀ ਉੱਨਤੀ ਉਸ ਲਈ ਉਪਲਬਧ ਕਰਜ਼ੇ 'ਤੇ ਨਿਰਭਰ ਕਰਦੀ ਹੈ।

ਇੱਕ ਰਿਪੋਰਟ ਅਨੁਸਾਰ ਜਨਵਰੀ 2024 ਤੱਕ ਸਾਰੇ ਦੇਸ਼ ਦਾ ਕਿਸਾਨੀ ਕਰਜ਼ਾ 20.39 ਲੱਖ ਕਰੋੜ ਸੀ। ਬੈਂਕਾਂ ਦੇ ਦੋ ਪ੍ਰਮੁੱਖ ਕੰਮ ਹੁੰਦੇ ਹਨ, ਲੋਕਾਂ ਕੋਲੋਂ ਬੈਂਕਾਂ ਵਿੱਚ ਪੈਸਾ ਜਮ੍ਹਾ ਰਖਵਾਉਣਾ ਤੇ ਅੱਗਿਓਂ, ਇਸ ਤਰ੍ਹਾਂ ਬੈਂਕਾਂ ਵਿੱਚ ਜਮ੍ਹਾ ਹੋਇਆ ਪੈਸਾ ਲੋੜਵੰਦਾਂ ਨੂੰ ਕਰਜ਼ੇ ਦੇ ਰੂਪ ਵਿੱਚ ਦੇਣਾ। ਇਸ ਪ੍ਰਕਿਰਿਆ ਵਿੱਚ ਤਿੰਨੋਂ ਯਾਨੀ ਜਮ੍ਹਾ ਕਰਤਾ, ਕਰਜ਼ਦਾਰ ਅਤੇ ਬੈਂਕ ਆਪੋ-ਆਪਣੇ ਤਰੀਕੇ ਨਾਲ ਕਮਾਈ ਕਰਦੇ ਹਨ। ਜਮ੍ਹਾ ਕਰਤਾ ਨੂੰ ਵਿਆਜ ਦੇ ਰੂਪ ਵਿੱਚ, ਕਰਜ਼ਦਾਰ ਆਪਣਾ ਕਾਰੋਬਾਰ ਵਧਾ ਕੇ ਤੇ ਬੈਂਕ ਵਿਆਜ ਵਿਚਲੇ ਖੱਪੇ ਜ਼ਰੀਏ ਕਮਾਈ ਕਰਦੇ ਹਨ। ਜਦੋਂ ਤੋਂ ਬੈਂਕਾਂ ਦਾ ਕੌਮੀਕਰਨ ਹੋਇਆ ਹੈ ਉਦੋਂ ਤੋਂ ਕਿਸਾਨੀ, ਦਰਮਿਆਨਾ ਤਬਕਾ, ਗ਼ਰੀਬ ਲੋਕਾਂ, ਛੋਟੀਆਂ ਸਨਅਤਾਂ ਅਤੇ ਛੋਟੇ ਵਪਾਰੀਆਂ ਨੂੰ ਬੈਂਕਾਂ ਤੋਂ ਕਰਜ਼ਾ ਸੌਖਾ ਤੇ ਆਸਾਨ ਕਿਸ਼ਤਾਂ 'ਤੇ ਮਿਲਣ ਲੱਗ ਪਿਆ ਹੈ। ਗੱਲ ਕਰਦੇ ਹਾਂ ਬੈਂਕਾਂ ਤੋਂ ਮਿਲਣ ਵਾਲੇ ਕਿਸਾਨੀ ਕਰਜ਼ੇ ਦੀ। ਦੇਸ਼ ਵਿੱਚ ਹਰੀ ਕ੍ਰਾਂਤੀ ਤੋਂ ਪਹਿਲਾਂ ਕਿਸਾਨਾਂ ਨੂੰ ਖੇਤੀਬਾੜੀ ਲਈ ਕਰਜ਼ੇ ਦੀ ਜ਼ਿਆਦਾ ਲੋੜ ਨਹੀਂ ਪੈਂਦੀ ਸੀ। ਘਰੇਲੂ ਜ਼ਰੂਰਤਾਂ ਲਈ ਲੋੜੀਂਦਾ ਥੋੜ੍ਹਾ-ਬਹੁਤਾ ਕਰਜ਼ਾ ਸ਼ਾਹੂਕਾਰਾਂ ਕੋਲੋਂ ਹੀ ਮਿਲ ਜਾਂਦਾ ਸੀ। ਹਰੀ ਕ੍ਰਾਂਤੀ ਵੇਲੇ ਖੇਤੀਬਾੜੀ ਲਈ ਆਧੁਨਿਕ ਮਸ਼ੀਨਰੀ, ਪਾਣੀ ਦੇ ਸਾਧਨ, ਹਾਈਬ੍ਰਿਡ ਬੀਜਾਂ, ਖਾਦਾਂ ਅਤੇ ਦਵਾਈਆਂ ਦੀ ਖ਼ਰੀਦ ਲਈ ਕਿਸਾਨਾਂ ਨੂੰ ਕਰਜ਼ੇ ਦੀ ਲੋੜ ਮਹਿਸੂਸ ਹੋਈ। ਬੈਂਕਾਂ ਦਾ ਕੌਮੀਕਰਨ ਕਰ ਕੇ ਸਰਕਾਰ ਨੇ ਕਿਸਾਨਾਂ ਦੀ ਇਸ ਸਮੱਸਿਆ ਦਾ ਹੱਲ ਕੀਤਾ। ਹੁਣ ਬੈਂਕ ਕਿਸਾਨਾਂ ਨੂੰ ਵੱਖ-ਵੱਖ ਖੇਤੀ ਲੋੜਾਂ ਦੀ ਪੂਰਤੀ ਲਈ ਕਰਜ਼ੇ ਦਿੰਦੇ ਹਨ। ਉਹ ਖੇਤੀਬਾੜੀ ਮਸ਼ੀਨਰੀ (ਸਮੇਤ ਸੈਕਿੰਡ ਹੈਂਡ) ਦੀ ਖ਼ਰੀਦ, ਖੇਤੀਬਾੜੀ ਦੇ ਸੰਦਾਂ ਦੀ ਮੁਰੰਮਤ, ਤੇਲ-ਖਾਦ, ਬੀਜਾਂ ਤੇ ਦਵਾਈਆਂ ਦੀ ਖ਼ਰੀਦ, ਜਿਨਸ ਦੀ ਢੋਆ-ਢੁਆਈ ਵਾਸਤੇ ਵਹੀਕਲ ਖਰੀਦਣ ਲਈ ਕਰਜ਼ੇ ਦਿੰਦੇ ਹਨ। ਇਹੀ ਨਹੀਂ ਖੇਤੀਬਾੜੀ ਦੇ ਸਹਾਇਕ ਧੰਦਿਆਂ ਜਿਵੇਂ ਡੇਅਰੀ ਫਾਰਮ, ਪੋਲਟਰੀ, ਸੂਰ ਪਾਲਣ ਦੇ ਧੰਦੇ, ਭੇਡਾਂ-ਬੱਕਰੀਆਂ ਪਾਲਣ, ਮੱਛੀ ਫਾਰਮ ਲਈ ਵੀ ਕਰਜ਼ੇ ਮਿਲਦੇ ਹਨ।



ਸਬਜ਼ੀਆਂ ਤੇ ਬਾਗ਼ਬਾਨੀ, ਫਾਰੈਸਟਰੀ, ਖਾਦ-ਦਵਾਈਆਂ ਆਦਿ ਦੀਆਂ ਦੁਕਾਨਾਂ ਲਈ, ਰਹਿਨ ਕੀਤੀ ਜ਼ਮੀਨ ਛੁਡਵਾਉਣ, ਟਿਊਬਵੈੱਲ, ਖੇਤੀਬਾੜੀ ਵਾਲੀ ਜ਼ਮੀਨ ਖ਼ਰੀਦਣ ਲਈ ਵੀ ਬੈਂਕਾਂ ਵੱਲੋਂ ਕਰਜ਼ੇ ਮੁਹੱਈਆ ਕਰਵਾਏ ਜਾਂਦੇ ਹਨ। ਖੇਤੀਬਾੜੀ ਮਸ਼ੀਨਰੀ ਬਣਾਉਣ ਵਾਲੇ ਕਾਰਖਾਨਿਆਂ, ਐਗਰੋ ਬੇਸਡ ਇੰਡਸਟਰੀ ਨੂੰ ਉਤਸ਼ਾਹਤ ਕਰਨ, ਅੰਨ ਭੰਡਾਰਨ, ਖੇਤੀਬਾੜੀ ਦੀ ਪੜ੍ਹਾਈ ਕਰੇ ਨੌਜਵਾਨਾਂ ਨੂੰ ਖੇਤੀਬਾੜੀ ਕਲੀਨਿਕ ਸਥਾਪਤ ਕਰਨ, ਬਾਜ਼ਾਰ 'ਚੋਂ ਕਿਸੇ ਵੀ ਅਧਿਕਾਰਤ ਸਰੋਤ ਤੋਂ ਲਏ ਕਰਜ਼ੇ ਦੀ ਵਾਪਸੀ ਲਈ, ਇੱਥੋਂ ਤੱਕ ਕਿ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਆੜ੍ਹਤੀਆਂ ਨੂੰ ਵੀ ਕਰਜ਼ਾ ਦੇਣ ਦੀ ਵਿਵਸਥਾ ਹੈ। ਉਪਰੋਕਤ ਸਾਰੇ ਕਰਜ਼ਿਆਂ ਨੂੰ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ-ਨਕਦ ਉਧਾਰ (ਹੱਦ ਕਰਜ਼ਾ) ਅਤੇ ਮਿਆਦੀ ਕਰਜ਼ੇ। ਖਾਦ, ਤੇਲ, ਦਵਾਈਆਂ, ਬੀਜ, ਖੇਤ ਦੀ ਵਹਾਈ, ਬਿਜਾਈ, ਸਾਂਭ-ਸੰਭਾਲ, ਕਟਾਈ, ਢੋਆ-ਢੁਆਈ ਯਾਨੀ ਫ਼ਸਲ ਬੀਜਣ ਤੋਂ ਲੈ ਕੇ ਉਸ ਦੇ ਮੰਡੀਕਰਨ ਤੱਕ ਦੇ ਰੋਜ਼ਾਨਾ ਦੇ ਖ਼ਰਚੇ ਨਕਦ ਉਧਾਰ ਦੇ ਰੂਪ ਵਿੱਚ ਉਪਲਬਧ ਕਰਵਾਏ ਜਾਂਦੇ ਹਨ। ਅਜਿਹੇ ਫ਼ਸਲੀ ਕਰਜ਼ਿਆਂ ਨੂੰ ਬੈਂਕਿੰਗ ਭਾਸ਼ਾ ਵਿੱਚ ਕਿਸਾਨ ਕ੍ਰੈਡਿਟ ਕਾਰਡ ਯਾਨੀ ਕੇਸੀਸੀ ਕਿਹਾ ਜਾਂਦਾ ਹੈ। ਇਹ ਕਰਜ਼ੇ ਫ਼ਸਲ ਦੀ ਵੇਚ ਵੱਟਤ ਤੋਂ ਬਾਅਦ ਇੱਕ ਵਾਰੀ ਸਮੇਤ ਵਿਆਜ ਜਮ੍ਹਾ ਕਰਵਾਉਣੇ ਲਾਜ਼ਮੀ ਹੁੰਦੇ ਹਨ। ਕਿਸਾਨਾਂ ਵਿੱਚ ਇਹ ਇੱਕ ਆਮ ਧਾਰਨਾ ਹੈ ਕਿ ਹਰ ਛਿਮਾਹੀ ਕੇਸੀਸੀ ਜਮ੍ਹਾ ਕਰਵਾ ਕੇ ਕਰਜ਼ਾ ਲੈ ਲੈਣਾ ਹੁੰਦਾ ਹੈ ਜਦਕਿ ਅਜਿਹਾ ਨਹੀਂ ਹੈ। ਇਸ ਦੀ ਖ਼ੂਬਸੂਰਤੀ ਹੀ ਇਹ ਹੈ ਕਿ ਫ਼ਸਲੀ ਕਰਜ਼ੇ ਨੂੰ ਕਿਸਾਨ ਜਦੋਂ ਚਾਹੇ, ਜਿੰਨਾ ਚਾਹੇ ਲੈ ਸਕਦਾ ਹੈ ਤੇ ਹੱਥ ਵਿਚ ਪੈਸੇ ਆ ਜਾਣ 'ਤੇ ਰਕਮ ਜਮ੍ਹਾ ਕਰਵਾ ਸਕਦਾ ਹੈ (ਜ਼ਰੂਰੀ ਨਹੀਂ ਸਾਰੀ ਰਕਮ ਹੀ ਮੋੜੇ)। ਅੱਜ ਜਮ੍ਹਾ ਕਰਵਾਈ ਰਕਮ ਕੱਲ੍ਹ-ਕਲੋਤਰ ਨੂੰ ਲੋੜ ਅਨੁਸਾਰ ਕਢਵਾਈ ਵੀ ਜਾ ਸਕਦੀ ਹੈ। ਇਕ ਇਕਾਈ ਨੂੰ ਤਿੰਨ ਲੱਖ ਦੇ ਹੱਦ ਕਰਜ਼ੇ ਤੱਕ ਦੇ ਕੇਸੀਸੀ 'ਤੇ ਸਿਰਫ਼ ਚਾਰ ਪ੍ਰਤੀਸ਼ਤ ਵਿਆਜ ਦੇਣਾ ਪੈਂਦਾ ਹੈ।ਤਿੰਨ ਲੱਖ ਦੀ ਰਕਮ ਤੋਂ ਵੱਧ ਦੇ ਕਰਜ਼ੇ 'ਤੇ ਵੀ ਰਕਮ ਨੂੰ ਦੋ ਭਾਗਾਂ ਵਿੱਚ ਵੰਡ ਕੇ ਵਿਆਜ ਦੀ ਗਣਨਾ ਕੀਤੀ ਜਾਂਦੀ ਹੈ। ਤਿੰਨ ਲੱਖ ਤੱਕ ਚਾਰ ਪ੍ਰਤੀਸ਼ਤ ਤੇ ਤਿੰਨ ਲੱਖ ਤੋਂ ਉੱਪਰ ਦੀ ਰਕਮ ਨੂੰ ਆਮ ਵਿਆਜ ਤਹਿਤ ਕਵਰ ਕੀਤਾ ਜਾਂਦਾ ਹੈ।ਘੱਟ ਵਿਆਜ ਦਾ ਹੱਕਦਾਰ ਬਣਨ ਲਈ ਖਾਤਾ ਰੈਗੂਲਰ ਹੋਣਾ ਜ਼ਰੂਰੀ ਹੈ। ਕੇਸੀਸੀ ਨੂੰ ਵਰਤਣ ਲਈ ਕੋਈ ਬਿੱਲ-ਰਸੀਦ ਆਦਿ ਦੇਣ ਦੀ ਲੋੜ ਨਹੀਂ, ਸਾਰਾ ਲੈਣ-ਦੇਣ ਨਕਦੋ-ਨਕਦੀ। ਖੇਤੀਬਾੜੀ ਦੀ ਸਹਾਇਤਾ ਲਈ ਕੀਤੀ ਗਈ ਦੁਕਾਨਦਾਰੀ ਨੂੰ ਵੀ ਕਰਜ਼ਾ ਨਕਦ ਉਧਾਰ ਦੇ ਰੂਪ 'ਚ ਹੀ ਮਿਲਦਾ ਹੈ। ਉਸ ਦੀਆਂ ਸ਼ਰਤਾਂ ਕੇਸੀਸੀ ਤੋਂ ਬਿਲਕੁਲ ਹਟ ਕੇ ਹੁੰਦੀਆਂ ਹਨ। ਕਿਸੇ ਵੀ ਸੰਦ, ਮਸ਼ੀਨ, ਵਹੀਕਲ, ਪਸ਼ੂ ਜਾਂ ਹੋਰ ਵਸਤੂ ਦੀ ਖ਼ਰੀਦ ਲਈ ਕਰਜ਼ਾ ਮਿਆਦੀ ਕਰਜ਼ੇ ਵਜੋਂ ਉਪਲਬਧ ਹੁੰਦਾ ਹੈ। ਲੰਬੇ ਸਮੇਂ ਦੇ ਮਿਆਦੀ ਕਰਜ਼ਿਆਂ ਦੀ ਵਾਪਸੀ ਦੀ ਮਿਆਦ 10 ਸਾਲ ਤੱਕ ਵੀ ਹੋ ਸਕਦੀ ਹੈ। ਪਹਿਲੀ ਕਿਸ਼ਤ ਦੀ ਵਾਪਸੀ ਆਮ ਤੌਰ 'ਤੇ ਇੱਕ ਸਾਲ ਬਾਅਦ ਹੁੰਦੀ ਹੈ ਜਦਕਿ ਬਾਕੀ ਕਿਸ਼ਤਾਂ ਛਿਮਾਹੀ ਤੇ ਉਹ ਵੀ ਫ਼ਸਲ ਦੀ ਵੇਚ ਦੇ ਸਮੇਂ ਨਾਲ ਲਿੰਕ ਕਰ ਕੇ ਬਣਾਈਆਂ ਜਾਂਦੀਆਂ ਹਨ। ਇਹ ਯਕੀਨੀ ਬਣਾਉਣ ਲਈ ਕਿ ਕਰਜ਼ਾ ਜਿਸ ਮੰਤਵ ਲਈ ਲਿਆ ਗਿਆ ਹੈ, ਉਸੇ ਲਈ ਵਰਤਿਆ ਗਿਆ ਹੈ, ਬੈਂਕ ਖ਼ਰੀਦੀ ਗਈ ਵਸਤੂ ਦਾ ਬਿੱਲ ਤੇ ਰਸੀਦ ਦੀ ਮੰਗਦੇ ਹਨ।

ਬੈਂਕਾਂ ਦੇ ਪੈਸਿਆਂ ਨਾਲ ਖ਼ਰੀਦੀ ਗਈ ਵਸਤੂ ਦਾ ਇਸ ਦੀ ਪੂਰੀ ਕੀਮਤ ਲਈ ਬੀਮਾ ਵੀ ਕਰਵਾਇਆ ਜਾਂਦਾ ਹੈ। ਕਰਜ਼ਦਾਰ ਚਾਹੇ ਤਾਂ ਆਪਣੀ ਮਰਜ਼ੀ ਦੀ ਏਜੰਸੀ ਕੋਲੋਂ ਬੀਮਾ ਕਰਵਾ ਸਕਦਾ ਹੈ । ਕਰਜ਼ਾ ਦੇਣ ਵਾਲੀ ਸੰਸਥਾ ਕੋਈ ਵੀ ਹੋਵੇ, ਉਸ ਨੇ ਆਪਣੇ ਦੁਆਰਾ ਪ੍ਰਦਾਨ ਕੀਤੇ ਕਰਜ਼ੇ ਦੀ ਵਾਪਸੀ ਯਕੀਨੀ ਬਣਾਉਣੀ ਹੁੰਦੀ ਹੈ। ਭਾਰਤੀ ਬੈਂਕ ਵੀ ਖੇਤੀ ਸੈਕਟਰ ਨੂੰ ਕਰਜ਼ਾ ਦੇਣ ਵੇਲੇ ਭਾਵੀ ਕਰਜ਼ਦਾਰ ਕੋਲੋਂ ਸਿਕਿਉਰਿਟੀ/ਗਾਰੰਟੀ ਦੀ ਮੰਗ ਕਰਦੇ ਹਨ। ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਇੱਕ ਲੱਖ ਤੱਕ ਦੇ ਕਰਜ਼ੇ ਬਿਨਾਂ ਕਿਸੇ ਸਿਕਿਉਰਿਟੀ ਜਾਂ ਗਾਰੰਟੀ ਦੇ ਦਿੱਤੇ ਜਾਂਦੇ ਹਨ। ਜ਼ਮਾਨਤ ਵਜੋਂ ਬੈਂਕ ਖੇਤੀਬਾੜੀ ਵਾਲੀ ਜ਼ਮੀਨ ਗਹਿਣੇ ਰੱਖਣ ਨੂੰ ਹੀ ਤਰਜੀਹ ਦਿੰਦੀਆਂ ਹਨ। ਪ੍ਰੰਤੂ ਅਜਿਹਾ ਨਹੀਂ ਕਿ ਕਿਸੇ ਹੋਰ ਕਿਸਮ ਦੀ ਸੰਪਤੀ ਸਕਿਉਰਟੀ ਵਜੋਂ ਰੱਖੀ ਨਹੀਂ ਜਾ ਸਕਦੀ। ਕਿਸਾਨਾਂ ਦੀ ਜਾਣਕਾਰੀ ਲਈ ਦੱਸ ਦਿਆਂ ਕਿ ਪਲਾਟ, ਦੁਕਾਨ, ਮਕਾਨ ਆਦਿ ਨਾਲ ਸਬੰਧਤ ਦਸਤਾਵੇਜ਼ ਬੈਂਕ ਵਿਚ ਜ਼ਮਾਨਤ ਵਜੋਂ ਜਮ੍ਹਾ ਕਰਵਾਏ ਜਾ ਸਕਦੇ ਹਨ। ਇਨ੍ਹਾਂ ਦਸਤਾਵੇਜ਼ਾਂ ਤੋਂ ਇਲਾਵਾ ਬੈਂਕ ਦੀ ਐੱਫ.ਡੀ., ਡਾਕਖਾਨੇ ਦੇ ਐੱਨਐੱਸਸੀ, ਕੇਵੀਪੀ, ਬੀਮਾ ਪਾਲਿਸੀ, ਸ਼ੇਅਰ ਜਾਂ ਸੋਨਾ ਗਿਰਵੀ ਰੱਖ ਕੇ ਵੀ ਖੇਤੀਬਾੜੀ ਲਈ ਕਰਜ਼ਾ ਲੈਣ ਦੀ ਸਹੂਲਤ ਹੈ।ਇਨ੍ਹਾਂ ਤੋਂ ਇਲਾਵਾ ਦੋ ਥਰਡ ਪਾਰਟੀ ਗਾਰੰਟੀ ਦੇ ਆਧਾਰ 'ਤੇ ਵੀ ਬੈਂਕਾਂ ਦੁਆਰਾ ਲੋਨ ਦੇਣ ਦੀ ਵਿਵਸਥਾ ਹੈ। ਇਹ ਕਿਸਾਨ ਨੇ ਦੇਖਣਾ ਹੈ ਕਿ ਉਨ੍ਹਾਂ ਲਈ ਕਿਹੜਾ ਬਦਲ ਸੌਖਾ ਹੈ। ਕਰਜ਼ ਦੀ ਵਰਤੋਂ, ਦੁਰਵਰਤੋਂ ਦੀ ਗੱਲ ਕਰੀਏ ਤਾਂ ਹਰ ਕਿਸਾਨ ਨੂੰ ਸਲਾਹ ਹੈ ਕਿ ਕਿਸਾਨੀ ਕਰਜ਼ਾ ਜਿਸ ਮੰਤਵ ਲਈ ਲਿਆ ਗਿਆ ਹੈ, ਉਸੇ ਮੰਤਵ ਲਈ ਵਰਤਿਆ ਜਾਵੇ। ਕਿਸਾਨੀ ਦੇ ਨਾਂ 'ਤੇ ਲਿਆ ਕਰਜ਼ਾ ਘਰ-ਮਕਾਨ, ਕੋਠੀ, ਕਾਰ, ਬੱਚਿਆਂ ਦੇ ਵਿਆਹ ਜਾਂ ਫਿਰ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਨਹੀਂ ਵਰਤਿਆ ਜਾਣਾ ਚਾਹੀਦਾ।ਇਨ੍ਹਾਂ ਮੰਤਵਾਂ ਲਈ ਕਰਜ਼ਾ ਮੁਹੱਈਆ ਕਰਵਾਉਣ ਲਈ ਸਾਰੇ ਹੀ ਬੈਂਕਾਂ ਦੀਆਂ ਆਪੋ-ਆਪਣੀਆਂ ਸਕੀਮਾਂ ਹਨ। ਬੈਂਕਾਂ ਦੀ ਚੰਗੀ ਸਿਹਤ ਲਈ ਕਰਜ਼ੇ ਦੀ ਸਮੇਂ ਸਿਰ ਵਾਪਸੀ ਬੇਹੱਦ ਜ਼ਰੂਰੀ ਹੈ। ਬੈਂਕਾਂ 'ਚ ਜਮ੍ਹਾ ਪੂੰਜੀ ਆਮ ਜਨਤਾ ਦੀ ਹੁੰਦੀ ਹੈ। ਇਸ ਲਈ ਕਰਜ਼ੇ ਦੀ ਵਾਪਸੀ ਸਾਨੂੰ ਆਪਣਾ ਕਰਤੱਵ ਸਮਝ ਕੇ ਕਰਨੀ ਚਾਹੀਦੀ ਹੈ। ਬੈਂਕਾਂ ਦੁਆਰਾ ਕਰਜ਼ੇ ਆਸਾਨ ਕਿਸ਼ਤਾਂ ਵਿੱਚ ਮੋੜਨ ਯੋਗ ਹੁੰਦੇ ਹਨ। ਫ਼ਸਲ ਦਾ ਵੱਧ ਨੁਕਸਾਨ ਹੋਣ 'ਤੇ ਸਰਕਾਰ ਕਿਸਾਨਾਂ ਨੂੰ ਮੁਆਵਜ਼ਾ ਦਿੰਦੀ ਹੈ ਜਾਂ ਫਿਰ ਕਰਜ਼ੇ ਦਾ ਕੁੱਲ ਜਾਂ ਕੁਝ ਹਿੱਸਾ ਮਾਫ਼ ਵੀ ਕਰ ਦਿੰਦੀ ਹੈ। ਸਮੇਂ ਸਿਰ ਕਰਜ਼ਾ ਨਾ ਮੋੜਨ ਦਾ ਕਿਸੇ ਪਰਿਵਾਰ ਦਾ ਕੋਈ ਨਿੱਜੀ ਕਾਰਨ ਵੀ ਹੀ ਸਕਦਾ ਹੈ ਜਿਵੇਂ ਕਿ ਘਰ ਦੇ ਕਮਾਊ ਜੀਅ ਦੀ ਲੰਮੀ ਬਿਮਾਰੀ ਜਾਂ ਮੌਤ। ਅਜਿਹੇ ਪਰਿਵਾਰਾਂ ਨੂੰ ਆਪਣੀ ਮਜਬੂਰੀ ਲਿਖਤੀ ਰੂਪ 'ਚ ਬੈਂਕ ਨੂੰ ਦੇ ਕੇ ਕਿਸ਼ਤਾਂ ਅੱਗੇ ਕਰਵਾ ਲੈਣੀਆਂ ਚਾਹੀਦੀਆਂ ਹਨ। ਬੈਂਕ ਅਜਿਹਾ ਕਰਨ ਤੋਂ ਮਨ੍ਹਾ ਨਹੀਂ ਕਰਦੇ। ਜਾਣਬੁੱਝ ਕੇ ਬੈਂਕ ਦੇ ਡਿਫਾਲਟਰ ਬਣ ਕੇ ਖਾਤਾ ਐੱਨ.ਪੀ.ਏ. ਨਾ ਬਣਨ ਦਿਉ। ਐੱਨ.ਪੀ.ਏ. ਖਾਤਾ ਧਾਰਕ ਕਿਸਾਨ ਦਾ ਸਿਬਲ ਖ਼ਰਾਬ ਹੋ ਜਾਂਦਾ ਹੈ ਤੇ ਉਹ ਭਵਿੱਖ 'ਚ ਕਿਸੇ ਵੀ ਸੰਸਥਾ ਤੋਂ ਕਰਜ਼ਾ ਲੈਣ ਦੇ ਯੋਗ ਨਹੀਂ ਰਹਿੰਦਾ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਤਬਾਹੀ ਮਚਾ ਰਹੀ ਆਲਮੀ ਤਪਸ਼



**ਸੁਰਜੀਤ ਸਿੰਘ ਫਲੋਰਾ**

ਜਰਨਲ ਆਫ਼ ਗਲੋਬਲ ਹੈਲਥ ਵਿੱਚ ਪ੍ਰਕਾਸ਼ਿਤ ਪੇਪਰਾਂ ਦੇ ਇੱਕ ਨਵੇਂ ਸੰਗ੍ਰਹਿ ਅਨੁਸਾਰ, ਗਰਭਵਤੀ ਔਰਤਾਂ, ਨਵਜੰਮੇ ਬੱਚੇ, ਬੱਚੇ, ਕਿਸ਼ੋਰ ਅਤੇ ਬਜ਼ੁਰਗ ਲੋਕ ਜਲਵਾਯੂ ਪਰਿਵਰਤਨ ਕਾਰਨ ਗੰਭੀਰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਫਿਰ ਵੀ ਇਨ੍ਹਾਂ ਸਮੂਹਾਂ ਦੀਆਂ ਵਿਸ਼ੇਸ਼ ਲੋੜਾਂ ਨੂੰ ਵੱਡੇ ਪੱਧਰ 'ਤੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ 'ਚ ਛਪੇ ਲੇਖ ਜੀਵਨ ਵਿੱਚ ਮੁੱਖ ਪੜਾਵਾਂ 'ਤੇ ਵੱਖ-ਵੱਖ ਜਲਵਾਯੂ ਖ਼ਤਰਿਆਂ ਦਾ ਸਿਹਤ 'ਤੇ ਪਏ ਅਸਰਾਂ ਅਤੇ ਉਪਲੱਬਧ ਵਿਗਿਆਨਕ ਸਬੂਤਾਂ ਦਾ ਦਸਤਾਵੇਜ਼ੀਕਰਨ ਕਰਦੇ ਹਨ।

ਇਨ੍ਹਾਂ ਲੇਖਾਂ 'ਚ ਗਰਮੀ ਦੀਆਂ ਲਹਿਰਾਂ ਤੋਂ ਲੈ ਕੇ ਹਵਾ ਪ੍ਰਦੂਸ਼ਣ ਅਤੇ ਜੰਗਲੀ ਅੱਗ ਅਤੇ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਤੱਕ ਦਾ ਵਰਨਣ ਹੈ ਪਰ ਛੋਟੇ ਅਤੇ ਬਜ਼ੁਰਗ ਲੋਕਾਂ ਲਈ ਅਤੇ ਗਰਭ ਅਵਸਥਾ ਦੌਰਾਨ, ਗੰਭੀਰ, ਅਕਸਰ ਜਾਨਲੇਵਾ ਪ੍ਰਭਾਵਾਂ ਦੇ ਨਾਲ, ਜਲਵਾਯੂ ਸਬੰਧੀ ਸਿਹਤ ਜੋਖ਼ਮਾਂ ਨੂੰ ਮਹੱਤਵਪੂਰਨ ਤੌਰ 'ਤੇ ਘੱਟ ਸਮਝਿਆ ਗਿਆ ਹੈ। ਜਿਸ ਲਈ ਲੋਕਾਂ ਨੂੰ ਭਾਰੀ ਕੀਮਤ ਦਾ ਭੁਗਤਾਨ ਬਹੁਤ ਜ਼ਿਆਦਾ ਗਰਮੀ ਦਾ ਸਾਹਮਣਾ ਕਰ ਕੇ ਕਰਨਾ ਪੈ ਰਿਹਾ ਹੈ। ਉਦਾਹਰਨ ਵਜੋਂ ਲੈਂਦੇ ਹੋਏ, ਲੇਖ ਵਿੱਚ ਦਰਸਾਇਆ ਗਿਆ ਹੈ ਕਿ ਸਮੇਂ ਤੋਂ ਪਹਿਲਾਂ ਜਨਮ, ਬਚਪਨ 'ਚ ਹੁੰਦੀਆਂ ਮੌਤਾਂ ਦਾ ਮੁੱਖ ਕਾਰਨ ਗਰਮੀ ਦੀਆਂ ਲਹਿਰਾਂ ਦਾ ਵਧਣਾ ਹੈ, ਜਦੋਂ ਕਿ ਬਜ਼ੁਰਗ ਲੋਕਾਂ ਨੂੰ ਦਿਲ ਦੇ ਦੌਰੇ ਜਾਂ ਸਾਹ ਲੈਣ ਵਿੱਚ ਤਕਲੀਫ਼ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। 23.9 ਡਿਗਰੀ ਸੈਲਸੀਅਸ ਤੋਂ ਵੱਧ ਰੋਜ਼ਾਨਾ ਘੱਟੋ-ਘੱਟ ਤਾਪਮਾਨ ਵਿੱਚ ਹਰੇਕ ਵਾਧੂ ਇੱਕ ਡਿਗਰੀ ਸੈਲਸੀਅਸ (1 ਡਿਗਰੀ ਸੈਲਸੀਅਸ) ਬਾਲ ਮੌਤ ਦੇ ਜੋਖ਼ਮ ਨੂੰ 22.4 ਪ੍ਰਤੀਸ਼ਤ ਤੱਕ ਵਧਾਉਂਦਾ ਦਿਖਾਇਆ ਗਿਆ ਹੈ। ਇਹ ਅਧਿਐਨ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਜਲਵਾਯੂ ਪਰਿਵਰਤਨ ਬਹੁਤ ਵੱਡੀ ਵੱਡੀ ਪੱਧਰ 'ਤੇ ਸਿਹਤ ਲਈ ਖ਼ਤਰਾ ਪੈਦਾ ਕਰ ਰਹੇ ਹਨ ਅਤੇ ਇਹ ਕਿ ਕੁਝ ਆਬਾਦੀ ਪਹਿਲਾਂ ਹੀ ਭਾਰੀ ਕੀਮਤ ਅਦਾ ਕਰ ਰਹੀ ਹੈ।

**ਸਰੀਰਕ ਤੇ ਮਾਨਸਿਕ ਸਿਹਤ 'ਤੇ ਪ੍ਰਭਾਵ**

ਡਾ ਅੰਸ਼ੂ ਬੈਨਰਜੀ ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਕ ਨੇ ਕਿਹਾ ਹੈ ਕਿ ਜਦੋਂ ਜਲਵਾਯੂ ਪਰਿਵਰਤਨ ਬਾਰੇ ਜਾਗਰੂਕਤਾ ਵਧੀ ਹੈ, ਸਭ ਤੋਂ ਵੱਧ ਜੋਖ਼ਮ ਵਾਲੇ ਲੋਕਾਂ ਦੇ ਜੀਵਨ ਨੂੰ ਸੁਰੱਖਿਅਤ ਕਰਨ ਲਈ ਕਾਰਵਾਈਆਂ ਨੇ ਮੁਸ਼ਕਿਲ ਨਾਲ ਉਸ ਚੀਜ਼ ਦੀ ਸਤ੍ਹਾ ਨੂੰ ਖੁਰਚਿਆ ਹੈ ਜਿਸ ਦੀ ਲੋੜ ਹੈ। ਉਸਨੇ ਅੱਗੇ ਕਿਹਾ ਜਲਵਾਯੂ ਨਿਆਂ ਦੀ ਪ੍ਰਾਪਤੀ ਲਈ, ਇਸ ਦਾ ਤੁਰੰਤ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ। ਡਬਲਿਊ ਐੱਸ ਓ ਦੇ ਮਾਹਿਰਾਂ ਅਤੇ ਦੁਨੀਆ ਭਰ ਦੇ ਅਕਾਦਮਿਕਾਂ ਦੁਆਰਾ ਲਿਖੇ ਗਏ, ਕਲਾਈਮੇਟ ਚੇਂਜ ਐਕਰੋਸ ਦਿ ਲਾਈਫ ਕੋਰਸ ਸਿਰਲੇਖ ਵਾਲਾ ਸੰਗ੍ਰਹਿ, ਵੱਖ-ਵੱਖ ਜਲਵਾਯੂ ਖ਼ਤਰਿਆਂ ਕਾਰਨ ਪੈਦਾ ਹੋਣ ਵਾਲੇ ਖ਼ਾਸ ਸਰੀਰਕ ਅਤੇ ਮਾਨਸਿਕ ਸਿਹਤ ਪ੍ਰਭਾਵਾਂ ਦੀ ਰਿਪੋਰਟ ਕਰਦਾ ਹੈ।

**ਉੱਚ ਤਾਪਮਾਨ ਦਿੰਦਾ ਜਾਨਲੇਵਾ ਰੋਗਾਂ ਨੂੰ ਸੱਦਾ**

ਉੱਚ ਤਾਪਮਾਨ ਦੇ ਮਾੜੇ ਨਤੀਜਿਆਂ 'ਚ ਅਚਨਚੇਤੀ ਜਨਮ ਅਤੇ ਮਰੇ ਹੋਏ ਬੱਚੇ ਦਾ ਜਨਮ, ਨਾਲ ਹੀ ਗਰਭ ਅਵਸਥਾ ਵਿੱਚ ਹਾਈਪਰਟੈਨਸ਼ਨ ਅਤੇ ਗਰਭਕਾਲੀ ਸ਼ੂਗਰ ਸ਼ਾਮਲ ਹਨ। ਗਰਮੀ ਦੀਆਂ ਲਹਿਰਾਂ ਬੋਧਾਤਮਕ ਕਾਰਜਾਂ ਨੂੰ ਪ੍ਰਭਾਵਤ ਕਰਦੀਆਂ ਹਨ ਅਤੇ, ਇਸ ਲਈ, ਬੱਚਿਆਂ ਅਤੇ ਕਿਸ਼ੋਰਾਂ ਲਈ ਸਿੱਖਣ ਨੂੰ ਪ੍ਰਭਾਵਿਤ ਕਰਦੀਆਂ ਹਨ, ਜਦੋਂ ਕਿ ਬਜ਼ੁਰਗ ਲੋਕਾਂ ਵਿੱਚ ਦਿਲ ਦੇ ਦੌਰੇ ਅਤੇ ਸਾਹ ਦੀਆਂ ਜਟਿਲਤਾਵਾਂ ਵਧਦੀਆਂ ਹਨ। ਨਾਲ ਹੀ, ਵਾਤਾਵਰਣ ਦਾ ਪ੍ਰਦੂਸ਼ਣ ਗਰਭ ਅਵਸਥਾ ਦੌਰਾਨ ਹਾਈ ਬਲੱਡ ਪ੍ਰੈਸ਼ਰ, ਘੱਟ ਜਨਮ ਵਜ਼ਨ, ਸਮੇਂ ਤੋਂ ਪਹਿਲਾਂ ਜਨਮ, ਅਤੇ ਭਰੂਣ ਦੇ ਦਿਮਾਗ ਅਤੇ ਫੇਫੜਿਆਂ ਦੇ ਵਿਕਾਸ ਤੇ ਨਾਂਹ-ਪੱਖੀ ਪ੍ਰਭਾਵਾਂ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਇਹ ਬੱਚਿਆਂ ਅਤੇ ਬਜ਼ੁਰਗ ਲੋਕਾਂ ਵਿੱਚ ਸਾਹ ਦੀ ਬਿਮਾਰੀ ਦੇ ਜੋਖ਼ਮ ਨੂੰ ਵਧਾਉਂਦਾ ਹੈ, ਜਿਨ੍ਹਾਂ ਨੂੰ ਕੈਂਸਰ, ਕਾਰਡੀਓਵੈਸਕੁਲਰ ਬਿਮਾਰੀ, ਅਤੇ ਨਮੂਨੀਆ ਦੇ ਵਧੇਰੇ ਜੋਖ਼ਮ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ, ਜਲਵਾਯੂ-ਸਬੰਧਤ ਕੁਦਰਤੀ ਆਫ਼ਤਾਂ ਦਾ ਮਾਨਸਿਕ ਅਤੇ ਸਰੀਰਕ ਸਿਹਤ 'ਤੇ ਅਹਿਮ ਪ੍ਰਭਾਵ ਪੈਂਦਾ ਹੈ। ਹੜ੍ਹ ਅਤੇ ਸੋਕਾ ਸੁਰੱਖਿਅਤ ਪਾਣੀ ਅਤੇ ਭੋਜਨ ਸਪਲਾਈ ਤੱਕ ਪਹੁੰਚ ਨੂੰ ਘਟਾਉਂਦਾ ਹੈ। ਦਸਤ ਦੀਆਂ ਬਿਮਾਰੀਆਂ ਅਤੇ ਕੁਪੋਸ਼ਣ ਨੂੰ ਵਧਾਉਂਦਾ ਹੈ। ਜੰਗਲ ਦੀ ਅੱਗ ਬਜ਼ੁਰਗ ਲੋਕਾਂ ਲਈ ਸਾਹ ਦੀਆਂ ਬਿਮਾਰੀਆਂ ਅਤੇ ਕਾਰਡੀਓਵੈਸਕੁਲਰ ਮੌਤ ਦਰ ਨੂੰ ਵਧਾਉਣ ਲਈ ਦਿਖਾਈ ਗਈ ਹੈ। ਹਾਲਾਂਕਿ ਜਲਵਾਯੂ ਪਰਿਵਰਤਨ ਹਰ ਕਿਸੇ ਨੂੰ ਪ੍ਰਭਾਵਿਤ ਕਰਦਾ ਹੈ, ਜਲਵਾਯੂ-ਸਬੰਧਤ ਵਿਸਥਾਪਨ ਅਤੇ ਵਿਘਨ ਉਨ੍ਹਾਂ ਲੋਕਾਂ ਲਈ ਗੰਭੀਰ ਨਤੀਜੇ ਹਨ ਜਿਨ੍ਹਾਂ ਨੂੰ ਸਿਹਤ ਸੇਵਾਵਾਂ ਅਤੇ ਸਮਾਜਿਕ ਸਹਾਇਤਾ ਤੱਕ ਨਿਯਮਤ ਪਹੁੰਚ ਦੀ ਲੋੜ ਹੁੰਦੀ ਹੈ। ਨਵਜੰਮੇ ਬੱਚਿਆਂ ਅਤੇ ਬਜ਼ੁਰਗਾਂ ਦੇ ਨਾਲ-ਨਾਲ ਗਰਭਵਤੀ ਔਰਤਾਂ ਵਿੱਚ ਖ਼ਾਸ ਸਰੀਰਕ ਜੋਖ਼ਮ ਦੇ ਕਾਰਕ ਹੋ ਸਕਦੇ ਹਨ, ਜਿਵੇਂ ਕਿ ਤਾਪਮਾਨ ਨਿਯਮ ਵਿੱਚ ਮੁਸ਼ਕਲ, ਡੀਹਾਈਡਰੇਸ਼ਨ ਦੀ ਕਮਜ਼ੋਰੀ, ਅਤੇ/ ਜਾਂ ਕਮਜ਼ੋਰ ਇਮਿਊਨ ਸਿਸਟਮ। ਉਨ੍ਹਾਂ ਨੂੰ ਜਲਵਾਯੂ ਪਰਿਵਰਤਨ ਅਤੇ ਸਬੰਧਿਤ ਆਫ਼ਤਾਂ ਦੇ ਅਸਿੱਧੇ ਪ੍ਰਭਾਵਾਂ, ਜਿਵੇਂ ਕਿ ਭੋਜਨ ਅਤੇ ਪਾਣੀ ਦੀ ਕਮੀ ਅਤੇ ਵੈਕਟਰ ਅਤੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਵਿੱਚ ਵਾਧਾ ਦੇ ਅਸਿੱਧੇ ਪ੍ਰਭਾਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।




**ਗਰੀਨ ਹਾਊਸ ਗੈਸਾਂ ਦੇ ਨਿਕਾਸ ਦਾ ਅਸਰ**

ਇੱਕ ਸਿਹਤਮੰਦ ਵਾਤਾਵਰਣ ਜੀਵਨ ਭਰ ਦੀ ਸਿਹਤ ਨੂੰ ਦਰਸਾਉਂਦਾ ਹੈ। ਬਚਪਨ ਅਤੇ ਜਵਾਨੀ ਵਿੱਚ ਸਿਹਤਮੰਦ ਵਿਕਾਸ ਅਤੇ ਸਿਹਤਮੰਦ ਗਰਭ-ਅਵਸਥਾ ਅਤੇ ਸਿਹਤਮੰਦ ਬੁਢਾਪੇ ਨੂੰ ਸਮਰੱਥ ਬਣਾਉਂਦਾ ਹੈ। ਅਨਾਇਦਾ ਪੋਰਟੇਲਾ ਦੇ ਵਿਗਿਆਨੀ ਨੇ ਕਿਹਾ ਹੈ ਕਿ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾ ਕੇ ਅਤੇ ਜਲਵਾਯੂ ਲਚਕੀਲਾਪਣ ਬਣਾਉਣ ਲਈ ਜਲਵਾਯੂ ਤਬਦੀਲੀ ਨੂੰ ਘਟਾਉਣ ਦੀ ਤੁਰੰਤ ਲੋੜ ਹੈ। ਜੀਵਨ ਦੇ ਇਨ੍ਹਾਂ ਵੱਖ-ਵੱਖ ਪੜਾਵਾਂ 'ਤੇ ਸਿਹਤ ਦੀ ਰੱਖਿਆ ਕਰਨ ਵਾਲੀਆਂ ਖ਼ਾਸ ਕਾਰਵਾਈਆਂ ਕਰਨ ਲਈ, ਅਤੇ ਮੌਸਮੀ ਆਫ਼ਤਾਂ ਦੇ ਵਾਪਰਨ ਵੇਲੇ ਸਭ ਤੋਂ ਵੱਧ ਜੋਖ਼ਮ ਵਾਲੇ ਲੋਕਾਂ ਲਈ ਸਿਹਤ ਸੇਵਾਵਾਂ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਣ ਲਈ ਕਦਮ ਪੁੱਟਣ ਦੀ ਲੋੜ ਹੈ।

**ਜੋਖ਼ਮ ਘੱਟ ਕਰਨ ਲਈ ਯੋਜਨਾਵਾਂ ਉਲੀਕਣੀਆਂ**

ਬੋਧਾਤਮਕ ਰੁਕਾਵਟਾਂ ਖ਼ਾਸ ਕਰਕੇ ਆਬਾਦੀ ਲਈ ਵੱਖ-ਵੱਖ ਜਲਵਾਯੂ ਖ਼ਤਰਿਆਂ ਦੇ ਸਿਹਤ ਪ੍ਰਭਾਵਾਂ ਦਾ ਦਸਤਾਵੇਜ਼ੀਕਰਨ ਕਰ ਕੇ, ਖੋਜਕਰਤਾਵਾਂ ਦਾ ਉਦੇਸ਼ ਸਰਕਾਰਾਂ ਅਤੇ ਪ੍ਰੋਗਰਾਮਾਂ ਨੂੰ ਜੋਖ਼ਮਾਂ ਨੂੰ ਹੱਲ ਕਰਨ ਅਤੇ ਕਾਰਵਾਈ ਕਰਨ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਨਾ ਹੈ।

ਵਰਤਮਾਨ ਵਿੱਚ, ਕੁਝ ਜਲਵਾਯੂ ਅਨੁਕੂਲਨ ਉਪਾਅ ਔਰਤਾਂ, ਨਿਆਣਿਆਂ, ਬੱਚਿਆਂ ਅਤੇ ਕਿਸ਼ੋਰਾਂ ਦੀਆਂ ਖ਼ਾਸ ਲੋੜਾਂ ਲਈ ਤਿਆਰ ਕੀਤੇ ਗਏ ਹਨ। ਉਪਾਵਾਂ ਵਿੱਚ ਅਤਿਅੰਤ ਮੌਸਮੀ ਘਟਨਾਵਾਂ ਅਤੇ ਵੱਧਦੇ ਤਾਪਮਾਨਾਂ ਲਈ ਬੱਚਿਆਂ ਦੀ ਦੇਖਭਾਲ, ਸਮਾਜਿਕ ਦੇਖਭਾਲ ਅਤੇ ਵਿਦਿਅਕ ਪ੍ਰਣਾਲੀਆਂ ਨੂੰ ਤਿਆਰ ਕਰਨਾ ਸ਼ਾਮਲ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਹਰ ਉਮਰ ਦੇ ਲੋਕਾਂ ਨੂੰ ਜਲਵਾਯੂ ਕਾਰਵਾਈ, ਸੰਵਾਦ ਅਤੇ ਯੋਜਨਾਬੰਦੀ ਵਿੱਚ ਸ਼ਾਮਲ ਕਰਨਾ ਹੋਣਾ ਚਾਹੀਦਾ ਹੈ। ਸਾਲ 2023, 170 ਤੋਂ ਵੱਧ ਸਾਲਾਂ ਵਿੱਚ ਰਿਕਾਰਡ ਤੇ ਸਭ ਤੋਂ ਗਰਮ ਸਾਲ ਸੀ, ਅਤੇ ਜੰਗਲੀ ਅੱਗ ਤੋਂ ਲੈ ਕੇ ਚੱਕਰਵਾਤ, ਹੜ੍ਹਾਂ, ਅਤੇ ਬਹੁਤ ਜ਼ਿਆਦਾ ਗਰਮੀ ਤੱਕ ਕਈ ਮੌਸਮੀ ਸੰਕਟ ਕਾਲ ਸਨ।

**ਦਮਨਕਾਰੀ ਗਰਮੀ ਨੇ ਲਈਆਂ ਕਈ ਜਾਨਾਂ**

ਜਿਵੇਂ ਕਿ 7 ਮਈ ਨੂੰ ਭਾਰਤ ਵਿੱਚ ਤਾਪਮਾਨ 110 ਡਿਗਰੀ ਫਾਰਨਹੀਟ (43.3 ਸੈਲਸੀਅਸ) ਤੋਂ ਵੱਧ ਦੇ ਨਾਲ, ਅਪ੍ਰੈਲ ਅਤੇ ਮਈ 2024 ਵਿੱਚ ਏਸ਼ੀਆ ਦੇ ਵੱਡੇ ਖੇਤਰਾਂ ਵਿੱਚ ਇੱਕ ਘਾਤਕ ਹੀਟਵੇਵ ਨੇ ਹਫ਼ਤਿਆਂ ਲਈ ਆਪਣੀ ਲਪੇਟ ਵਿੱਚ ਲਿਆ। ਦਮਨਕਾਰੀ ਗਰਮੀ ਨੇ ਸਿਆਸਤਦਾਨਾਂ, ਸਥਾਨਕ ਖ਼ਬਰਾਂ ਦੇ ਘੋਸ਼ਣਾਕਰਤਾਵਾਂ ਅਤੇ ਵੋਟਰਾਂ ਨੂੰ ਬੇਹੋਸ਼ ਕਰ ਦਿੱਤਾ। ਜਾਪਾਨ ਤੋਂ ਲੈ ਕੇ ਫਿਲੀਪੀਨਜ਼ ਤੱਕ, ਲਗਾਤਾਰ ਗਰਮੀ ਨੇ ਰੋਜ਼ਾਨਾ ਜੀਵਨ ਨੂੰ ਵਿਗਾੜ ਦਿੱਤਾ। ਕੰਬੋਡੀਆ ਵਿੱਚ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਘਰ ਭੇਜ ਦਿੱਤਾ ਗਿਆ ਕਿਉਂਕਿ ਹੱਥ ਵਿੱਚ ਫੜੇ ਹੋਏ ਪੱਖੇ ਮਾੜੇ ਹਵਾਦਾਰ ਕਲਾਸਰੂਮਾਂ ਵਿੱਚ ਥੋੜ੍ਹੀ ਰਾਹਤ ਪ੍ਰਦਾਨ ਕਰਦੇ ਹਨ। ਕਿਸਾਨਾਂ ਨੇ ਫ਼ਸਲਾਂ ਨੂੰ ਸੁੱਕਦੇ ਹੋਏ ਅਤੇ ਪਸ਼ੂਆਂ ਦੀਆਂ ਸੂਰਜ ਦੀ ਗਰਮੀ ਨਾ ਸਹਿੰਦੇ ਹੋਰੇ ਸੈਂਕੜੇ ਮੌਤਾਂ ਹੁੰਦੀਆਂ ਦੇਖੀਆਂ।

**ਸੰਕਟ ਦੇ ਹੋਰ ਜਾਨਲੇਵਾ ਹੋਣ ਦੀ ਸੰਭਾਵਨਾ**

ਦੁਨੀਆਂ ਨੂੰ ਹਾਲ ਹੀ ਦੇ ਸਾਲਾਂ ਵਿੱਚ ਬਹੁਤ ਜ਼ਿਆਦਾ ਗਰਮੀ ਦਾ ਸਾਹਮਣਾ ਕਰਨਾ ਪਿਆ ਹੈ। 2023 'ਚ ਦੱਖਣ-ਪੱਛਮੀ ਸੰਯੁਕਤ ਰਾਜ ਵਿੱਚ ਇੱਕ ਹਫ਼ਤਾ ਲੰਬੀ ਗਰਮੀ ਦੀ ਲਹਿਰ ਨੂੰ 31 ਦਿਨਾਂ ਲਈ ਸਹਿਣ ਕੀਤਾ ਗਿਆ। ਯੂਰਪ ਨੂੰ ਬੇਮਿਸਾਲ ਤਾਪਮਾਨ ਦਾ ਸਾਹਮਣਾ ਕਰਨਾ ਪਿਆ ਜਿਸ ਨੇ ਸੈਂਕੜੇ ਲੋਕਾਂ ਨੂੰ ਮਾਰਿਆ। ਗ੍ਰੀਸ ਅਤੇ ਕੈਨੇਡਾ ਵਿੱਚ ਜੰਗਲੀ ਅੱਗ ਦਾ ਸਾਹਮਣਾ ਕੀਤਾ। ਬੁੱਢੇ ਤੇ ਬਾਲਗ ਖ਼ਾਸ ਤੌਰ 'ਤੇ ਬਹੁਤ ਜ਼ਿਆਦਾ ਗਰਮੀ ਦਾ ਸ਼ਿਕਾਰ ਹੁੰਦੇ ਹਨ, ਅਤੇ ਇਹ ਸੰਕਟ ਹੋਰ ਵਿਗੜਨ ਦੀ ਉਮੀਦ ਹੈ।

**ਉਮਰਦਰਾਜ ਲੋਕਾਂ ਦੀ ਵੱਧ ਰਹੀ ਹੈ ਗਿਣਤੀ**

ਜਲਵਾਯੂ ਪਰਿਵਰਤਨ ਅਤੇ ਆਬਾਦੀ ਦੀ ਉਮਰ ਵਧਣ ਤੇ ਸਾਡੀ ਖੋਜ ਪਰੇਸ਼ਾਨ ਕਰਨ ਵਾਲੇ ਦੋ ਰੁਝਾਨਾਂ ਨੂੰ ਪ੍ਰਗਟ ਕਰਦੀ ਹੈ। ਪਹਿਲਾ, ਵਿਸ਼ਵ ਦਾ ਤਾਪਮਾਨ ਪਹਿਲਾਂ ਨਾਲੋਂ ਜ਼ਿਆਦਾ ਗਰਮ ਹੈ, 2015-2023 ਰਿਕਾਰਡ ਤੇ ਸਭ ਤੋਂ ਗਰਮ ਸਮਾਂ ਰਿਹਾ ਹੈ। ਦੂਜਾ, ਵਿਸ਼ਵਵਿਆਪੀ ਆਬਾਦੀ ਉਮਰਦਰਾਜ ਹੋ ਰਹੀ ਹੈ, 60 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦੀ ਸੰਖਿਆ 2050 ਤੱਕ ਦੁੱਗਣੀ ਹੋ ਕੇ 2.1 ਬਿਲੀਅਨ ਹੋ ਜਾਣ ਦੀ ਉਮੀਦ ਹੈ, ਜੋ ਆਬਾਦੀ ਦਾ 21 ਪ੍ਰਤੀਸ਼ਤ ਬਣਦਾ ਹੈ।

**ਬਜ਼ੁਰਗਾਂ ਨੂੰ ਬਚਾਉਣ ਲਈ ਰਣਨੀਤੀ ਦੀ ਲੋੜ**

ਨੀਤੀ ਨਿਰਮਾਤਾਵਾਂ, ਭਾਈਚਾਰਿਆਂ ਅਤੇ ਪਰਿਵਾਰਾਂ ਨੂੰ ਇਨ੍ਹਾਂ ਜੋਖਮਾਂ ਨੂੰ ਸਮਝਣਾ ਅਤੇ ਉਨ੍ਹਾਂ ਲਈ ਤਿਆਰ ਹੋਣਾ ਚਾਹੀਦਾ ਹੈ। ਵਧ ਰਿਹਾ ਤਾਪਮਾਨ ਬਜ਼ੁਰਗ ਬਾਲਗਾਂ ਲਈ ਘਾਤਕ ਹੋ ਸਕਦਾ ਹੈ ਜੋ ਸਿਹਤ ਦੀਆਂ ਸਥਿਤੀਆਂ ਨੂੰ ਵਿਗਾੜਦਾ ਹੈ ਅਤੇ ਡੀਹਾਈਡਰੇਸ਼ਨ ਅਤੇ ਖਰਾਬ ਹਵਾ ਦੀ ਗੁਣਵੱਤਾ ਲਈ ਕਮਜ਼ੋਰੀ ਵਧਾਉਂਦਾ ਹੈ। ਬੁਢਾਪੇ ਦੀ ਆਬਾਦੀ ਨੂੰ ਵਧਦੇ ਗਰਮੀ ਦੇ ਜੋਖ਼ਮਾਂ ਤੋਂ ਬਚਾਉਣ ਲਈ ਪ੍ਰਭਾਵੀ ਖੇਤਰੀ ਰਣਨੀਤੀਆਂ ਅਤੇ ਮਹੱਤਵਪੂਰਨ ਨਿਵੇਸ਼ਾਂ ਦੀ ਲੋੜ ਹੈ।

**ਗਲੇਸ਼ੀਅਰਾਂ ਨੂੰ ਲੱਗ ਰਿਹਾ ਖੋਰਾ**

ਧਰਤੀ ਦੇ ਵੱਧ ਰਹੇ ਤਾਪਮਾਨ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ। ਸਥਿਤੀ ਇਵੇਂ ਜਾਰੀ ਰਹੀ ਤਾਂ ਸਮੁੰਦਰ ਕਈ ਤੱਟੀ ਸ਼ਹਿਰਾਂ ਨੂੰ ਨਿਗਲ ਲਏਗਾ। ਉਤਰਖੰਡ ਵਿਚ ਭਾਗੀਰਥੀ ਬੇਸਨ ਦਾ ਦੋਕਰੀਅਮ ਗਲੇਸ਼ੀਅਰ 1995 ਤੋਂ ਬਾਅਦ 15-20 ਮੀਟਰ ਸਾਲਾਨਾ ਦੀ ਦਰ ਨਾਲ ਖੁਰ ਰਿਹਾ ਹੈ। 2003 ਤੋਂ ਲੈ ਕੇ 2017 ਤੱਕ ਕੀਤੇ ਗਏ ਇਕ ਅਧਿਐਨ ਅਨੁਸਾਰ ਮੰਦਾਕਨੀ ਬੇਸਨ ਦਾ ਗਲੇਸ਼ੀਅਰ 9-11 ਮੀਟਰ ਸਾਲਾਨਾ ਦੀ ਦਰ ਨਾਲ ਖੁਰ ਰਿਹਾ ਹੈ। ਲਦਾਖ ਦੇ 'ਸੂਰੂ' ਬੇਸਨ ਦੇ ਦਰੰਗ-ਦੁਰੰਗ ਅਤੇ ਪੈਨਸਲੰਗਪਾ ਗਲੇਸ਼ੀਅਰ 12-5.6 ਮੀਟਰ ਸਾਲਾਨਾ ਦੀ ਦਰ ਨਾਲ ਸੁੰਗੜ ਰਹੇ ਹਨ। ਗਲੇਸ਼ੀਅਰਾਂ ਨੂੰ ਸੰਸਾਰ ਪੱਧਰ 'ਤੇ ਹੀ ਖੋਰਾ ਲੱਗਾ ਹੋਇਆ ਹੈ। ਇਨ੍ਹਾਂ ਦਾ ਵਾਧੂ ਪਾਣੀ ਸਮੁੰਦਰੀ ਤਲ ਨੂੰ ਉੱਪਰ ਚੁੱਕ ਰਿਹਾ ਹੈ। ਇਹ ਤਬਦੀਲੀਆਂ ਸਾਡੇ ਮੌਨਸੂਨ ਚੱਕਰ 'ਤੇ ਵੀ ਪ੍ਰਭਾਵ ਪਾ ਰਹੀਆਂ ਹਨ।



# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵਿੱਚ ਭਾਈ ਗੁਰਦਾਸ ਦਾ ਵੱਡਾ ਯੋਗਦਾਨ

ਡਾ. ਧਰਮ ਸਿੰਘ



ਸਿੱਖ ਇਤਿਹਾਸ ਅਤੇ ਰਵਾਇਤਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵਿੱਚ ਭਾਈ ਗੁਰਦਾਸ ਦਾ ਯੋਗਦਾਨ ਇੱਕ ਲਿਖਾਰੀ ਵਜੋਂ ਹੀ ਸਵੀਕਾਰ ਕੀਤਾ ਜਾਂਦਾ ਹੈ ਪਰ ਇਹ ਅੰਤਿਮ ਸੱਚ ਨਹੀਂ। ਇਹ ਠੀਕ ਹੈ ਕਿ ਲਿਖਾਰੀ ਭਾਈ ਗੁਰਦਾਸ ਜੀ ਹੀ ਸਨ ਪਰ ਪ੍ਰਮਾਣਿਕ ਬਾਣੀ ਨੂੰ ਇਕੱਤਰ ਕਰਨ, ਕੱਚੀ ਬਾਣੀ ਨੂੰ ਸੱਚੀ ਬਾਣੀ ਨਾਲੋਂ ਨਿਖੇੜ ਕੇ ਵੱਖ ਕਰਨ ਅਤੇ ਹੋਰ ਕਈਆਂ ਕਾਰਨਾਂ ਕਰਕੇ ਭਾਈ ਗੁਰਦਾਸ ਦਾ ਯੋਗਦਾਨ ਲਿਖਾਈ ਦੇ ਨਾਲ-ਨਾਲ ਹੋਰ ਵੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਰਨ ਪਿੱਛੇ ਸਭ ਤੋਂ ਵੱਡਾ ਕਾਰਨ ਪ੍ਰਮਾਣਿਕ ਬਾਣੀ ਨੂੰ ਕੱਚੀ ਬਾਣੀ ਨਾਲੋਂ ਨਿਖੇੜਨਾ ਸੀ। ਕੇਸਰ ਸਿੰਘ ਛਿੱਬਰ ਵਿਸ਼ੇਸ਼ ਤੌਰ 'ਤੇ ਇਹ ਜ਼ਿਕਰ ਕਰਦਾ ਹੈ ਕਿ ਪ੍ਰਿਥੀ ਚੰਦ ਦਾ ਪੁੱਤਰ ਮਿਹਰਬਾਨ ਆਪ ਵੀ ਕਵਿਤਾ ਲਿਖਦਾ ਸੀ ਪਰ ਕਵੀ ਛਾਪ ਵਜੋਂ 'ਨਾਨਕ' ਪਦ ਵੀ ਵਰਤਦਾ ਸੀ। ਇੱਕ ਦਿਨ ਗੁਰੂ ਅਰਜਨ ਦੇਵ ਜੀ ਦੀ ਹਾਜ਼ਰੀ ਵਿੱਚ ਕਿਸੇ ਸਿੱਖ ਨੇ ਕੀਰਤਨ ਕਰਦੇ ਵਕਤ ਇੱਕ ਸ਼ਬਦ ਪੜ੍ਹਿਆ, ਜੋ ਗੁਰੂ ਅਰਜਨ ਦੇਵ ਜੀ ਨੇ ਵੀ ਸੁਣਿਆ। ਸ਼ਬਦ ਪ੍ਰਮਾਣਿਕ ਬਾਣੀ ਵਿਚੋਂ ਨਾ ਹੋਣ ਕਰਕੇ ਪਰ ਪ੍ਰਮਾਣਿਕ ਵਜੋਂ ਚਲ ਪੈਣ ਦੇ ਅੰਦੇਸ਼ੇ ਵਜੋਂ ਗੁਰੂ ਸਾਹਿਬ ਨੇ ਫੌਰੀ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਮਨ ਬਣਾ ਲਿਆ। ਹੁਣ ਪ੍ਰਸ਼ਨ ਸੀ ਕਿ ਇਹ ਕੰਮ ਕਿਸ ਨੂੰ ਸੌਂਪਿਆ ਜਾਵੇ। ਬੇਸ਼ੱਕ ਇਹ ਸਾਰਾ ਕੁਝ ਗੁਰੂ ਸਾਹਿਬ ਦੀ ਆਪਣੀ ਨਿਗਰਾਨੀ ਵਿੱਚ ਹੋਣਾ ਸੀ ਪਰ ਸਹਾਇਕ ਅਤੇ ਲਿਖਾਰੀ ਵਜੋਂ ਚੋਣ ਭਾਈ ਗੁਰਦਾਸ ਜੀ ਦੀ ਕੀਤੀ ਗਈ। ਅਜਿਹਾ ਕਰਨ ਦਾ ਵੱਡਾ ਕਾਰਨ ਇਹ ਸੀ ਕਿ ਭਾਈ ਗੁਰਦਾਸ ਪਹਿਲਾਂ ਤੋਂ ਹੀ ਗੁਰਬਾਣੀ ਦੀਆਂ ਪੋਥੀਆਂ ਤਿਆਰ ਕਰਨ ਦਾ ਕੰਮ ਕਰ ਰਹੇ ਸਨ। ਇਥੇ ਇਹ ਦੱਸਣ ਦੀ ਲੋੜ ਨਹੀਂ ਭਾਸਦੀ ਕਿ ਸਾਰੇ ਗੁਰੂ ਸਾਹਿਬਾਨ ਦੇ ਦਰਬਾਰਾਂ ਵਿੱਚ ਕਈ ਲਿਖਾਰੀ ਹੁੰਦੇ ਸਨ, ਜੋ ਉਨ੍ਹਾਂ ਦੀ ਬਾਣੀ ਲਿਖਦੇ ਆਏ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਵੀ ਚਾਰ-ਪੰਜ ਨਾਮੀ ਲਿਖਾਰੀ ਸਨ। ਇੰਜ ਭਾਈ ਗੁਰਦਾਸ ਦੇ ਮੁਹਾਵਰੇ ਤੋਂ ਚੰਗੇ ਜਾਣੂ ਸਨ।

ਸਭ ਤੋਂ ਪਹਿਲਾ ਕੰਮ ਗੁਰਬਾਣੀ ਦੇ ਇਕੱਤਰ ਕਰਨ ਦਾ ਸੀ, ਜੋ ਪੋਥੀਆਂ ਦੇ ਰੂਪ ਵਿੱਚ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਨ ਕੋਲ ਸੁਰੱਖਿਅਤ ਪਈਆਂ ਸਨ। ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ਭਾਈ ਗੁਰਦਾਸ ਨੂੰ ਭੇਜਣਾ ਚਾਹਿਆ ਪਰ ਭਾਈ ਗੁਰਦਾਸ ਨੇ ਕਿਹਾ ਕਿ ਹੋ ਸਕਦਾ ਹੈ ਕਿ ਉਸ ਨੂੰ ਇਹ ਪੋਥੀਆਂ ਨਾ ਦੇਣ, ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਗਏ ਅਤੇ ਪੋਥੀਆਂ ਲੈ ਕੇ ਆਏ, ਜੋ ਭਾਈ ਗੁਰਦਾਸ ਦੇ ਸਪੁਰਦ ਕਰ ਦਿੱਤੀਆਂ ਗਈਆਂ। ਹੋਰ ਦੂਰ-ਨੇੜਿਓਂ ਜਿਥੇ ਵੀ ਗੁਰਬਾਣੀ ਦੇ ਹੱਥ-ਲਿਖਤ ਸੰਗ੍ਰਹਿ ਹੋਣ ਦੀ ਦੱਸ ਪਈ, ਉਹ ਵੀ ਮੰਗਵਾ ਲਏ ਗਏ। ਇੰਝ ਗੁਰੂ ਸਾਹਿਬ ਨੇ ਭਾਈ ਗੁਰਦਾਸ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਕੰਮ ਆਰੰਭਿਆ।

ਭਾਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਨਿਰਖ-ਪਰਖ ਕਰਕੇ ਭਾਈ ਗੁਰਦਾਸ ਨੂੰ ਸੱਚੀ ਅਤੇ ਪ੍ਰਮਾਣਿਕ ਬਾਣੀ ਨੂੰ ਪਛਾਨਣ ਦਾ ਕੰਮ ਸੌਂਪ ਰੱਖਿਆ ਸੀ, ਜੋ ਉਹ ਬੜੀ ਮਿਹਨਤ ਅਤੇ ਲਗਨ ਨਾਲ ਕਰ ਰਹੇ ਸਨ ਪਰ ਫਿਰ ਵੀ ਗੁਰੂ ਸਾਹਿਬ ਕਦੀ-ਕਦਾਈਂ ਉਨ੍ਹਾਂ ਦੀ ਪ੍ਰੀਖਿਆ ਲੈਂਦੇ ਰਹਿੰਦੇ। ਇੱਕ ਦਿਨ ਗੁਰੂ ਸਾਹਿਬ ਨੇ ਭਾਈ ਗੁਰਦਾਸ ਨੂੰ ਪ੍ਰਸ਼ਨ ਕੀਤਾ ਕਿ ਉਹ ਅਜਿਹਾ ਨਿਰਖ-ਪਰਖ ਕਿਵੇਂ ਕਰ ਲੈਂਦਾ ਹੈ ? ਇਸ ਪ੍ਰਸ਼ਨ ਦਾ ਉੱਤਰ ਮਹਿਮਾ ਪ੍ਰਕਾਸ਼ ਗ੍ਰੰਥ ਦੇ ਕਰਤਾ ਸਰੂਪ ਦਾਸ ਭੱਲਾ ਨੇ ਬਹੁਤ ਸੋਹਣੇ ਢੰਗ ਨਾਲ ਬਿਆਨ ਕੀਤਾ ਹੈ। ਭਾਈ ਗੁਰਦਾਸ ਦਾ ਉੱਤਰ ਸੀ ਕਿ ਕਿਸ ਤਰ੍ਹਾਂ ਬਹੁਤ ਸਾਰੇ ਮਰਦਾਂ ਵਿਚੋਂ ਪਤਨੀ ਆਪਣੇ ਪਤੀ ਦੀ ਆਵਾਜ਼ ਸਹਿਜੇ ਹੀ ਪਛਾਣ ਲੈਂਦੀ ਹੈ, ਤਿਵੇਂ ਹੀ ਅੰਦਰੋਂ ਫੁਟੀ ਚੇਤਨਾ ਨਾਲ ਅਜਿਹੀ ਪਛਾਣ ਕਰ ਲੈਂਦਾ ਹਾਂ।

ਕਹਿਓ ਦਿਆਲ ਗੁਰਦਾਸ ਕੋ,
ਤੁਮ ਬਾਨੀ ਲਿਖੋ ਪਛਾਨ॥
ਜੋ ਯਹ ਨਿਕਾਲ ਬਾਹਰ ਧਰੀ,
ਕੈਸੇ ਪਾਇਓ ਗਿਆਨ
ਕਰ ਜੋੜ ਗੁਰਦਾਸ ਕਰੀ ਅਰਦਾਸ॥
ਸੋ ਸਤਿਗੁਰੂ ਗਿਆਨ ਐਸੇ ਮੋ ਪਾਸ॥
ਬਹੁਤ ਪਰਖ ਮਿਲ ਬਾਤ ਬਖਾਨੇ।
ਨਿਜ ਭਰਤਾ ਬੋਲ ਤਿਰੀਆ ਪਹਿਚਾਨੇ॥

ਭਾਈ ਵੀਰ ਸਿੰਘ (ਬੱਲ) ਆਪਣੇ ਗ੍ਰੰਥ 'ਗੁਰ ਕੀਰਤ ਪ੍ਰਕਾਸ਼' ਵਿੱਚ ਚਰਚਾ ਕਰਦਾ ਹੈ ਕਿ ਮਿਹਰਬਾਨ ਤੋਂ ਬਿਨਾਂ ਪ੍ਰਿਥੀਚੰਦ ਅਤੇ ਉਸ ਦਾ ਭਰਾ ਮਹਾਂਦੇਵ ਵੀ ਕੱਚੀ ਬਾਣੀ ਰਚਦੇ ਸਨ। ਜਦ ਬੀੜ ਤਿਆਰ ਹੋ ਰਹੀ ਸੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਖ਼ਤ ਵਿਰੋਧ ਹੋਣ ਦੇ ਬਾਵਜੂਦ ਉਹ ਆਪਣੀ ਕੱਚੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਕਰਵਾਉਣ ਲਈ ਲੈ ਆਏ ਪਰ ਭਾਈ ਗੁਰਦਾਸ ਦੀ ਪਾਰਖੂ ਅੱਖ ਨੇ ਉਸ ਦੇ ਮਨਸੂਬੇ ਸਫਲ ਨਾ ਹੋਣ ਦਿੱਤੇ:

ਸ੍ਰੀ ਗੁਰਬਾਣੀ ਸਰਬ ਲਿਖਾਈ।
ਗੁਰੂ ਗ੍ਰੰਥ ਕੀ ਬੀੜ ਬੰਧਾਈ।
ਸਭ ਭਗਤਾਂ ਕੇ ਸਬਦ ਚਢਾਏ।
ਰਾਗ ਰਾਗ ਕੈ ਅੰਤਹਿ ਲਾਏ।
ਪ੍ਰਿਥੀ ਚੰਦ ਮਹਾਦੇਵ ਸਿਧਾਏ।
ਅਪੁਨੀ ਬਾਣੀ ਚਾੜਨ ਆਏ।
ਸੋ ਬਾਣੀ ਗੁਰਦਾਸ ਹਟਾਈ।
ਗੁਰੂ ਬਿਨਾ ਕਾਚੀ ਠਹਿਰਾਈ।

ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਸਿੱਖ ਗ੍ਰੰਥਾਂ ਵਿੱਚ ਉੱਘਾ ਅਤੇ ਮਹੱਤਵਪੂਰਨ ਸਥਾਨ ਹੈ। ਉਸ ਨੇ ਵੀ ਥੋੜ੍ਹੇ ਬਹੁਤੇ ਫ਼ਰਕ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੰਪਾਦਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੀ ਗੱਲ ਕੀਤੀ ਹੈ। ਆਮ ਧਾਰਨਾ ਬੇਸ਼ੱਕ ਭਾਈ ਗੁਰਦਾਸ ਦੀ ਸੇਵਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਲਿਖਾਈ ਤੱਕ ਹੀ ਸੀਮਤ ਕਰਦੀ ਹੈ, ਪਰ ਸਾਡੇ ਖਿਆਲ ਵਿੱਚ ਭਾਈ ਜੀ ਦਾ ਯੋਗਦਾਨ ਇਸ ਨਾਲੋਂ ਵੱਡਾ ਹੈ। ਕੱਚੀ ਬਾਣੀ ਨਾਲੋਂ ਪ੍ਰਮਾਣਿਕ ਬਾਣੀ ਨੂੰ ਨਿਖੇੜਨ ਦੀ ਉਨ੍ਹਾਂ ਦੀ ਤਿੱਖੀ ਸੂਝ ਅਤੇ ਬਾਰੀਕਬੀਨੀ ਇਸ ਦਾ ਪ੍ਰਮਾਣ ਹੈ। ਇਹ ਠੀਕ ਹੈ ਕਿ ਇਸ ਪਾਸੇ ਭਾਈ ਗੁਰਦਾਸ ਦੀ ਅਗਵਾਈ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਕਰ ਰਹੇ ਸਨ ਪਰ ਗੁਰੂ ਆਸੇ ਮੁਤਾਬਿਕ ਗ੍ਰੰਥ ਤਿਆਰ ਕਰਨ ਵਿੱਚ ਭਾਈ ਗੁਰਦਾਸ ਦੀ ਪਾਰਖੂ ਅੱਖ ਦਾ ਯੋਗਦਾਨ ਘੱਟ ਨਹੀਂ। ਭਾਈ ਗੁਰਦਾਸ ਵੱਲੋਂ ਲਿਖਿਤ ਬੀੜ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਭਾਈ ਗੁਰਦਾਸ ਦੀ ਬੀੜ ਜਾਂ ਕਰਤਾਰਪੁਰੀ ਬੀੜ ਦੇ ਨਾਂਅ ਨਾਲ ਹੀ ਪ੍ਰਸਿੱਧ ਸੀ। ਇਸ ਤੋਂ ਪਿੱਛੋਂ ਜਦ ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ ਇਸ ਵਿੱਚ ਦਰਜ ਕਰਕੇ ਅਤੇ ਇਸ ਨੂੰ ਭਾਈ ਮਨੀ ਸਿੰਘ ਵੱਲੋਂ ਲਿਖਵਾ ਕੇ ਸ੍ਰੀ ਹਜ਼ੂਰ ਸਾਹਿਬ, ਅਬਚਲ ਨਗਰ, ਨਾਂਦੇੜ ਦੇ ਸਥਾਨ ਉੱਪਰ ਗੁਰੂ ਜੀ ਵੱਲੋਂ ਗੁਰਗੱਦੀ ਦਿੱਤੀ ਗਈ ਤਾਂ ਇਸੇ ਬੀੜ ਨੂੰ ਦਮਦਮੀ ਬੀੜ ਦੇ ਨਾਂਅ ਨਾਲ ਜਾਣਿਆ ਜਾਣ ਲੱਗਿਆ। ਕਾਲਾਂਤਰ ਨਾਲ ਗੁਰਬਾਣੀ ਦੇ ਜਿੰਨੇ ਵੀ ਟੀਕੇ, ਵਿਆਖਿਆਵਾਂ ਹੋਈਆਂ ਹਨ, ਉਨ੍ਹਾਂ ਸਭਨਾਂ ਦਾ ਆਧਾਰ ਇਹੋ ਦਮਦਮੀ ਬੀੜ ਹੈ। ਕਈਆਂ ਕਾਰਨਾਂ ਕਰਕੇ ਫ਼ਰੀਦ ਕੋਟੀ ਟੀਕਾ, ਸ਼ਬਦਾਰਥ ਅਤੇ ਸ੍ਰੀ ਗੁਰੂ ਗ੍ਰੰਥ ਦਰਪਣ ਆਦਿ ਟੀਕਿਆਂ ਦੇ ਨਾਂਅ ਵੱਖ-ਵੱਖ ਹਨ ਪਰ ਆਧਾਰ ਸਭ ਦਾ ਇਹੋ ਭਾਈ ਗੁਰਦਾਸ ਦੀ ਅਤੇ ਪਿੱਛੋਂ ਭਾਈ ਮਨੀ ਸਿੰਘ ਵਾਲੀ ਦਮਦਮੀ ਬੀੜ ਹੀ ਹੈ।

# ਸਿੱਖਾਂ ਦੀ ਸ਼ਾਨ ਹੈ ਦਸਤਾਰ



## ਅੱਜ ਦੇ ਸਰੂਪ ਤੱਕ ਪਹੁੰਚਣ ਲਈ ਕਈ ਇਤਿਹਾਸਕ ਮੋੜ ਕੱਟੇ ਹਨ ਸਿੱਖਾਂ ਦੀ ਦਸਤਾਰ ਨੇ

ਕਰਨੈਲ ਸਿੰਘ ਐਮ.ਏ.



ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਬਾਲਪਨ ਤੋਂ ਹੀ ਸਿਰ 'ਤੇ ਦਸਤਾਰ ਸਜਾਉਂਦੇ ਸਨ। ਜਨਮਸਾਖੀਆਂ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਪੂਰਬ ਵੱਲ ਗਏ ਤਾਂ ਬਿਸ਼ੰਭਪੁਰ ਨਗਰ ਵਿਖੇ ਉਨ੍ਹਾਂ ਦਾ ਮਿਲਾਪ ਸਾਲਸ ਰਾਏ ਜੌਹਰੀ ਨਾਲ ਹੋਇਆ। ਉਸ ਦੀ ਸ਼ਰਧਾ ਵੇਖ ਕੇ ਗੁਰੂ ਨਾਨਕ ਸਾਹਿਬ ਨੇ ਉਸ ਨੂੰ ਦਸਤਾਰ ਬਖ਼ਸ਼ਿਸ਼ ਕੀਤੀ ਅਤੇ ਸਿੱਖ ਧਰਮ ਦਾ ਪ੍ਰਚਾਰਕ ਨਿਯੁਕਤ ਕੀਤਾ। ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਦੇ ਦਰਬਾਰੀ ਢਾਡੀ ਭਾਈ ਅਬਦੁੱਲਾ ਜੀ ਤੇ ਭਾਈ ਨੱਥ ਮੱਲ ਜੀ ਗੁਰੂ ਸਾਹਿਬ ਦੀ ਦਸਤਾਰ ਦੀ ਸੋਭਾ ਬਿਆਨਦੇ ਹੋਏ ਲਿਖਦੇ ਹਨ:

ਦੋ ਤਲਵਾਰਾਂ ਬੱਧੀਆਂ ਇੱਕ ਮੀਰੀ ਦੀ ਇੱਕ ਪੀਰੀ ਦੀ
ਇੱਕ ਅਜ਼ਮਤ ਦੀ ਇੱਕ ਰਾਜ ਦੀ
ਇੱਕ ਰਾਖੀ ਕਰੇ ਵਜ਼ੀਰ ਦੀ
ਪੱਗ ਤੇਰੀ ਕਿ ਜਹਾਂਗੀਰ ਦੀ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਵਿੱਚ ਵਿਸਾਖੀ ਵਾਲੇ ਦਿਨ ਦਸਤਾਰ ਨੂੰ ਸਿੱਖੀ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ। ਇਸ ਦਾ ਜ਼ਿਕਰ ਭਾਈ ਦੇਸਾ ਸਿੰਘ ਦੇ ਰਹਿਤਨਾਮਿਆਂ, ਭਾਈ ਨੰਦ ਲਾਲ ਦੇ ਤਨਖਾਹਨਾਮੇ ਅਤੇ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਵਿੱਚ ਮਿਲਦਾ ਹੈ। ਵਿਸਾਖੀ ਵਾਲੇ ਦਿਨ ਦਰਸ਼ਨ ਕਰਨ ਆਏ ਮਸੰਦਾਂ ਨੂੰ ਦਸਤਾਰ ਦੀ ਬਖ਼ਸ਼ਿਸ਼ ਕਰਕੇ ਵਿਦਾ ਕੀਤਾ ਜਾਂਦਾ ਸੀ। ਭਾਈ ਚੌਪਾ ਸਿੰਘ ਨੇ ਵੀ ਦਸਤਾਰ ਬਾਰੇ ਲਿਖਿਆ ਹੈ:

ਪੱਗ ਰਾਤੀਂ ਲਾਹ ਕੇ ਸੌਂਵੇਂ, ਸੋ ਭੀ ਤਨਖਾਹੀਆ।
ਨੰਗੇ ਕੇਸੀਂ ਫਿਰੇ ਰਵਾਲ ਪਾਏ, ਸੋ ਭੀ ਤਨਖਾਹੀਆ।
ਨੰਗੇ ਕੇਸੀਂ ਮਾਰਗ ਟੁਰੇ, ਸੋ ਭੀ ਤਨਖਾਹੀਆ।
ਨੰਗੇ ਕੇਸੀਂ ਭੋਜਨ ਕਰੇ, ਸੋ ਭੀ ਤਨਖਾਹੀਆ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਦਸਤਾਰ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਜਿਸ ਦੀ ਸੰਗਿਆ ਪੱਗ ਹੈ। ਪੱਗ ਨੂੰ ਪਗੜੀ ਤੇ ਦਸਤਾਰ ਵੀ ਕਿਹਾ ਜਾਂਦਾ ਹੈ। ਸਾਬਤ ਸੂਰਤ ਰਹਿਣਾ ਹੀ ਸਿਰ 'ਤੇ ਦਸਤਾਰ ਸਜਾਉਣੀ ਹੈ। ਵਿਦੇਸ਼ਾਂ ਵਿੱਚ ਖ਼ਾਸ ਕਰਕੇ ਯੂਰਪੀ ਦੇਸ਼ਾਂ ਵਿੱਚ ਭਾਰਤੀ ਸਿੱਖ ਦੀ ਪਹਿਲੀ ਪਛਾਣ ਪੱਗ ਤੋਂ ਹੁੰਦੀ ਹੈ। ਸਿੱਖਾਂ ਦੀ ਦਸਤਾਰ ਨੇ ਅੱਜ ਦੇ ਸਰੂਪ ਤੱਕ ਪਹੁੰਚਣ ਲਈ ਕਈ ਇਤਿਹਾਸਕ ਮੋੜ ਕੱਟੇ ਹਨ। ਨਾਮਧਾਰੀ ਦਸਤਾਰ ਵੀ ਦੋ ਨੁੱਕਰੀ ਦਸਤਾਰ ਦਾ ਹੀ ਰੂਪ ਹੈ।ਦਸਤਾਰ ਸਿੱਖ ਦੀ ਸ਼ਾਨ ਹੀ ਨਹੀਂ ਇਸ ਦੀ ਵਰਤੋਂ ਇੱਕ ਸਿੱਖ ਲਈ ਧਾਰਮਿਕ ਤੌਰ 'ਤੇ ਵੀ ਜ਼ਰੂਰੀ ਹੈ। ਸਿੱਖ ਨੰਗੇ ਸਿਰ ਨਹੀਂ ਰਹਿੰਦਾ, ਘਰ ਵਿੱਚ ਜਾਂ ਸੈਰ ਕਰਨ ਵੇਲੇ ਵੀ ਛੋਟੀ ਦਸਤਾਰ ਸਿਰ 'ਤੇ ਜ਼ਰੂਰ ਰੱਖਦਾ ਹੈ। ਦਸਤਾਰ ਨਾਲ ਹੀ ਸਿੱਖ ਦੀ ਪਹਿਚਾਣ ਹੈ। ਦਸਤਾਰ ਨੂੰ ਸਿੱਖ ਲਿਬਾਸ ਦਾ ਜ਼ਰੂਰੀ ਅੰਗ ਨਿਰਧਾਰਤ ਕੀਤਾ ਗਿਆ ਹੈ। ਸਿੱਖ ਦਸਤਾਰ ਨੂੰ ਇਕੱਲਾ-ਇਕੱਲਾ ਪੇਚ ਕਰਕੇ ਲੜਾਂ ਨੂੰ ਚਿਣ-ਚਿਣ ਕੇ ਬੰਨ੍ਹੇ ਤੇ ਇਕੱਲਾ-ਇਕੱਲਾ ਲੜ ਕਰਕੇ ਉਤਾਰੇ, ਨਾ ਹੀ ਟੋਪੀ ਦੀ ਤਰ੍ਹਾਂ ਉਤਾਰੇ ਅਤੇ ਨਾ ਹੀ ਟੋਪੀ ਦੀ ਤਰ੍ਹਾਂ ਰੱਖੇ। ਕਈ ਨੌਜਵਾਨਾਂ ਦੇ ਕੇਸ ਰੱਖੇ ਹੁੰਦੇ ਹਨ ਪਰ ਉਹ ਪਟਕਾ ਬੰਨ੍ਹਦੇ ਹਨ ਜਾਂ ਟੋਪੀ ਪਾਉਂਦੇ ਹਨ। ਜੇਕਰ ਉਨ੍ਹਾਂ ਨੂੰ ਦਸਤਾਰ ਸਜਾਉਣ ਲਈ ਕਿਹਾ ਜਾਵੇ ਤਾਂ ਉਹ ਕਹਿੰਦੇ ਹਨ ਕਿ ਦਸਤਾਰ ਸਜਾਉਣ ਨਾਲ ਸਿਰ ਦਰਦ ਹੋਣ ਲੱਗ ਜਾਂਦਾ ਹੈ, ਜਾਂ ਦਸਤਾਰ ਸਜਾਉਣ 'ਤੇ ਸਮਾਂ ਬਹੁਤ ਲੱਗਦਾ ਹੈ। ਦੂਜੇ ਪਾਸੇ ਸਾਡੇ ਦੇਸ਼ ਦੇ ਕਈ ਹਾਕੀ ਖਿਡਾਰੀ ਪਟਕਾ ਬੰਨ੍ਹ ਕੇ ਮੈਚ ਖੇਡਦੇ ਹਨ ਜਦਕਿ ਨਾਮਧਾਰੀ ਹਾਕੀ ਇਲੈਵਨ ਟੀਮ ਦੇ ਖਿਡਾਰੀ ਦਸਤਾਰ ਸਜਾ ਕੇ ਮੈਚ ਖੇਡਦੇ ਹਨ। ਸਾਰੇ ਖਿਡਾਰੀ ਸਾਬਤ ਸੂਰਤ ਤੇ ਕਛਹਿਰੇ ਪਾ ਕੇ ਪ੍ਰੇਮ-ਪਿਆਰ ਨਾਲ ਖੇਡਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਰੋਪੜ ਦੇ ਵੀ ਕਈ ਖਿਡਾਰੀ ਵੱਖ-ਵੱਖ ਖੇਡਾਂ ਵਿੱਚ ਦਸਤਾਰ ਸਜਾ ਕੇ ਮੈਚ ਖੇਡਦੇ ਹਨ।

ਦਸਤਾਰ ਸਿੱਖ ਦੀ ਇੱਜ਼ਤ ਤੇ ਅਣਖ ਦੀ ਪ੍ਰਤੀਕ ਹੈ। ਇਹ ਗੱਲ ਆਮ ਸੁਣਨ ਵਿੱਚ ਆਉਂਦੀ ਹੈ ਕਿ ਦੇਖੀਂ! ਪੱਗ ਨੂੰ ਦਾਗ਼ ਨਾ ਲੱਗਣ ਦੇਈਂ।

ਧਾਰਮਿਕ ਸਕੂਲਾਂ ਵਿੱਚ ਬੱਚੇ ਛੋਟੀ ਦਸਤਾਰ ਸਜਾ ਕੇ ਆਉਂਦੇ ਹਨ। ਚਾਹੀਦਾ ਤਾਂ ਇਹ ਹੈ ਕਿ ਹਰੇਕ ਸਕੂਲ ਵਿੱਚ ਗੁਰਸਿੱਖ ਬੱਚੇ ਪਟਕੇ ਦੀ ਥਾਂ ਦਸਤਾਰ ਸਜਾ ਕੇ ਆਉਣ। ਦੇਸ਼ਾਂ-ਵਿਦੇਸ਼ਾਂ ਵਿੱਚ ਕਈ ਸਕੂਲਾਂ, ਕਾਲਜਾਂ ਵਿੱਚ ਦਸਤਾਰਧਾਰੀ ਲੜਕਾ-ਲੜਕੀ ਨੂੰ ਦਾਖਲਾ ਵੀ ਨਹੀਂ ਦਿੱਤਾ ਜਾਂਦਾ। ਵਿਦੇਸ਼ਾਂ ਵਿੱਚ ਕਈ ਵਿੱਦਿਅਕ ਅਦਾਰਿਆਂ ਵਿੱਚ ਦਸਤਾਰ ਸਜਾ ਕੇ ਆਉਣ ਦੀ ਮਨਾਹੀ ਹੈ। ਇਸ ਲਈ ਪੰਥ ਦੀਆਂ ਸਿਰਮੌਰ ਜਥੇਬੰਦੀਆਂ ਨੂੰ ਇਸ ਸਬੰਧੀ ਆਵਾਜ਼ ਉਠਾ ਕੇ ਦਸਤਾਰ ਦੀ ਮਹਾਨਤਾ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ। ਸਿੱਖ ਲਈ ਦਸਤਾਰ ਦੀ ਵਿਸ਼ੇਸ਼ ਮਹੱਤਤਾ ਹੈ। ਦਸਤਾਰ ਬੰਨ੍ਹਣ ਲਈ ਸਿੱਖ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦਾ ਹੈ। ਦਸਤਾਰ ਸਿੱਖ ਲਈ ਕੋਈ ਸਾਧਾਰਨ ਚਿੰਨ੍ਹ ਨਹੀਂ ਸਗੋਂ ਸਿੱਖ ਦੀ ਹਸਤੀ ਇਸ ਨਾਲ ਜੁੜੀ ਹੋਈ ਹੈ। ਅੰਮ੍ਰਿਤਧਾਰੀ ਸਿੰਘ ਦੀ ਜੇਕਰ ਕਿਤੇ ਦਸਤਾਰ ਲੱਥ ਜਾਵੇ ਤਾਂ ਉਹ ਮਰ-ਮਿਟਣ ਲਈ ਮਜਬੂਰ ਹੋ ਜਾਂਦਾ ਹੈ। ਦਸਤਾਰ ਦੀ ਕਈ ਧਾਰਮਿਕ ਸਮਾਗਮਾਂ, ਧਰਨਿਆਂ, ਜਲਸਿਆਂ ਤੇ ਗੁਰਦੁਆਰਿਆਂ ਵਿੱਚ ਖਿੱਚ-ਧੂਹ ਵੀ ਹੁੰਦੀ ਵੇਖੀ ਹੈ। ਦਸਤਾਰ ਸਤਿਗੁਰਾਂ ਵੱਲੋਂ ਬਖ਼ਸ਼ਿਆ ਮਹਾਨ ਚਿੰਨ੍ਹ ਹੈ ਜਿਸ ਨਾਲ ਸਿੱਖ ਲੱਖਾਂ ਦੀ ਗਿਣਤੀ ਵਿੱਚ ਵੀ ਖੜ੍ਹਾ ਪਛਾਣਿਆ ਜਾਂਦਾ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਕੇਸਾਂ ਅਤੇ ਦਸਤਾਰ ਦਾ ਸਤਿਕਾਰ ਕਰਨ ਦੀ ਪ੍ਰੇਰਣਾ ਦਿੱਤੀ। ਵਿਦੇਸ਼ਾਂ (ਇੰਗਲੈਂਡ) ਵਿੱਚ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਦੀ ਕਦਰ ਕਰਦਿਆਂ ਇਨ੍ਹਾਂ ਨੂੰ ਕੇਸ-ਦਾੜ੍ਹੀਆਂ ਰੱਖ ਕੇ, ਦਸਤਾਰ ਸਜਾ ਕੇ, ਨੌਕਰੀ ਕਰਨ, ਵਾਹਨ ਚਲਾਉਣ ਤੇ ਵਰਦੀ ਪਾਉਣ, ਸਮਾਜਿਕ, ਧਾਰਮਿਕ, ਭਾਈਚਾਰਕ ਇਕੱਠਾਂ ਵਿੱਚ ਜਾਣ ਦੀ ਖੁੱਲ੍ਹ ਦਿੱਤੀ ਹੈ। ਗੁਰਦੁਆਰਾ ਦਸਤਾਰ ਅਸਥਾਨ ਪਾਉਂਟਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ/ਸੇਵਕਾਂ ਵਿੱਚ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਇਆ ਕਰਦੇ ਸਨ। ਸਭ ਤੋਂ ਸੁੰਦਰ ਦਸਤਾਰ ਸਜਾਉਣ ਵਾਲੇ ਨੂੰ ਇਨਾਮ ਤੇ ਸਨਮਾਨ ਦਿੰਦੇ ਸਨ। ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਭਾਈ ਜਗਤਾ (ਬਠਿੰਡਾ) ਵਿਖੇ ਹਰ ਸਾਲ ਭਾਈ ਜਗਤਾ ਰਾਮ, ਮਹੰਤ ਆਸਾ ਸਿੰਘ, ਮਹੰਤ ਤੀਰਥ ਸਿੰਘ, ਸੰਤ ਹਰਪਾਲ ਸਿੰਘ 'ਸੇਵਾਪੰਥੀ' ਦੀ ਯਾਦ ਵਿੱਚ ਸਾਲਾਨਾ ਗੁਰਮਤਿ ਸਮਾਗਮ ਤੇ ਯੱਗ-ਭੰਡਾਰੇ ਦੇ ਸ਼ੁਭ ਅਵਸਰ 'ਤੇ 12 ਜਨਵਰੀ ਨੂੰ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ।

(ਬਾਕੀ ਸਫ਼ਾ 31 'ਤੇ)


ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

## (1780-1839)

ਕਿਸ਼ਤ ਪਹਿਲੀ

ਸਿੱਖ ਸਾਮਰਾਜ ਵਿੱਚ 1699 ਈ. ਦੌਰਾਨ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਨੀਂਹ ਰੱਖੀ। ਧਰਮ ਯੁੱਧ ਵਿੱਚ ਬੇਸ਼ੁਮਾਰ ਸ਼ਹੀਦੀਆਂ ਹੋਈਆਂ। ਸੰਨ 1708 ਈ. ਦੌਰਾਨ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੇ ਖ਼ਾਲਸੇ ਦੀ ਅਗਵਾਈ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਸੌਂਪੀ ਗਈ, ਜਿਹਨਾਂ ਨੇ ਸੰਨ 1710-1716 ਤਕ ਮੁਗਲਾਂ ਨੂੰ ਹਰਾ ਕੇ ਪਹਿਲਾ ਖ਼ਾਲਸਾ ਰਾਜ ਪ੍ਰਾਪਤ ਕੀਤਾ। ਸੰਨ 1716-1738 ਤਕ ਮੁਗਲਾਂ ਨੇ ਫੇਰ ਅੱਤ ਮਚਾਈ। ਸਿੰਘ ਬਗਾਵਤ ਅਧੀਨ ਗੁਰੀਲਾ ਜੰਗ ਵਿੱਚ ਰੁੱਝ ਗਏ। ਇਸੇ ਦੌਰਾਨ 1733-1735 ਮੁਗਲਾਂ ਨੇ ਆਰਜ਼ੀ ਤੌਰ 'ਤੇ ਨਵਾਬੀ ਸਰਦਾਰ ਕਪੂਰ ਸਿੰਘ ਜੀ ਨੂੰ ਸੌਂਪੀ। ਸੰਨ 1748-1767 ਅਹਿਮਦਸ਼ਾਹ ਅਬਦਾਲੀ ਦੇ ਹੱਲੇ ਹੋਏ। ਸੰਨ 1763-1774 ਸ੍ਰ. ਚੜ੍ਹਤ ਸਿੰਘ ਸ਼ੁਕਰਚੱਕੀਆਂ ਮਿਸਲ ਦੇ ਸਰਦਾਰ ਬਣੇ। ਉਹ ਗੁਜ਼ਰਾਂ ਵਾਲਾ ਵਿਖੇ ਸਥਾਪਿਤ ਹੋਏ। ਉਹ ਸ੍ਰ. ਨੌਧ ਸਿੰਘ ਦੇ ਸਪੁੱਤਰ ਅਤੇ ਸ੍ਰ. ਮਹਾਂ ਸਿੰਘ ਦੇ ਪਿਤਾ ਸਨ। ਉਹ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਜੀ ਸਨ। ਉਹਨਾਂ ਅਹਿਮਦਸ਼ਾਹ ਅਬਦਾਲੀ ਵਿਰੁੱਧ ਮੁਹਿੰਮ ਵਿੱਚ ਹਿੱਸਾ ਲਿਆ ਸੀ। ਉਹਨਾਂ ਨੇ 150 ੜ ਸਵਾਰਾਂ ਨਾਲ ਸਿੰਘਪੁਰੀਆ ਮਿਸਲ ਤੋਂ ਅਲੱਗ ਹੋ ਕੇ ਸ਼ੁਕਰਚਕੀਆਂ ਮਿਸਲ ਦੀ ਸਥਾਪਨਾ ਕੀਤੀ। ਸੰਨ 1774 ਵਿੱਚ ਸ੍ਰ. ਮਹਾ ਸਿੰਘ ਸ਼ੁੱਕਰਚਕੀਆ ਮਿਸਲ ਦੇ ਸਰਦਾਰ ਬਣੇ। ਉਹਨਾਂ ਦੇ ਸਪੁੱਤਰ ਮਹਾਰਾਜਾ ਰਣਜੀਤ ਸਿੰਘ ਜੀ ਇਤਿਹਾਸ ਦੇ ਜੰਗਜੂ, ਦਲੇਰ ਤੇ ਮਹਾਨ ਸ਼ਖਸੀਅਤ ਹੋਏ ਹਨ। ਉਹਨਾਂ ਨੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕੀਤਾ। ਜਿਸ ਵਿੱਚ ਹਰ ਧਰਮ ਦੀ ਪਰਜਾ ਦਾ ਬਰਾਬਰ ਸਤਿਕਾਰ ਸੀ। ਆਪ ਜੀ ਦਾ ਜਨਮ 13 ਨਵੰਬਰ, 1780 ਨੂੰ ਸਰਦਾਰ ਮਹਾਂ ਸਿੰਘ ਸ਼ੁਕਰਚੱਕੀਆ ਮਿਸਲਦਾਰ ਅਤੇ ਮਾਤਾ ਰਾਜ ਕੌਰ ਜੀ ਦੇ ਘਰ ਹੋਇਆ। ਆਪ ਜੀ ਦਾ ਨਾਉਂ ਬੁੱਧ ਸਿੰਘ ਰਖਿਆ ਗਿਆ। ਆਪ ਜੀ ਦੇ ਜਨਮ ਦੀ ਖ਼ਬਰ ਪਿਤਾ ਸ੍ਰ. ਮਹਾਂ ਸਿੰਘ ਨੂੰ ਉਸ ਵੇਲੇ ਮਿਲੀ ਜਦ ਉਹ ਇਕ ਜੰਗ ਜਿੱਤ ਕੇ ਆ ਰਹੇ ਸ ਨ। ਸਪੁੱਤਰ ਦਾ ਨਾਉਂ ਰਣਜੀਤ ਸਿੰਘ ਹੋ ਗਿਆ। ਆਪ ਜੀ ਦੀ ਧਾਰਮਿਕ ਵਿਦਿਆ, ਘੋੜ ਸਵਾਰੀ, ਤੈਰਾਕੀ, ਸ਼ਸਤਰ ਵਿਦਿਆ ਅਤੇ ਸਰੀਰਕ ਕਸਰਤਾਂ ਦਾ ਵਿਸ਼ੇਸ਼ ਪ੍ਰਬੰਧ ਸੀ। ਆਪ ਤਲਵਾਰ ਦੇ ਧਨੀ ਸਨ। ਛੋਟੀ ਉਮਰ ਵਿੱਚ ਹੀ ਆਪਣੇ ਪਿਤਾ ਜੀ ਨਾਲ ਰਣਭੂਮੀ ਜਾਂਦੇ ਰਹੇ ਸਨ। ਇਕ ਜੰਗ ਵਿਚ 10 ਸਾਲ ਦੀ ਉਮਰ ਵਿੱਚ ਹੀ ਇਕ ਪਠਾਣ ਨੂੰ ਮਾਰ ਮੁਕਾਇਆ। ਪਿਤਾ ਜੀ ਦੇ ਚਲਾਣੇ 'ਤੇ 12 ਸਾਲ ਦੀ ਉਮਰ ਵਿੱਚ ਸ਼ੁਕਰਚੱਕੀਆਂ ਮਿਸਲ ਦੇ ਸਰਦਾਰ ਬਣ ਗਏ। ਛੋਟੀ ਉਮਰ ਕਰਕੇ ਸ੍ਰ. ਦਲ ਸਿੰਘ, ਦੀਵਾਨ ਲਖਪਤ ਰਾਏ ਅਤੇ ਮਾਤਾ ਰਾਜ ਕੌਰ ਜੀ ਨੇ ਰਿਆਸਤ ਦਾ ਪ੍ਰਬੰਧ ਸੰਭਾਲੀ ਰਖਿਆ। ਦੀਵਾਨ ਲਖਪਤ ਰਾਏ ਅਤੇ ਮਾਤਾ ਰਾਜ ਕੌਰ ਦੇ ਚਲਾਣੇ ਵੇਲੇ ਸ੍ਰ. ਰਣਜੀਤ ਸਿੰਘ ਜੀ ਦੀ ਉਮਰ 18 ਸਾਲ ਸੀ। ਉਹਨਾਂ ਨੇ ਕਾਰਜ ਭਾਰ ਆਪ ਸੰਭਾਲ ਲਿਆ। ਸੰਨ 1795 ਵਿੱਚ ਆਪ ਜੀ ਦਾ ਵਿਆਹ ਘਨਈਆ ਮਿਸਲ ਦੀ ਧੀ ਮਤਾਬ ਕੌਰ ਨਾਲ ਹੋਇਆ। ਆਪ ਜੀ ਦੀ ਸੱਸ ਰਾਣੀ ਸਦਾ ਕੌਰ ਦੀ ਯੋਗ ਅਗਵਾਈ ਹੇਠ ਆਪ ਨੇ ਬਹੁਤ ਤਰੱਕੀ ਕੀਤੀ।

ਆਪ ਜੀ ਨੇ ਕਈ ਮਿਸਲਾਂ ਨੂੰ ਜਿੱਤ ਕੇ 1799 ਵਿੱਚ ਸਿੱਖ ਸਾਮਰਾਜ ਦੀ ਨੀਂਹ ਰੱਖੀ ਕਿ ਜਮਾਲ ਸ਼ਾਹ ਦੇ ਲਾਹੌਰ ਤੋਂ ਵਾਪਸ ਜਾਣ ਤੇ ਭੰਗੀ ਸਰਦਾਰਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਭੰਗੀਆਂ ਦੇ ਅਯਾਸ਼ੀ ਨਿਕੰਮੇ ਰਾਜ ਪ੍ਰਬੰਧ ਤੋਂ ਪਰਜਾ ਬਹੁਤ ਦੁੱਖੀ ਸੀ। ਕਸੂਰ ਦਾ ਨਵਾਬ ਨਿਜਾਮੂਦੀਨ ਕਸੂਰ 'ਤੇ ਹਮਲਾ ਕਰਨਾ ਚਾਹੁੰਦਾ ਸੀ। ਪਰਜਾ ਸੁੱਖ ਸ਼ਾਂਤੀ ਲਈ ਅਤੇ ਅਮਨ ਕਾਇਮ ਰੱਖਣ ਲਈ ਸ੍ਰ. ਰਣਜੀਤ ਸਿੰਘ ਜੀ ਨੂੰ ਲਾਹੌਰ ਦਾ ਹਾਕਮ ਬਣਾਉਣਾ ਚਾਹੁੰਦੀ ਸੀ। ਲਾਹੌਰ ਦੇ ਪਤਵੰਤਿਆਂ ਨੇ ਅਰਜ਼ ਕੀਤੀ ਕਿ ਤੁਹਾਨੂੰ ਅਸੀਂ ਲਾਹੌਰ 'ਤੇ ਕਬਜ਼ਾ ਕਰਨ ਦੀ ਬੇਨਤੀ ਕਰਦੇ ਹਾਂ। ਇਸ ਮੌਕੇ ਹਕੀਮ ਹਾਕਮ ਰਾਇ, ਮਾਹਿਰ ਮੁਹਕਮਦੀਨ, ਮੀਆਂ ਮੁਹੰਮਦ ਚਾਕਰ, ਮੀਆਂ ਮੁਹੰਮਦ ਤਾਹਰ, ਮੀਆਂ ਆਸ਼ਕ ਮੁਹੰਮਦ ਅਤੇ ਭਾਈ ਗੁਰਬਖਸ ਸਿੰਘ ਆਦਿ। ਸ੍ਰ. ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰਨ ਦਾ ਫੈਸਲਾ ਕੀਤਾ। ਰਾਣੀ ਸਦਾ ਕੌਰ ਵੀ ਉਹਨਾਂ ਦੀ ਮਦਦ ਲਈ ਆ ਗਈ। ਦੋਹਾਂ ਨੇ 2500 ਦੀ ਫ਼ੌਜ ਨਾਲ ਲਾਹੌਰ ਤੇ ਸਾਂਝੇ ਤੌਰ 'ਤੇ ਹਮਲਾ ਕਰ ਦਿੱਤਾ। ਰਾਣੀ ਸਦਾ ਕੌਰ ਨੇ ਦਿੱਲੀ ਦਰਵਾਜੇ ਤੋਂ ਹਮਲਾ ਕੀਤਾ। ਨਾਲ ਹੀ ਸ੍ਰ. ਰਣਜੀਤ ਸਿੰਘ ਜੀ ਨੇ ਲੁਹਾਰੀ ਦਰਵਾਜੇ ਤੋਂ ਹਮਲਾ ਕੀਤਾ। ਭੰਗੀ ਸਾਹਿਬ ਸਿੰਘ ਅਤੇ ਮੋਹਰ ਸਿੰਘ ਨਸ ਗਏ। ਮੁਹਕਮਦੀਨ ਨੇ ਸ਼ਹਿਰ ਦੇ ਦਰਵਾਜੇ ਖੁਲ੍ਹਵਾ ਲਏ। ਸਰਦਾਰ ਚੇਤ ਸਿੰਘ ਕਿਲਾ ਖਾਲੀ ਕਰ ਗਿਆ। ਲਾਹੌਰ 'ਤੇ ਖ਼ਾਲਸੇ ਦਾ ਕਬਜ਼ਾ ਹੋ ਗਿਆ। 7 ਜੁਲਾਈ 1799 ਨੂੰ ਭੰਗੀ ਸਰਦਾਰ ਚੇਤ ਸਿੰਘ ਨੇ ਅਧੀਨਗੀ ਮੰਨ ਲਈ, ਉਸ ਨੂੰ ਵੱਡੀ ਜਾਗੀਰ ਦਿੱਤੀ ਗਈ। ਭੰਗੀ ਸਰਦਾਰ ਸਾਹਿਬ ਸਿੰਘ ਤੇ ਮੋਹਰ ਸਿੰਘ ਨੇ ਸ੍ਰ. ਜੋਧ ਸਿੰਘ ਰਾਮਗੜ੍ਹੀਆ ਅਤੇ ਕਸੂਰ ਦੇ ਨਵਾਬ ਨਿਜਾਮਦੀਨ ਨਾਲ ਮਿਲ ਕੇ ਲਾਹੌਰ ਤੇ ਕਬਜ਼ਾ ਕਰਨ ਦਾ ਯਤਨ ਕੀਤਾ। ਭਸੀਨ ਦੇ ਮੈਦਾਨ ਵਿੱਚ ਹੋਈ ਲੜਾਈ ਵਿੱਚ ਖ਼ਾਲਸੇ ਦੀ ਜਿੱਤ ਹੋਈ। ਇਹਨਾਂ ਭੰਗੀਆਂ ਨੂੰ ਵੀ ਚੰਗੀਆਂ ਜਾਗੀਰਾਂ ਮਿਲੀਆਂ। ਜਿਸ ਕਿਸੇ ਨੇ ਵੀ ਅਧੀਨਗੀ ਮੰਨ ਲਈ, ਜਾਗੀਰਾਂ ਦਿੱਤੀਆਂ ਗਈਆਂ। ਨਾਲ ਹੀ ਮੀਰੋਵਾਲ ਅਤੇ ਨਾਰੋਵਾਲ ਵੀ ਜਿੱਤ ਲਏ।

ਰਣਜੀਤ ਸਿੰਘ ਨੇ ਜੰਮੂ ਤੇ ਚੜ੍ਹਾਈ ਕੀਤੀ। ਜੰਮੂ ਦੇ ਰਾਜੇ ਨੇ ਅਧੀਨਤਾ ਮੰਨ ਲਈ ਅਤੇ 20 ਹਜ਼ਾਰ ਰੁਪਏ ਤੇ ਇੱਕ ਹਾਥੀ ਭੇਂਟ ਕੀਤਾ। ਮੁੜਦਿਆਂ ਸ੍ਰ. ਰਣਜੀਤ ਸਿੰਘ ਨੇ ਸਿਆਲਕੋਟ ਅਤੇ ਦਿਲਾਵਰਗੜ ਉੱਤੇ ਕਬਜ਼ਾ ਕੀਤਾ। ਖ਼ਾਲਸੇ ਦੀਆਂ ਹੋ ਰਹੀਆਂ ਜਿੱਤਾਂ ਤੇ ਅੰਗਰੇਜ਼ਾਂ ਨੇ ਵੀ ਦੋਸਤੀ ਦਾ ਹੱਥ ਵਧਾਇਆ।

13 ਅਪ੍ਰੈਲ 1801 ਨੂੰ ਰਣਜੀਤ ਸਿੰਘ ਬਕਾਇਦਾ ਤਖ਼ਤ 'ਤੇ ਬੈਠਾ ਅਤੇ ਮਹਾਰਾਜਾ ਦੀ ਪਦਵੀ ਹਾਸਿਲ ਕੀਤੀ। ਗੁਰੂ ਨਾਨਕ ਦੇਵ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਨਾਮ ਦੇ ਸਿੱਕੇ ਜਾਰੀ ਕੀਤੇ। ਮਹਾਰਾਜਾ ਨੇ ਰਾਜ ਪ੍ਰਬੰਧ ਵਿੱਚ ਸੁਧਾਰ ਲਿਆਂਦਾ। ਰਾਜ ਪ੍ਰਬੰਧ ਵਿੱਚ ਹਿੰਦੂ, ਮੁਸਲਮਾਨ ਅਤੇ ਸਿੱਖਾਂ ਨੂੰ ਯੋਗਤਾ ਅਨੁਸਾਰ ਪ੍ਰਬੰਧਕ ਰਖਿਆ। ਅਮਨ ਕਾਨੂੰਨ ਨੂੰ ਯਕੀਨੀ ਬਣਾਇਆ, ਪਰਜਾ ਦਾ ਵਿਸ਼ਵਾਸ ਜਿੱਤਿਆ।

ਧਰਮ ਅਸਥਾਨਾਂ ਦੀ ਉਨਤੀ ਲਈ ਮਾਇਆ ਵੰਡੀ। ਸਕੂਲਾਂ ਅਤੇ ਹਸਪਤਾਲਾਂ ਦਾ ਮਿਆਰ ਵਧਾਇਆ। ਸਰਕਾਰੀ ਕਰਮਚਾਰੀਆਂ ਨੂੰ ਪਰਜਾ ਦੇ ਜਵਾਬਦੇਹ ਬਣਾਇਆ। ਲੋਕ ਰਾਜ ਪੱਖੀ ਸਭਨਾਂ ਦਾ ਸਾਂਝਾ ਪੰਜਾਬੀ ਖ਼ਾਲਸਾ ਰਾਜ ਸਥਾਪਤ ਕੀਤਾ। ਭਰਾਤਰੀ ਭਾਵ ਵਧਿਆ। ਛੋਟੀਆਂ ਵੱਡੀਆਂ ਤਾਕਤਾਂ ਨਾਲ ਬੜੀ ਸਿਆਣਪ ਨਾਲ ਨਜਿੱਠ ਕੇ ਆਪਣਾ ਵਿਸ਼ਾਲ ਰਾਜ ਕਾਇਮ ਕੀਤਾ। ਕੁਸ਼ਲ ਰਜ ਪ੍ਰਬੰਧ ਚਲਾਉਂਦਿਆਂ ਜੰਗੀ ਮੁਹਿੰਮਾਂ ਵੀ ਜਾਰੀ ਰੱਖੀਆਂ।



ਸੰਨ 1801 ਦੌਰਾਨ ਕਸੂਰ ਵਿਰੁੱਧ ਫ਼ੌਜ ਭੇਜੀ। ਫਸਵੀਂ ਲੜਾਈ ਤੋਂ ਬਾਅਦ ਨਿਜ਼ਾਮਦੀਨ ਨੇ ਅਧੀਨਗੀ ਮੰਨ ਲਈ ਅਤੇ ਰਕਮ ਭਰਨ ਦੀ ਹਾਮੀ ਭਰੀ ਪਰ ਨਿਜ਼ਾਮਦੀਨ ਨੇ ਇੱਕ ਵਾਰ ਫਿਰ ਕੋਸ਼ਿਸ਼ ਕੀਤੀ ਪਰ ਮਹਾਰਾਜਾ ਨੇ ਉਸ ਨੂੰ ਹਾਰ ਦਿੱਤੀ। ਨਿਜਾਮਦੀਨ 1807 ਵਿਚ ਗੁਜਰ ਗਿਆ। ਉਸ ਦਾ ਭਰਾ ਕੁਤਬਦੀਨ ਕਸੂਰ ਦਾ ਹਾਕਮ ਬਣਿਆ। ਮਹਾਰਾਜੇ ਨੇ ਕਸੂਰ 'ਤੇ ਚੜ੍ਹਾਈ ਕਰ ਦਿੱਤੀ। ਮਹਾਰਾਜੇ ਨੇ ਕਸੂਰ 'ਤੇ ਕਬਜ਼ਾ ਕਰਕੇ ਨਵਾਬ ਕੁਤਬਦੀਨ ਨੂੰ ਮਮਦੋਟ ਇੱਕ ਲੱਖ ਰੁਪਏ ਸਲਾਨਾ ਆਮਦਨ ਦੀ ਜਾਗੀਰ ਭੇਂਟ ਕੀਤੀ। ਸੰਨ 1803 ਵਿੱਚ ਮਹਾਰਾਜਾ ਨੇ ਮੁਲਤਾਨ 'ਤੇ ਚੜ੍ਹਾਈ ਕੀਤੀ। ਨਵਾਬ ਮੁਜਫਰ ਖਾਂ ਨੇ ਅਧੀਨਗੀ ਮੰਨ ਕੇ ਰਕਮ ਅਦਾਇਗੀ ਕੀਤੀ। ਇਸ ਲੜਾਈ ਵਿੱਚ ਨਵਾਬ ਕੁਤਬਦੀਨ ਨੇ ਮੁਲਤਾਨ ਦੇ ਨਵਾਬ ਦੀ ਮਦਦ ਕਰਨ ਬਦਲੇ ਮਹਾਰਾਜਾ ਤੋਂ ਮੁਆਫ਼ੀ ਲਈ 70 ਹਜਾਰ ਰੁਪਿਆ ਦਿੱਤਾ। ਸੰਨ 1805 ਵਿੱਚ ਅੰਗਰੇਜ਼ ਲਾਰਡ ਲੇਕ ਅਤੇ ਇੰਦੋਰ ਦਾ ਮਹਾਰਾਜਾ ਜਸਵੰਤ ਰਾਉ ਹੋਲਕਰ ਵਿਚਕਾਰ ਲੜਾਈ ਦੇ ਆਸਾਰ ਬਣ ਗਏ। ਮਹਾਰਾਜਾ ਨੇ ਉਹਨਾਂ ਦਾ ਰਾਜੀਨਾਵਾਂ ਕਰਵਾ ਦਿੱਤਾ। ਅੰਗਰੇਜ਼ਾਂ ਨੇ ਉਸ ਦਾ ਇਲਾਕਾ ਵਾਪਸ ਕਰ ਦਿੱਤਾ। ਮਹਾਰਾਜਾ ਨੇ ਪਟਿਆਲਾ ਅਤੇ ਨਾਭਾ ਦਾ ਝਗੜਾ ਵੀ ਨਿਬੇੜਿਆ। ਨਿਪਾਲੀ ਜਰਨੈਲ ਅਮਰ ਸਿੰਘ ਥਾਪਾ ਨੇ ਪ ਹਾੜੀ ਇਲਾਕਾ ਕਬਜ਼ੇ ਹੇਠ ਲਿਆ ਤਾਂ ਮਹਾਰਾਜਾ ਨੇ ਉਸ ਨੂੰ ਕਾਂਗੜ ਤੋਂ ਭਜਾ ਦਿੱਤਾ । ਮਹਾਰਾਜਾ ਨਾਲ ਹੀ ਪਠਾਨਕੋਟ, ਜਸਰੋਟਾਂ ਅਤੇ ਚੰਬਾ ਵੀ ਫਤਹਿ ਕਰ ਲਿਆ।

ਸਰਦਾਰ ਤਾਰਾ ਸਿੰਘ ਡੱਲੇਵਾਲ ਦੇ ਮਰਨ 'ਤੇ ਮਹਾਰਾਜਾ ਨੇ ਉਸ ਦਾ ਇਲਾਕਾ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ। ਸੰਨ 1808 ਵਿੱਚ ਪਟਿਆਲਾ ਦੇ ਸਰਦਾਰਾਂ ਨੇ ਅੰਗਰੇਜ਼ਾਂ ਨਾਲ ਸਾਂਝ ਪਾਉਣ ਦਾ ਫੈਸਲਾ ਕੀਤਾ। ਅੰਗਰੇਜ਼ ਨੈਪੋਲੀਅਨ ਅਤੇ ਰੂਸ ਦੇ ਬਾਦਸ਼ਾਹ ਦੇ ਹਮਲੇ ਤੋਂ ਡਰਦਿਆਂ ਸਿੱਖਾਂ ਨਾਲ ਭਿੜਨਾ ਨਹੀਂ ਚਾਹੁੰਦੇ ਸਨ। ਮਹਾਰਾਜਾ ਅਤੇ ਅੰਗਰੇਜ਼ਾਂ ਵਿੱਚ ਸੰਧੀ ਤਜ਼ਵੀਜ਼ ਚੱਲ ਰਹੀ ਸੀ। ਮਹਾਰਾਜਾ ਨੇ ਮਾਲਵੇ ਦੇ ਇਲਾਕੇ ਨੂੰ ਸੁਰੱਖਿਅਤ ਕਰਨਾ ਚਾਹਿਆ। ਅੰਗਰੇਜ਼ਾਂ ਨੇ ਮਹਾਰਾਜਾ ਨੂੰ ਚਿੱਠੀ ਭੇਜੀ ਕਿ ਸਤਲੁਜ ਤੋਂ ਦੱਖਣ ਦੇ ਸਿੱਖ ਇਲਾਕਿਆਂ ਨੂੰ ਉਹਨਾਂ ਆਪਣੀ ਰੱਖਿਆ ਹੇਠ ਲੈ ਲਿਆ ਹੈ। ਅੰਗਰੇਜ਼ ਫੌਜ ਲੁਧਿਆਣਾ ਆ ਟਿੱਕੀ। ਮਹਾਰਾਜਾ ਨੇ ਵੀ ਤਿਆਰੀ ਫੜ ਲਈ। ਫ਼ੌਜ ਦਾ ਤੋਪਖਾਨਾ ਫਿਲੌਰ ਭੇਜਿਆ। ਅੰਮ੍ਰਿਤਸਰ ਦੇ ਕਿਲੇ ਪੱਕੇ ਕਰ ਲਏ। ਤੋਪਾਂ ਬੀੜ ਲਈਆਂ। ਸਿੱਖਾਂ ਨੂੰ ਤਿਆਰੀ ਲਈ ਇੱਕ ਲੱਖ ਫ਼ੌਜ ਦੇ ਦਿੱਤੀ ਪਰ ਕੋਈ ਕਦਮ ਨਾ ਚੁੱਕਿਆ।

25 ਅਪ੍ਰੈਲ 1809 ਨੂੰ ਅੰਮ੍ਰਿਤਸਰ ਦੀ ਸੰਧੀ ਦੀਆਂ ਹੇਠ ਲਿਖੀਆਂ ਸ਼ਰਤਾਂ ਸਨ

ਅੰਗਰੇਜ਼ੀ ਸਰਕਾਰ ਤੇ ਲਾਹੌਰ ਦਰਬਾਰ ਵਿਚ ਦੋਸਤਾਨਾ ਰਹੇਗਾ, ਅੰਗਰੇਜ਼ ਸਰਕਾਰ ਮਹਾਰਾਜਾ ਸਾਹਿਬ ਦਾ ਸਤਿਕਾਰ ਅਤੇ ਇੱਕ ਵੱਡੀ ਸ਼ਕਤੀ ਗਿਣੇਗੀ। ਉਹਨਾਂ ਦੇ ਉੱਤਰ ਵੱਲ ਸਤਲੁਜ ਦਰਿਆ ਦੇ ਇਲਾਕਿਆਂ ਵਿੱਚ ਦਖ਼ਲ ਨਹੀਂ ਦੇਵੇਗੀ। ਮਹਾਰਾਜਾ ਸਤਲੁਜ ਦੇ ਦੱਖਣ ਇਲਾਕਿਆਂ ਵਿੱਚ ਦਖਲ ਨਹੀਂ ਦੇਵੇਗਾ।

ਇਸ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਲੁਧਿਆਣਾ ਛਾਉਣੀ ਪਾ ਲਈ। ਇਸ ਨਾਲ ਮਹਾਰਾਜਾ ਦਾ ਇਕ ਪਾਸਿਓਂ ਅੰਗਰੇਜ਼ਾਂ ਦਾ ਡਰ ਖ਼ਤਮ ਹੋ ਗਿਆ। ਹੁਣ ਉਹ ਪੱਛਮ ਦੇ ਪਹਾੜੀ ਇਲਾਕੇ ਜਿੱਤਣ ਵਲ ਧਿਆਨ ਦੇਣ ਲੱਗਿਆ। ਅੰਗਰੇਜ਼ਾਂ ਦੀ ਸਿੱਖਾਂ ਦੀ ਤਾਕਤ ਘਟਾਉਣ ਦੀ ਸਾਜ਼ਿਸ਼ ਸੀ। ਅੰਗਰੇਜ਼ਾਂ ਦੀ ਲੁਧਿਆਣਾ ਛਾਉਣੀ ਦੇ ਬਰਾਬਰ ਮਹਾਰਾਜਾ ਨੇ ਕਾਂਗੜਾ ਵਾਲੀ ਫੌਜ ਨੂੰ ਫਿਲੌਰ ਤਾਇਨਾਤ ਹੋਣ ਦਾ ਹੁਕਮ ਦਿੱਤਾ। ਨੇਪਾਲ ਦਾ ਸੈਨਾਪਤੀ ਫੇਰ ਕਾਂਗੜਾ ਆ ਵੜਿਆ। ਗੋਰਖਿਆਂ ਨਾਲ ਡਟਵੀਂ ਲੜਾਈ ਹੋਈ। ਦਸੰਬਰ 24 1809 ਨੂੰ ਖ਼ਾਲਸਾ ਦਾ ਕਬਜ਼ਾ ਹੋ ਗਿਆ। ਸਰਦਾਰ ਦੇਸਾ ਸਿੰਘ ਮਜੀਠੀਏ ਨੂੰ ਹਾਕਮ ਬਣਾ ਦਿੱਤਾ। ਮਹਾਰਾਜਾ ਨੇ ਸ਼ਾਹੀ ਦਰਬਾਰ ਲਾਇਆ, ਜਿਸ ਵਿੱਚ ਚੰਬਾ, ਨੂਰਪੁਰ, ਕੋਟਲਾ, ਸ਼ਾਹਪੁਰਾ, ਗਲੇਰ, ਕਾਹੂਲੂਰ, ਮੰਡੀ, ਸਕਤੇ ਅਤੇ ਕੁਲਾ ਦੇ ਕੁਝ ਰਾਜ ਸ਼ਾਮਲ ਹੋਏ, ਜਿਹਨਾਂ ਨੇ ਰਕਮਾਂ ਅਦਾ ਕੀਤੀਆਂ ਸਨ।

ਮੁਲਤਾਨ ਉੱਤੇ 1803,1810, 1817,1818 ਵਿੱਚ ਹਮਲੇ ਕੀਤੇ। ਨਵਾਬ ਮੁਜਫਰ ਖਾਂ ਜਿਸ ਨੇ ਪਹਿਲਾਂ ਅਧੀਨਗੀ ਮੰਨੀ ਸੀ ,ਫਿਰ ਬਾਗੀ ਹੋ ਗਿਆ। ਮਹਾਰਾਜਾ ਦੀ ਫ਼ੌਜ ਅਤੇ ਸਰਦਾਰ ਫਤਹਿ ਸਿੰਘ ਆਹਲੂਵਾਲੀਆ ਦੀ ਫ਼ੌਜ ਨਾਲ ਉਸ ਦਾ ਟਾਕਰਾ ਹੋਇਆ। ਉਸਨੇ ਹਾਰ ਕੇ ਫਿਰ ਅਧੀਨਗੀ ਮੰਨ ਲਈ।

ਕਾਬਲ ਦੇ ਬਾਦਸ਼ਾਹ ਸ਼ਾਹ ਸੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲ੍ਹੇਦਾਰ ਜਹਾਨ ਖਾਂ ਸੀ। ਉਸਨੇ ਸ਼ਾਹ ਸੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਕੋਲ ਭੇਜ ਦਿੱਤਾ। ਕਾਬਲ ਤੋਂ ਵਜ਼ੀਰ ਫਤਹਿ ਖਾਨ ਨੂੰ ਪਤਾ ਲੱਗਿਆ ਕਿ ਸ਼ਾਹ ਸੁਜਾਹ ਕਸ਼ਮੀਰ ਵਿੱਚ ਹੈ। ਉਸਨੇ ਮਹਾਰਾਜਾ ਤੋਂ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿੱਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਦੇਵਾਂਗਾ। ਉਦੋਂ ਹੀ ਸ਼ਾਹ ਸੁਜਾਹ ਦੀ ਬੇਗਮ ਨੇ ਮਹਾਰਾਜਾ ਨੂੰ ਕਿਹਾ ਕਿ ਜੇ ਤੁਸੀਂ ਸ਼ਾਹ ਸੁਜਾਹ ਨੂੰ ਛੁਡਾ ਦਿਓ ਤਾਂ ਉਹ ਕੋਹੇਨੂਰ ਹੀਰਾ ਦੇਵੇਗੀ। ਮਹਾਰਾਜਾ ਨੇ ਕਸ਼ਮੀਰ ਤੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਸਰਦਾਰ ਨਲੂਆ 12 ਹਜ਼ਾਰਾਂ ਦੀ ਫ਼ੌਜ ਨਾਲ ਸ੍ਰੀਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਟਾਕਰਾ ਨਾ ਕਰ ਸਕਿਆ। ਖ਼ਾਲਸਾ ਨੇ ਸ਼ੇਰਗੜੀ ਤੇ ਕਬਜ਼ਾ ਕਰਕੇ ਸ਼ਾਹ ਸੁਜਾਹ ਨੂੰ ਕੈਦ ਵਿਚੋਂ ਛੁਡਵਾਇਆ। ਜਦੋਂ ਖ਼ਾਲਸਾ ਨੇ ਵਜ਼ੀਰ ਫਤਹਿ ਖਾਨ ਕੋਲੋਂ ਲੁੱਟ ਦਾ ਅੱਧ ਮੰਗਿਆ ਤਾਂ ਬਹਾਨੇ ਲਾਉਣ ਲੱਗਿਆ। ਖ਼ਾਲਸਾ ਫੌਜ ਨੇ ਸਾਹ ਸੁਜ਼ਾਹ ਨੂੰ ਲਾਹੌਰ ਉਸ ਦੀ ਬੇਗਮ ਕੋਲ ਪਹੁੰਚਾ ਦਿੱਤਾ। ਬੇਗਮ ਨੇ ਜੂਨ 1813 ਵਿੱਚ ਕੋਹੇਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿੱਤਾ।

ਬਾਰਕਜਈ ਸਰਦਾਰਾਂ ਦੀ ਅਫ਼ਗਾਨਿਸਤਾਨ ਵਿੱਚ ਵੱਧਦੀ ਤਾਕਤ ਵੇਖ ਕੇ ਅਟਕ ਦੇ ਕਿਲੇਦਾਰ ਜਹੀਦਾਦ ਨੇ ਬਾਰ ਕਜਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਾਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿੱਤਾ। ਕਾਬਲ ਤੋਂ ਵਜ਼ੀਰ ਫਤਹਿ ਖਾਂ ਨੇ ਆਪਣਾ ਭਰਾ ਦੋਸਤ ਮੁਹੰਮਦ ਨਾਲ 15 ਹਜਾਰ ਦੀ ਫ਼ੌਜ ਲੈ ਕੇ ਅਟਕ ਦਾ ਕਿਲਾ ਛੁਡਵਾਉਣ ਲਈ ਚੜ੍ਹਾਈ ਕਰ ਦਿੱਤੀ। ਹਜ਼ਾਰੇ ਨੇੜੇ ਖ਼ੂਨੀ ਝੜਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ। ਉਸ ਦੀ ਫ਼ੌਜ ਭੱਜ ਗਈ। ਇਸ ਨਾਲ 13 ਜੁਲਾਈ 1813 ਨੂੰ ਖ਼ਾਲਸੇ ਦੀ ਜਿੱਤ ਹੋਈ। ਸੰਨ 1814 ਵਿੱਚ ਮਹਾਰਾਜਾ ਆਪ ਕਸ਼ਮੀਰ ਦੀ ਮੁਹਿੰਮ 'ਤੇ ਗਏ। ਬਹਿਰਾਮ , ਅਮਾਦਪੁਰ ਤੇ ਹਮੀਰਾ 'ਤੇ ਕਬਜ਼ਾ ਕੀਤਾ। ਖ਼ਾਲਸੇ ਨੇ ਸ਼੍ਰੀ ਨਗਰ ਨੂੰ ਘੇਰਾ ਪਾਇਆ। ਕਸ਼ਮੀਰ ਦੇ ਹਾਕਮ ਅਜੀਮਾਂ ਨੇ ਸੁਲਾਹ ਕਰ ਲਈ ਤਾਂ ਮੁਹਿੰਮ ਖਤਮ ਹੋਈ। ਸੰਨ 1815 ਵਿੱਚ ਖ਼ਾਲਸਾ ਫ਼ੌਜ ਨੇ ਰਾਜੌਰੀ ਤੇ ਭਿੰਬਰ ਦੇ ਕਿਲ੍ਹਿਆਂ ਨੂੰ ਜਿੱਤਿਆਂ। ਰਾਜਾ ਨੂਰਪੁਰ,ਰਾਜਾ ਜਸਵਾਲ ਅਤੇ ਕਾਂਗੜਾ ਦੇ ਇਲਾਕੇ ਵੀ ਸਰ ਕਰ ਲਏ। ਮੁਲਤਾਨ ਦ ਨਵਾਬ ਮੁਜਫਰ ਖਾਂ ਨੇ ਚੜ੍ਹਾਈ ਕਰ ਦਿੱਤੀ। ਮੁਲਤਾਨ ਦੇ ਨੇੜੇ ਘਮਸਾਣ ਦੀ ਲੜਾਈ ਹੋਈ। ਨਵਾਬ ਕਿਲੇ ਅੰਦਰ ਚਲਾ ਗਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿੱਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜੇ ਅੱਗੇ ਭੰਗੀਆਂ ਦੀ ਤੋਪ ਜਮਜਮਾ ਅਤੇ ਜੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿੱਚ ਪਾੜ ਪਾ ਲਿਆ। ਅਕਾਲੀ ਫੂਲਾ ਸਿੰਘ ਦਾ ਜਥਾ ਕਿਲੇ ਵਿੱਚ ਦਾਖਲ ਹੋ ਗਿਆ। ਮੁਲਤਾਨ ਦਾ ਨਵਾਬ ਮੁਜਫਰ ਖਾਂ ਮਾਰਿਆ ਗਿਆ। ਜੂਨ 2,1818 ਨੂੰ ਮੁਲਤਾਨ ਪੂਰੀ ਤਰਾਂ ਖ਼ਾਲਸਾ ਰਾਜ ਹੇਠ ਆ ਗਿਆ।

18 ਨਵੰਬਰ 1818 ਨੂੰ ਮਹਾਰਾਜਾ ਨੇ ਪਿਸ਼ਾਵਰ ਤੇ ਚੜ੍ਹਾਈ ਕੀਤੀ। ਰੁਹ ਤਾਸ, ਰਾਵਲਪਿੰਡੀ, ਪੰਜਾ ਸਾਹਿਬ, ਤੋਂ ਹੁੰਦੇ ਹੋਏ ਹਜ਼ਰੋ ਪਹੁੰਚੇ। ਦਰਿਆ ਅਟਕ ਪਾਰ ਪਠਾਣਾਂ ਨਾਲ ਘਮਸਾਣ ਦੀ ਜੰਗ ਹੋਈ। ਸਿੰਘ ਯੋਧੇ ਬਹਾਦਰੀ ਨਾਲ ਲੜੇ। ਅਕਾਲੀ ਫੂਲਾ ਸਿੰਘ ਨੇ ਜੰਗੀ ਜੌਹਰ ਵਿਖਾ ਕੇ ਪਠਾਣਾ ਦੇ ਛੱਕੇ ਛੁਡਾ ਦਿੱਤੇ। ਉਹਨਾਂ ਹਾਰ ਮੰਨ ਲਈ। ਮਹਾਰਾਜਾ ਨੇ ਖੈਰਾਬਾਦ ਤੇ ਜਹਾਂਗੀਰੀ ਦੇ ਕਿਲ੍ਹਿਆਂ 'ਤੇ ਕਬਜ਼ਾ ਕਰ ਲਿਆ। ਜਦੋਂ ਖ਼ਾਲਸਾ ਫ਼ੌਜ ਪਿਸ਼ਾਵਰ ਵੱਲ ਵਧੀ ਤਾਂ ਹਾਕਮ ਯਾਰ ਮੁਹੰਮਦ ਖਾਂ ਭਜ ਗਿਆ। ਮਹਾਰਾਜਾ ਦੇ ਹੱਥ 14 ਤੋਪਾਂ ਤੇ ਘੋੜਿਆਂ ਸਮੇਤ ਬਹੁਤ ਸਾਰਾ ਜੰਗੀ ਸਮਾਨ ਹੱਥ ਆਇਆ। ਮਹਾਰਾਜਾ ਨੇ ਕਬਜ਼ਾ ਕਰਕੇ ਜਹਾਂਦਾਦ ਨੂੰ ਪਿਸ਼ਾਵਰ ਦਾ ਹਾਕਮ ਨਿਯੁਕਤ ਕੀਤਾ। ਮਹਾਰਾਜਾ ਦੇ ਮੁੜਨ 'ਤੇ ਯਾਰ ਮੁਹੰਮਦ ਖਾਂ ਨੇ ਜਹਾਂਦਾਦ ਨੂੰ ਕੱਢ ਕੇ ਬੇਨਤੀ ਭੇਜੀ ਕਿ ਮੈਨੂੰ ਹਾਕਮ ਬਣਾਓ। ਮੈਂ ਸਾਲ ਦਾ ਇੱਕ ਲੱਖ ਰੁਪਿਆ ਦੇਵਾਂਗਾ। ਮਹਾਰਾਜਾ ਨੇ ਉਸ ਨੂੰ ਪਿਸ਼ਾਵਰ ਦਾ ਹਾਕਮ ਬਣਾਂ ਦਿੱਤਾ।

ਕਸ਼ਮੀਰ ਦਾ ਹਾਕਮ ਜਾਬਰ ਖਾਂ ਪਰਜਾ ਤੇ ਬੜਾ ਜ਼ੁਲਮ ਕਰਦਾ ਸੀ। ਉਸ ਦਾ ਮਾਲ ਮੰਤਰੀ ਪੰਡਤ ਬੀਰ ਦੇਵ ਮਹਾਰਾਜਾ ਦੀ ਸ਼ਰਨ ਵਿਚ ਆ ਗਿਆ। ਮਹਾਰਾਜਾ ਨੇ ਉਸ ਤੋਂ ਕਸ਼ਮੀਰ ਦੇ ਜੰਗੀ ਰਸਤੇ ਦੀ ਜਾਣਕਾਰੀ ਲੈ ਲਈ। ਰਾਜੌਰੀ ਹਮਲਾ ਕਰਨ ਲਈ ਸ਼ਹਿਜ਼ਾਦਾ ਖੜਕ ਸਿੰਘ ਨੂੰ ਮੁੱਖ ਬਣਾਇਆ। ਉਥੋਂ ਦਾ ਹਾਕਮ ਅਗਰ ਖਾਂ ਭੱਜ ਗਿਆ। ਉਸ ਦੇ ਭਰਾ ਹਰੀਮਉਲਾ ਨੂੰ ਕੈਦ ਕਰ ਲਿਆ। ਮਹਾਰਾਜਾ ਨੇ ਉਸ ਨੂੰ ਹਾਕਮ ਬਣਾ ਦਿੱਤਾ।

ਖ਼ਾਲਸਾ ਫ਼ੌਜ ਬਹਿਰਾਮ ਪਹੁੰਚੀ। ਸਪੀਨ ਦੇ ਹਾਕਮ ਨੇ ਅਧੀਨਗੀ ਮੰਨ ਲਈ। ਸੰਨ 1819 ਵਿਚ ਕਸ਼ਮੀਰ ਤੇ ਹੱਲਾ ਬੋਲਿਆ। ਜਬਰ ਖ ਾਂ ਮੈਦਾਨ ਛੱਡ ਦੇ ਭਜ ਗਿਆ। ਖ਼ਾਲਸਾ ਫ਼ੌਜ ਅਮਨ ਪੂਰਵਕ ਸ੍ਰੀਨਗਰ ਦਾਖਲ ਹੋਈ। ਦਿਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਹਾਕਮ ਨਿਯੁਕਤ ਕੀਤਾ। ਸ੍ਰ. ਸ਼ਾਮ ਸਿੰਘ ਅਟਾਰੀ , ਸ੍ਰ ਜਵਾਲਾ ਸਿੰਘ ਭੜਾਣੀਆਂ ਅਤੇ ਮਿਸਰ ਦੀਵਾਨ ਚੰਦ ਇਲਾਕੇ ਦੀ ਦੇਖ ਭਾਲ ਲਈ ਉਥੇ ਟਿਕੇ ਰਹੇ। ਮਹਾਰਾਜਾ ਨੇ ਕਸ਼ਮੀਰ ਦੀ ਉਨਤੀ ਲਈ ਬੜੇ ਯਤਨ ਕੀਤੇ। ਵਪਾਰ ਨੂੰ ਉਤਸ਼ਾਹ ਦਿੱਤਾ। ਜਦ ਭਿਆਨਕ ਕਾਲ ਪਿਆ ਤਾਂ ਮਹਾਰਾਜਾ ਨੇ ਦਿਲ ਖੋਹਲ ਕੇ ਅਨਾਜ ਵੰਡਿਆ। ਜਰਨੈਲ ਹਰੀ ਸਿੰਘ ਨਲੂਆ ਨੂੰ ਹਾਕਮ ਨਿਯੁਕਤ ਕੀਤਾ।

(ਚਲਦਾ)




# ਬੱਚਿਆਂ ਨੂੰ ਸਿਖਾਓ ਤੈਰਾਕੀ, ਡਾਂਸ ਤੇ ਹੋਰ ਗਤੀਵਿਧੀਆਂ

ਭਾਰਤੀ ਸਿੰਘ



ਬੱਚਿਆਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਲੰਬੇ ਦਿਨ ਹੁੰਦੇ ਹਨ। ਅਜਿਹੇ ’ਚ ਜ਼ਿਆਦਾਤਰ ਬੱਚੇ ਫੋਨ ਜਾਂ ਟੀ.ਵੀ. ਨਾਲ ਚਿਪਕੇ ਰਹਿੰਦੇ ਹਨ। ਜ਼ਿਆਦਾ ਟੀ.ਵੀ. ਜਾਂ ਫ਼ੋਨ ਦੇਖਣਾ ਨਾ ਸਿਰਫ਼ ਅੱਖਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਸਗੋਂ ਕਈ ਹੋਰ ਬਿਮਾਰੀਆਂ ਦਾ ਕਾਰਨ ਵੀ ਬਣਦਾ ਹੈ। ਇਸ ਲਈ ਗਰਮੀਆਂ ਵਿੱਚ ਬੱਚਿਆਂ ਨੂੰ ਰੁਝੇਵਿਆਂ ਵਿੱਚ ਰੱਖਣ ਲਈ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਦੀ ਤਿਆਰੀ ਕਰੋ। ਇਸ ਨਾਲ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਵਿੱਚ ਸੁਧਾਰ ਹੋਵੇਗਾ ਅਤੇ ਬੱਚਾ ਨਵਾਂ ਹੁਨਰ ਵੀ ਸਿੱਖੇਗਾ। ਤੁਸੀਂ ਬੱਚਿਆਂ ਨੂੰ ਉਹਨਾਂ ਦੀ ਪਸੰਦ ਅਤੇ ਜਨੂੰਨ ਦੇ ਅਨੁਸਾਰ ਇਹਨਾਂ ਵਿੱਚੋਂ ਕਿਸੇ ਵੀ ਗਤੀਵਿਧੀ ਵਿੱਚ ਸ਼ਾਮਲ ਕਰ ਸਕਦੇ ਹੋ।

**ਤੈਰਾਕੀ—** ਗਰਮੀਆਂ ਵਿੱਚ ਤੈਰਾਕੀ ਤੋਂ ਵਧੀਆ ਕੋਈ ਹੋਰ ਕਿਰਿਆ ਨਹੀਂ ਹੋ ਸਕਦੀ। ਬੱਚੇ ਪਾਣੀ ਵਿੱਚ ਮਸਤੀ ਕਰਨਾ ਪਸੰਦ ਕਰਦੇ ਹਨ। ਪੂਲ ਗਰਮੀ ਤੋਂ ਰਾਹਤ ਪ੍ਰਦਾਨ ਕਰਦਾ ਹੈ ਅਤੇ ਤੁਹਾਨੂੰ ਚੰਗੀ ਸਰੀਰਕ ਗਤੀਵਿਧੀ ਵੀ ਪ੍ਰਦਾਨ ਕਰਦਾ ਹੈ। ਬੱਚਿਆਂ ਨੂੰ ਤੈਰਾਕੀ ਜਾਣਨੀ ਚਾਹੀਦੀ ਹੈ। ਤੁਸੀਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਆਪਣੇ ਬੱਚੇ ਨੂੰ ਤੈਰਾਕੀ ਸਿਖਾ ਸਕਦੇ ਹੋ।

**ਡਾਂਸ-** ਡਾਂਸ ਬੱਚਿਆਂ ਦਾ ਹਰ ਸਮੇਂ ਪਸੰਦੀਦਾ ਹੁੰਦਾ ਹੈ। ਮੁੰਡੇ ਹੋਣ ਜਾਂ ਕੁੜੀਆਂ, ਹਰ ਕੋਈ ਡਾਂਸ ਕਰਨਾ ਪਸੰਦ ਕਰਦਾ ਹੈ। ਗਰਮੀਆਂ ਦੀਆਂ ਛੁੱਟੀਆਂ ਦੌਰਾਨ, ਤੁਸੀਂ ਆਪਣੇ ਬੱਚੇ ਦੇ ਡਾਂਸ ਹੁਨਰ ਨੂੰ ਸੁਧਾਰਨ ਲਈ ਡਾਂਸ ਅਕੈਡਮੀ ਵਿੱਚ ਭੇਜ ਸਕਦੇ ਹੋ। ਡਾਂਸ ਕਰਨਾ ਵੀ ਇੱਕ ਫਿਟਨੈਸ ਐਕਟੀਵਿਟੀ ਹੈ ਅਤੇ ਇਹ ਮਨ ਨੂੰ ਖੁਸ਼ ਰੱਖਦੀ ਹੈ।

**ਸੰਗੀਤ-** ਜੇਕਰ ਤੁਹਾਡਾ ਬੱਚਾ ਸੰਗੀਤ ਦਾ ਸ਼ੌਕੀਨ ਹੈ ਤਾਂ ਤੁਸੀਂ ਉਸ ਨੂੰ ਕੋਈ ਵੀ ਸਾਜ਼ ਸੰਗੀਤ ਸਿਖਾ ਸਕਦੇ ਹੋ। ਬੱਚੇ ਗਿਟਾਰ, ਤਬਲਾ ਅਤੇ ਹੋਰ ਸੰਗੀਤ ਵਜਾਉਣਾ ਪਸੰਦ ਕਰਦੇ ਹਨ। ਤੁਸੀਂ ਬੱਚੇ ਦੀ ਰੁਚੀ ਅਨੁਸਾਰ ਕੁਝ ਵੀ ਕਰਵਾ ਸਕਦੇ ਹੋ।

**ਜੂਡੋ ਕਰਾਟੇ—** ਗਰਮੀਆਂ ਵਿੱਚ ਬੱਚਿਆਂ ਨੂੰ ਜੂਡੋ ਕਰਾਟੇ ਸਿਖਾਏ ਜਾ ਸਕਦੇ ਹਨ। ਜੂਡੋ ਕਰਾਟੇ ਨੂੰ ਗਰਮੀਆਂ ਵਿੱਚ ਬਹੁਤ ਸਾਰੀਆਂ ਸੁਸਾਇਟੀਆਂ ਵਿੱਚ ਸਿਖਾਇਆ ਜਾਂਦਾ ਹੈ। ਇਸ ਰਾਹੀਂ ਬੱਚੇ ਸਵੈ-ਰੱਖਿਆ ਸਿੱਖਦੇ ਹਨ ਅਤੇ ਉਨ੍ਹਾਂ ਦਾ ਸਰੀਰ ਮਜ਼ਬੂਤ ਹੁੰਦਾ ਹੈ। ਗਰਮੀਆਂ ਵਿੱਚ, ਤੁਸੀਂ ਆਪਣੇ ਬੱਚੇ ਨੂੰ ਇਸ ਤਰ੍ਹਾਂ ਦੀ ਫਿਟਨੈਸ ਗਤੀਵਿਧੀ ਕਰਵਾ ਸਕਦੇ ਹੋ।



**ਸਕੇਟਿੰਗ—** ਬੱਚੇ ਵੀ ਸਕੇਟਿੰਗ ਦੇ ਬਹੁਤ ਸ਼ੌਕੀਨ ਹਨ। ਤੁਸੀਂ ਬੱਚਿਆਂ ਨੂੰ ਸਕੇਟਿੰਗ ਸਿਖਾ ਸਕਦੇ ਹੋ। ਇਹ ਇੱਕ ਮਜ਼ੇਦਾਰ ਹੁਨਰ ਹੈ ਜਿਸ ਨੂੰ ਬੱਚੇ ਬਹੁਤ ਪਸੰਦ ਕਰਦੇ ਹਨ। ਕਈ ਥਾਵਾਂ ’ਤੇ ਸਕੇਟਿੰਗ ਦੀਆਂ ਕਲਾਸਾਂ ਦਿੱਤੀਆਂ ਜਾਂਦੀਆਂ ਹਨ, ਇਸ ਨਾਲ ਸਰੀਰ ਨੂੰ ਸੰਤੁਲਨ ਬਣਾਉਣ ਵਿੱਚ ਮਦਦ ਮਿਲਦੀ ਹੈ।



# ਕੀ ਤੁਹਾਡਾ ਬੱਚਾ ਰਿਸ਼ਤੇਦਾਰਾਂ ਨੂੰ ਮਿਲਣ ਤੋਂ ਝਿਜਕਦਾ ਹੈ?



ਪ੍ਰਿਗਿਆ ਭਾਰਤੀ

ਬੱਚੇ ਦੀ ਆਪਣੀ ਵੱਖਰੀ ਅਤੇ ਬਹੁਤ ਹੀ ਵਿਲੱਖਣ ਦੁਨੀਆਂ ਹੁੰਦੀ ਹੈ। ਰਿਸ਼ਤੇਦਾਰਾਂ ਨਾਲ ਜੁੜਨ ਜਾਂ ਸਮਾਜਕ ਮੇਲ-ਜੋਲ ਕਰਨ ਵਿੱਚ ਬੱਚੇ ਦੀ ਝਿਜਕ ਦੇ ਕਾਰਨ ਵੱਖੋ-ਵੱਖਰੇ ਹੋ ਸਕਦੇ ਹਨ। ਇਹ ਬੱਚੇ ਦੀ ਵਿਕਾਸ ਦੀ ਉਮਰ ਅਤੇ ਉਨ੍ਹਾਂ ਦੇ ਸ਼ੁਰੂਆਤੀ ਅਨੁਭਵਾਂ ’ਤੇ ਨਿਰਭਰ ਕਰਦਾ ਹੈ। ਭਾਵੇਂ ਜ਼ਿੰਦਗੀ ਵਿੱਚ ਰਿਸ਼ਤੇ-ਨਾਤੇ ਦੋਵੇਂ ਅਹਿਮ ਹੁੰਦੇ ਹਨ ਪਰ ਬੱਚਿਆਂ ਨੂੰ ਇਹ ਸਮਝ ਨਹੀਂ ਹੁੰਦੀ। ਇਸ ਤੋਂ ਇਲਾਵਾ ਹੋਰ ਵੀ ਕਈ ਕਾਰਨ ਹਨ ਜਿਨ੍ਹਾਂ ਕਾਰਨ ਬੱਚੇ ਦੇ ਮਨ ਵਿੱਚ ਰਿਸ਼ਤੇਦਾਰਾਂ ਦਾ ਸਾਹਮਣਾ ਕਰਨ ਦਾ ਡਰ ਬਣਿਆ ਰਹਿੰਦਾ ਹੈ।ਜੇਕਰ ਤੁਹਾਡੇ ਬੱਚੇ ਵੀ ਮਹਿਮਾਨਾਂ ਜਾਂ ਰਿਸ਼ਤੇਦਾਰਾਂ ਦਾ ਸਾਹਮਣਾ ਕਰਨ ਤੋਂ ਭੱਜਦੇ ਹਨ ਤਾਂ ਇਸ ਦੇ ਕਾਰਨਾਂ ਬਾਰੇ ਪਤਾ ਹੋਣਾ ਜਰੂਰੀ ਹੈ।

**ਬੱਚਾ ਬੇਆਰਾਮ ਮਹਿਸੂਸ ਕਰਦਾ ਹੈ**

ਮਾਹਿਰਾਂ ਅਨੁਸਾਰ ਬੱਚਾ ਆਮ ਤੌਰ ’ਤੇ ਰਿਸ਼ਤੇਦਾਰਾਂ ਨਾਲ ਉਦੋਂ ਹੀ ਝਿਜਕਦਾ ਹੈ ਜਦੋਂ ਉਹ ਚਿੰਤਤ, ਅਸਹਿਜ ਜਾਂ ਡਰ ਮਹਿਸੂਸ ਕਰਦਾ ਹੈ। ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਬੱਚੇ ਨੂੰ ਆਰਾਮਦਾਇਕ ਬਣਨ ਅਤੇ ਦੂਜੇ ’ਤੇ ਭਰੋਸਾ ਕਰਨ ਲਈ ਹੋਰ ਸਮਾਂ ਚਾਹੀਦਾ ਹੈ।



**ਅਣਜਾਣ ਲੋਕਾਂ ਨਾਲ ਗੱਲ ਕਰਨ ਤੋਂ ਡਰਦਾ ਹੈ**

ਰਿਸ਼ਤੇਦਾਰਾਂ ਤੋਂ ਅਣਜਾਣ ਹੋਣ ਕਾਰਨ ਬੱਚੇ ਇਹ ਸਮਝ ਨਹੀਂ ਪਾਉਂਦੇ ਹਨ ਕਿ ਉਹ ਅਜਨਬੀਆਂ ਨਾਲ ਕਿਵੇਂ ਜੁੜਨਗੇ ਅਤੇ ਕਿਸ ਬਾਰੇ ਗੱਲ ਕਰਨਗੇ। ਉਸ ਦੌਰਾਨ ਬੱਚੇ ਦੇ ਮਨ ਵਿੱਚ ਕਈ ਸਵਾਲ ਚੱਲ ਰਹੇ ਹਨ। ਇਨ੍ਹਾਂ ਵਿੱਚ ਰਿਸ਼ਤੇਦਾਰ ਗੁੱਸੇ ਹੋਣਗੇ ਜਾਂ ਕੋਈ ਕੰਮ ਨਹੀਂ ਹੋਵੇਗਾ ਆਦਿ ਵਰਗੇ ਸਵਾਲ ਉਨ੍ਹਾਂ ਦੇ ਮਨ ਵਿਚ ਚੱਲ ਰਹੇ ਹਨ। ਇਸੇ ਕਰਕੇ ਬੱਚੇ ਰਿਸ਼ਤੇਦਾਰਾਂ ਤੋਂ ਦੂਰ ਭੱਜ ਜਾਂਦੇ ਹਨ।

ਅਤੀਤ ਦਾ ਰਾਜ਼

ਕੁਝ ਮਾਮਲਿਆਂ ਵਿੱਚ, ਇਹ ਅਤੀਤ ਦੇ ਕੌੜੇ ਜਾਂ ਅਸਹਿਜ ਅਨੁਭਵ ਵੀ ਹੋ ਸਕਦੇ ਹਨ, ਜੋ ਬੱਚੇ ਨੂੰ ਰਿਸ਼ਤੇਦਾਰਾਂ ਤੋਂ ਦੂਰ ਧੱਕ ਸਕਦੇ ਹਨ। ਉਦਾਹਰਣ ਵਜੋਂ, ਜੇ ਕੋਈ ਅਜਿਹਾ ਵਿਅਕਤੀ ਹੈ ਜਿਸ ਨੇ ਕਦੇ ਬੱਚੇ ਨੂੰ ਚੀਕਿਆ ਜਾਂ ਬੱਚੇ ਨੂੰ ਥੱਪੜ ਮਾਰਿਆ ਹੋਵੇ, ਤਾਂ ਅਜਿਹੀ ਸਥਿਤੀ ਵਿੱਚ ਵੀ ਬੱਚਾ ਉਨ੍ਹਾਂ ਤੋਂ ਦੂਰ ਭੱਜ ਜਾਂਦਾ ਹੈ।

**ਪੜ੍ਹਾਈ ਦਾ ਡਰ**

ਕਈ ਰਿਸ਼ਤੇਦਾਰ ਵੀ ਘਰ ਆ ਕੇ ਬੱਚਿਆਂ ਨੂੰ ਪੜ੍ਹਾਈ ਸਬੰਧੀ ਕੁਝ ਸਵਾਲ ਪੁੱਛਦੇ ਹਨ। ਅਜਿਹੇ ’ਚ ਜੇਕਰ ਉਹ ਜਵਾਬ ਨਹੀਂ ਦਿੰਦੇ ਤਾਂ ਉਹ ਮਾਤਾ-ਪਿਤਾ ਨੂੰ ਸ਼ਿਕਾਇਤ ਕਰਦੇ ਹਨ। ਇਸ ਕਾਰਨ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਵੱਲੋਂ ਝਿੜਕਾਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਬੱਚਿਆਂ ਵੱਲੋਂ ਆਪਣੇ ਰਿਸ਼ਤੇਦਾਰਾਂ ਨਾਲ ਨਾ ਮਿਲਣ ਪਿੱਛੇ ਪੜ੍ਹਾਈ ਨੂੰ ਵੀ ਇੱਕ ਕਾਰਨ ਮੰਨਿਆ ਜਾ ਸਕਦਾ ਹੈ।

**ਬੱਚੇ ਦੇ ਮਨ ਵਿੱਚੋਂ ਡਰ ਕਿਵੇਂ ਦੂਰ ਕੀਤਾ ਜਾਵੇ?**

ਜੇਕਰ ਤੁਹਾਡਾ ਬੱਚਾ ਰਿਸ਼ਤੇਦਾਰਾਂ ਦੇ ਸਾਹਮਣੇ ਜਾਣ ਤੋਂ ਝਿਜਕਦਾ ਹੈ, ਤਾਂ ਇੱਕ ਮਾਪੇ ਹੋਣ ਦੇ ਨਾਤੇ ਤੁਹਾਨੂੰ ਇਹ ਧਿਆਨ ਵਿੱਚ ਰੱਖਣਾ ਹੋਵੇਗਾ ਕਿ ਬੱਚੇ ਦੇ ਮਨ ਵਿੱਚ ਕੀ ਚੱਲ ਰਿਹਾ ਹੈ ਅਤੇ ਉਹ ਕਿਵੇਂ ਮਹਿਸੂਸ ਕਰਦਾ ਹੈ। ਅਜਿਹੀ ਸਥਿਤੀ ਵਿੱਚ, ਝਿੜਕਣ, ਧਮਕੀ ਦੇਣ ਜਾਂ ਗੁੱਸੇ ਵਿੱਚ ਆਉਣ ਦੀ ਬਜਾਏ, ਬੱਚੇ ਨੂੰ ਹੌਲੀ-ਹੌਲੀ ਪੁੱਛੋ ਕਿ ਉਸਨੂੰ ਕੀ ਸਮੱਸਿਆ ਹੈ। ਸੰਭਵ ਹੈ ਕਿ ਉਨ੍ਹਾਂ ਦੇ ਮਨ ਵਿੱਚ ਪਹਿਲਾਂ ਹੀ ਆਪਣੇ ਰਿਸ਼ਤੇਦਾਰਾਂ ਬਾਰੇ ਕੋਈ ਭੁਲੇਖਾ ਹੋਵੇ। ਇਹ ਜਾਣਨ ਤੋਂ ਬਾਅਦ, ਆਪਣੇ ਬੱਚੇ ਨਾਲ ਆਸਾਨੀ ਅਤੇ ਆਤਮ-ਵਿਸ਼ਵਾਸ ਨਾਲ ਹੌਲੀ-ਹੌਲੀ ਅੱਗੇ ਵਧੋ। ਉਨ੍ਹਾਂ ਨੂੰ ਬਿਨਾਂ ਕਿਸੇ ਜ਼ਬਰਦਸਤੀ ਦੇ ਲੋਕਾਂ ਨਾਲ ਘੁਲਣ-ਮਿਲਣ ਦਾ ਸਮਾਂ ਦਿਓ। ਉਨ੍ਹਾਂ ਨੂੰ ਜਿੰਨਾ ਜ਼ਿਆਦਾ ਐਕਸਪੋਜ਼ਰ ਅਤੇ ਸਹਿਜਤਾ ਮਿਲੇਗੀ, ਲੋਕਾਂ ਨਾਲ ਉਨ੍ਹਾਂ ਦੀਆਂ ਮੁਲਾਕਾਤਾਂ ਉੱਨੀਆਂ ਹੀ ਬਿਹਤਰ ਬਣ ਜਾਣਗੀਆਂ। ਇਸ ਲਈ ਬੱਚਿਆਂ ’ਤੇ ਕਦੇ ਵੀ ਦਬਾਅ ਨਾ ਪਾਓ, ਸਗੋਂ ਹਮੇਸ਼ਾ ਉਨ੍ਹਾਂ ਨੂੰ ਮੌਕੇ ਦੇਣ ਦੀ ਕੋਸ਼ਿਸ਼ ਕਰੋ।



# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**

ਕਮਲੇਸ਼ ਭਾਰਤੀ
(ਪੰਜਾਬੀ ਰੂਪ: ਪ੍ਰੋ. ਨਵ ਸੰਗੀਤ ਸਿੰਘ)

# ਨਾਂ ਬਦਲੀ

ਕਹਿੰਦੇ ਹਨ ਕਿ ਤਬਾਦਲਾ ਹੋਣ ਵਾਲੇ ਆਪਣੇ ਨਵੇਂ ਮੁਕਾਮ ’ਤੇ ਪਿੱਛੋਂ ਪਹੁੰਚਦੇ ਨੇ, ਪਰ ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਬਾਰੇ ਚੰਗੀਆਂ-ਮਾੜੀਆਂ ਗੱਲਾਂ ਹਵਾ ਵਿੱਚ ਤੈਰਦੀਆਂ ਪਹੁੰਚ ਚੁੱਕੀਆਂ ਹੁੰਦੀਆਂ ਨੇ। ਹਾਂ ਜੀ, ਰਮਿੰਦਰ ਨਾਲ ਵੀ ਬਿਲਕੁਲ ਅਜਿਹਾ ਹੀ ਹੋਇਆ ਸੀ। ਤੁਸੀਂ ਜਾਣਦੇ ਨਹੀਂ ? ਮੈਂ ਰਮਿੰਦਰ ਸਿੱਧੂ ਦੀ ਗੱਲ ਕਰ ਰਿਹਾ ਹਾਂ! ਹੁਣ ਯਾਦ ਆਈ ਤੁਹਾਨੂੰ, ਲੰਮੇ ਕੱਦ-ਕਾਠ ਵਾਲੀ, ਗੋਰੀ-ਚਿੱਟੀ ਜਿਹੀ, ਵੱਡੀਆਂ-ਵੱਡੀਆਂ ਅੱਖਾਂ ਵਾਲੀ ਰਮਿੰਦਰ ਦੀ ?

ਉਹ ਸਾਡੇ ਸਕੂਲ ਵਿੱਚ ਤਬਾਦਲਾ ਹੋ ਕੇ ਆਉਣ ਵਾਲੀ ਸੀ ਕਿ ਸਕੂਲ ਵਿੱਚ ਉਹਦੇ ਬਾਰੇ ਚਰਚਾ ਸ਼ੁਰੂ ਹੋ ਚੁੱਕੀ ਸੀ ਅਤੇ ਉਹਦੇ ਬਾਰੇ ਸੁਆਦ ਲੈ ਲੈ ਕੇ ਕਿੱਸੇ ਸੁਣਾਏ ਜਾ ਰਹੇ ਸਨ। ਉਨ੍ਹਾਂ ਹੀ ਦੰਦ-ਕਥਾਵਾਂ ਵਿੱਚੋਂ ਇਹ ਗੱਲ ਸਾਹਮਣੇ ਆਈ ਸੀ ਕਿ ਉਹਦੀ ਵਿਆਹੁਤਾ ਜ਼ਿੰਦਗੀ ਸੁਖੀ ਨਹੀਂ ਹੈ। ਇਸ ਲਈ ਉਹ ਆਪਣੇ ਬੇਟੇ ਰਿੰਕੂ ਨਾਲ ਇਕੱਲੀ ਜੀਵਨ ਸੰਘਰਸ਼ ਵਿੱਚ ਇੱਕ ਇੱਕ ਕਦਮ ਰੱਖ ਰਹੀ ਹੈ।

ਉਂਝ, ਮੈਨੂੰ ਮੁੱਖ ਦਫ਼ਤਰ ਵਿੱਚ ਹੀ ਇੱਕ ਬਜ਼ੁਰਗ ਕਰਮਚਾਰੀ ਨੇ ਸਭ ਕੁਝ ਦੱਸਦਿਆਂ ਹੱਥ ਜੋੜ ਕੇ ਨਿਮਰਤਾ ਨਾਲ ਕਿਹਾ ਸੀ, “ਤੁਹਾਡੇ ਸਕੂਲ ਵਿੱਚ ਰਮਿੰਦਰ ਨੂੰ ਭੇਜ ਰਹੇ ਹਾਂ। ਉਹਦੇ ਜੀਵਨ ਵਿੱਚ ਪਹਿਲਾਂ ਹੀ ਜ਼ਹਿਰ ਘੁਲਿਆ ਹੋਇਆ ਹੈ, ਜ਼ਰਾ ਉਸ ਨੂੰ ਆਰਾਮ ਨਾਲ ਦਿਨ ਬਿਤਾਉਣ ਦੇਣਾ। ਮੈਂ ਉਹਨੂੰ ਆਪਣੀ ਬੇਟੀ ਵਾਂਗ ਸਮਝਦਾ ਹਾਂ।”

ਦਰਅਸਲ, ਮੈਂ ਹਾਲਾਤ ਦੇ ਵਹਾਅ ਵਿੱਚ ਇੱਕ ਨੇਤਾ ਬਣ ਚੁੱਕਿਆ ਸਾਂ ਅਤੇ ਮੇਰੇ ਸੰਘਰਸ਼ ਕਰਕੇ ਪ੍ਰਿੰਸੀਪਲ ਨੂੰ ਅਸਤੀਫ਼ਾ ਦੇ ਕੇ ਭੱਜਣ ਤੋਂ ਇਲਾਵਾ ਹੋਰ ਕੋਈ ਰਸਤਾ ਨਜ਼ਰ ਨਹੀਂ ਸੀ ਆਇਆ। ਇਸੇ ਕਾਰਨ ਮੁੱਖ ਦਫ਼ਤਰ ਵਿੱਚ ਮੇਰਾ ਨਾਂ ਇੱਕ ਹਊਆ ਬਣ ਚੁੱਕਿਆ ਸੀ। ਖ਼ੈਰ, ਇਹ ਕਿੱਸਾ ਕਦੇ ਫੇਰ ਸਹੀ। ਮੈਂ ਤਾਂ ਤੁਹਾਨੂੰ ਰਮਿੰਦਰ ਬਾਰੇ ਦੱਸ ਰਿਹਾ ਸੀ!

ਉਸ ਬਜ਼ੁਰਗ ਕਰਮਚਾਰੀ ਦੀ ਹੱਥ ਜੋੜ ਕੇ ਬੇਨਤੀ ਕਰਨ ਵਾਲੀ ਮੁਦਰਾ ਤੋਂ ਮੈਂ ਅੰਦਰ ਤਕ ਭਿੱਜ ਗਿਆ ਅਤੇ ਉਸੇ ਵੇਲੇ ਉਨ੍ਹਾਂ ਦੇ ਹੱਥਾਂ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਮੈਂ ਉਨ੍ਹਾਂ ਨੂੰ ਯਕੀਨ ਦਿਵਾਇਆ, “ਰਮਿੰਦਰ ਨੂੰ ਮੈਥੋਂ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ। ਤੁਸੀਂ ਉਸ ਨੂੰ ਬੇਫ਼ਿਕਰ ਹੋ ਕੇ ਸਾਡੇ ਸਕੂਲ ਵਿੱਚ ਭੇਜੋ। ਇੱਥੇ ਉਸ ਨੂੰ ਕੋਈ ਤਕਲੀਫ਼ ਨਹੀਂ ਹੋਵੇਗੀ।” ਮੇਰੇ ਵਿਸ਼ਵਾਸ ਨਾਲ ਉਸ ਬਜ਼ੁਰਗ ਕਰਮਚਾਰੀ ਦੀਆਂ ਅੱਖਾਂ ਵਿੱਚ ਸੰਤੋਖ ਸਾਫ਼-ਸਾਫ਼ ਚਮਕਣ ਲੱਗਿਆ ਸੀ।

ਕੁਝ ਇਸ ਤਰ੍ਹਾਂ ਦੇ ਮਾਹੌਲ ਵਿੱਚ ਰਮਿੰਦਰ ਨੇ ਸਕੂਲ ਵਿੱਚ ਡਿਊਟੀ ਜੁਆਇਨ ਕੀਤੀ। ਨਾਲ ਉਹਦਾ ਬੇਟਾ ਰਿੰਕੂ ਅਤੇ ਉਸ ਦੀਆਂ ਸ਼ਰਾਰਤਾਂ ਵੀ ਪਹੁੰਚੀਆਂ। ਰਮਿੰਦਰ ਦੇ ਚਾਚਾ-ਚਾਚੀ ਉਹਦਾ ਸਾਮਾਨ ਛੱਡ ਗਏ। ਇਸ ਤਰ੍ਹਾਂ ਨਵੀਂ ਥਾਂ ’ਤੇ ਆਪਣੇ ਅਤੀਤ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਸੀ ਰਮਿੰਦਰ ਨੇ।

ਨਵਾਂ ਮਾਹੌਲ, ਨਵੇਂ ਚਿਹਰਿਆਂ ਵਿੱਚ ਰਮਿੰਦਰ ਅਤੀਤ ਦੇ ਕਾਲ਼ੇ ਪਰਛਾਵੇਂ ਭੁੱਲ ਕੇ ਹੱਸਣ ਦੀ ਕੋਸ਼ਿਸ਼ ਕਰਨ ਲੱਗੀ। ਮੁੱਢਲੇ ਦਿਨਾਂ ਵਿੱਚ ਸਕੂਲ ਦੀਆਂ ਅਧਿਆਪਕਾਵਾਂ ਨੇ ਉਸ ਨੂੰ ਸਿਰ-ਅੱਖਾਂ ’ਤੇ ਬਿਠਾਇਆ। ਉਨ੍ਹਾਂ ਨਾਲ ਉਹਦੀ ਖ਼ੂਬ ਬਣਨ ਲੱਗੀ। ਸਟਾਫ਼ ਰੂਮ ਵਿੱਚ ਉਸ ਦਾ ਹਾਸਾ ਗੂੰਜਦਾ, ਸਵੈਟਰਾਂ ਦੀਆਂ ਨਵੀਂਆਂ-ਨਵੀਂਆਂ ਬੁਣਤੀਆਂ ਵੀ ਉਹਨੂੰ ਖ਼ੁਸ਼ੀ-ਖ਼ੁਸ਼ੀ ਮਿਲ ਜਾਂਦੀਆਂ।

ਕਦੇ-ਕਦੇ ਬੇਟੇ ਕਰਕੇ ਉਹਦਾ ਮਨ ਪ੍ਰੇਸ਼ਾਨ ਹੋ ਜਾਂਦਾ। ਰਿੰਕੂ ਆਪਣੇ ਇਕਲੌਤੇ ਹੋਣ ਦਾ ਪੂਰਾ ਫ਼ਾਇਦਾ ਉਠਾਉਂਦਾ। ਉਹ ਪ੍ਰਿੰਸੀਪਲ ਦਫ਼ਤਰ ਵਿੱਚ ਬੇਝਿਜਕ ਵੜ ਕੇ ਘੰਟੀ ਵਜਾ ਦਿੰਦਾ। ਚਪੜਾਸੀ ਦੌੜਿਆ ਆਉਂਦਾ ਤਾਂ ਉਹਨੂੰ ਦੰਦ ਕੱਢ ਕੇ ਵਿਖਾ ਦਿੰਦਾ। ਜਦੋਂ ਉਹਦਾ ਜੀਅ ਕਰਦਾ, ਉਹ ਮਰਜ਼ੀ ਨਾਲ ਪੀਰੀਅਡ ਦੀ ਘੰਟੀ ਵਜਾ ਦਿੰਦਾ। ਅਜਿਹੇ ਸਮੇਂ ਸਭ ਕੁਝ ਗੜਬੜ ਹੋ ਜਾਂਦਾ। ਰਮਿੰਦਰ ਉਸ ਦੀਆਂ ਅਜਿਹੀਆਂ ਸ਼ਰਾਰਤਾਂ ਤੋਂ ਤੰਗ ਆ ਕੇ ਰੋਣ ਲੱਗਦੀ ਅਤੇ ਰਿੰਕੂ ਆਪਣੇ ਬਾਲਪਨ ਵਾਲੇ ਢੰਗ ਨਾਲ ਮੰਮੀ ਦੇ ਗਲ਼ ਵਿੱਚ ਬਾਹਾਂ ਪਾ ਕੇ ਉਹਨੂੰ ਮਨਾਉਣ ਲੱਗਦਾ ਅਤੇ ਅਧਿਆਪਕਾਵਾਂ ਕਹਿੰਦੀਆਂ- ‘ਧੰਨ ਹੈ ਵਿਚਾਰੀ! ਅਜਿਹੇ ਬੇਟੇ ਨਾਲ ਜੀਵਨ ਕੱਟਣ ਦੀ ਸੋਚ ਰਹੀ ਹੈ।’

ਬਜ਼ੁਰਗ ਕਰਮਚਾਰੀ ਨੂੰ ਦਿੱਤੇ ਗਏ ਵਾਅਦੇ ਕਰਕੇ ਵਿੱਚ-ਵਿੱਚ ਉਹਦੀਆਂ ਛੋਟੀਆਂ-ਮੋਟੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਮੈਂ ਉਹਦੀ ਮਦਦ ਕਰਦਾ। ਜਿਵੇਂ ਉਹਦੇ ਪੁੱਤਰ ਨੂੰ ਉਹਦੀ ਪਸੰਦ ਦੇ ਚੰਗੇ ਸਕੂਲ ਵਿੱਚ ਦਾਖ਼ਲ ਕਰਵਾਇਆ; ਨੰਬਰ ਬੁੱਕ ਨਾ ਹੋਣ ਦੇ ਬਾਵਜੂਦ ਗੈਸ ਸਿਲੰਡਰ ਭਰਵਾ ਦਿੱਤਾ ਅਤੇ ਉਸ ਪਿੰਡ ਤੋਂ ਸ਼ਹਿਰ ਦੇ ਬੱਸ ਸਟੈਂਡ ’ਤੇ ਮਾਂ ਪੁੱਤ ਨੂੰ ਛੱਡ ਆਇਆ।

ਅਕਸਰ ਰਿੰਕੂ ਮੇਰਾ ਮੋਟਰਸਾਈਕਲ ਦੇਖ ਕੇ ਚਾਂਭਲ ਉੱਠਦਾ। ਪਹਿਲਾਂ ਪਹਿਲ ਰਮਿੰਦਰ ਨੇ ਰਿੰਕੂ ਨੂੰ ਇਕੱਲਿਆਂ ਹੀ ਬਿਠਾਉਂਦੇ ਹੋਏ ਕਿਹਾ, “ਸਰ, ਇਹਨੂੰ ਜ਼ਰਾ ਘੁਮਾ ਲਿਆਓ!” ਪਰ ਇੱਕ ਵਾਰ ਰਿੰਕੂ ਅੜ ਗਿਆ ਕਿ ਮੰਮੀ ਤੋਂ ਬਿਨਾਂ ਨਹੀਂ ਬੈਠੇਗਾ। ਉਸ ਦੀ ਜ਼ਿੱਦ ਮੂਹਰੇ ਰਮਿੰਦਰ ਨੂੰ ਝੁਕਣਾ ਪਿਆ, ਪਰ ਉਸ ਦੀ ਝਿਜਕ ਮੈਥੋਂ ਛੁਪੀ ਨਾ ਰਹੀ, ਇਸ ਤਰ੍ਹਾਂ ਜਿਵੇਂ ਚੋਰੀ ਕਰਦੀ ਹੋਈ ਫੜੀ ਗਈ ਹੋਵੇ। ਰਮਿੰਦਰ ਨੇ ਝਿਜਕ ਕੇ ਕਿਹਾ, “ਸਰ, ਛੋਟਾ ਜਿਹਾ ਪਿੰਡ ਹੈ। ਕਿਸੇ ਦੇ ਮੂੰਹ ’ਤੇ ਅਸੀਂ ਲਗਾਮ ਨਹੀਂ ਲਾ ਸਕਦੇ ਨਾ! ਬਟ...ਅ...ਅ... ਰਿੰਕੂ ਦੀ ਜ਼ਿੱਦ ਜੋ ਠਹਿਰੀ ਅਤੇ ਮੇਰੀ ਜਾਨ ਦੀ ਮੁਸੀਬਤ।”

ਗੱਲਾਂ-ਗੱਲਾਂ ਵਿੱਚ ਰਮਿੰਦਰ ਵੱਲੋਂ ਇਸ ਤਰ੍ਹਾਂ ਬਟ...ਅ... ’ਤੇ ਲਿਆ ਕੇ ਗੱਲ ਨੂੰ ਅਧੂਰੇ ਪਰ ਦਿਲਚਸਪ, ਨਾਲ ਹੀ ਡੂੰਘੇ ਮੋੜ ’ਤੇ ਲਿਆ ਕੇ ਛੱਡ ਦੇਣਾ ਬੜਾ ਚੰਗਾ ਲੱਗਦਾ। ਜਿਵੇਂ ਉਹ ਅਕਸਰ ਕਹਿੰਦੀ, “ਸਰ, ਤੁਹਾਡੇ ਬਾਰੇ ਜਿੰਨਾ ਕੁਝ ਸੁਣਿਆ ਸੀ ਉਸ ਤੋਂ, ਸੱਚ ਪੁੱਛੋ, ਤਾਂ ਤੁਹਾਡੀ ਸ਼ਖ਼ਸੀਅਤ ਇੱਕ ਬਹੁਤ ਬੁਰੇ ਆਦਮੀ ਦੇ ਰੂਪ ਵਿੱਚ, ਯਾਨੀ ਖਲਨਾਇਕ ਦੀ ਦਿੱਖ ਉੱਭਰਦੀ ਸੀ। ਬਟ...ਅ... ਤੁਸੀਂ ਤਾਂ...” ਇੰਨਾ ਕਹਿੰਦੇ ਹੀ ਉਹਦੀਆਂ ਗੱਲ੍ਹਾਂ ’ਤੇ ਹਾਸੇ ਨਾਲ ਟੋਏ ਦਿਖਾਈ ਦੇਣ ਲੱਗਦੇ ਅਤੇ ਮੈਂ ਸੋਚਣ ਲੱਗਦਾ, “ਆਖ਼ਰ ਇਸ ਦਾ ਵਿਆਹੁਤਾ ਜੀਵਨ ਕਿਉਂ ਤਿੜਕ ਗਿਆ।”

ਕਦੇ-ਕਦੇ ਮਨ ਵਿੱਚ ਆਉਂਦਾ ਕਿ ਉਹਦੇ ਮੂੰਹੋਂ ਉਹਦੀ ਰਾਮ ਕਹਾਣੀ ਸੁਣਾਂ, ਪਰ ਉਸੇ ਦੇ ਲਹਿਜ਼ੇ ਵਿੱਚ ਬਟ...ਅ... ਮੈਂ ਉਹਦਾ ਹਾਸਾ ਖੋਹਣਾ ਨਹੀਂ ਸੀ ਚਾਹੁੰਦਾ। ਇਹ ਜਾਣਦਿਆਂ ਵੀ ਕਿ ਇਹ ਹਾਸਾ ਦਿਖਾਵੇ ਦਾ ਹਾਸਾ ਹੈ। ਦਿਨ ਦਾ ਹਾਸਾ ਹੈ... ਰਾਤ ਦੇ ਹਨੇਰੇ ਇਕਾਂਤ ਵਿੱਚ ਉਹ ਆਪਣੇ ਅਤੀਤ ਨੂੰ ਲੈ ਕੇ ਹੰਝੂ ਵਹਾਉਂਦੀਹੋਵੇਗੀ ਅਤੇ ਸੁੰਨਸਾਨ ਜੰਗਲ ਤੋਂ ਘਨਘੋਰ ਇਕਾਂਤ ਵਾਲੇ ਭਿਆਨਕ ਵਰਤਮਾਨ ਨੂੰ ਵੇਖ ਕੇ ਸਹਿਮ ਜਾਂਦੀ ਹੋਵੇਗੀ। ਅਜਿਹੀ ਹਾਲਤ ਵਿਚ ਆਪਣੇ ਜੀਵਨ ਦੇ ਇਕਲੌਤੇ ਸਹਾਰੇ ਰਿੰਕੂ ਦੀ ਹਰ ਜ਼ਿੱਦ ਅੱਗੇ ਝੁਕ ਜਾਂਦੀ ਸੀ।



ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਰਿੰਕੂ ਦੀ ਜ਼ਿੱਦ ਸਾਹਮਣੇ ਪੂਰੀ ਤਰ੍ਹਾਂ ਗੋਡੇ ਟੇਕਦਿਆਂ ਉਹਨੇ ਨਾ ਚਾਹੁੰਦਿਆਂ ਵੀ ਉਸ ਦਾ ਜਨਮ ਦਿਨ ਮਨਾਇਆ ਸੀ। ਰਿੰਕੂ ਜ਼ਿੱਦ ਫੜ ਬੈਠਾ ਸੀ ਧੂਮਧਾਮ ਨਾਲ ਆਪਣਾ ਜਨਮ ਦਿਨ ਮਨਾਉਣ ਲਈ। ਅਤੇ ਰਮਿੰਦਰ ਕਿਤੇ ਅਤੀਤ ਵਿੱਚ ਗੁਆਚ ਗਈ ਸੀ... ਜਦੋਂ ਉਹਦਾ ਜਨਮ ਹੋਇਆ ਹੋਵੇਗਾ... ਉਦੋਂ ਪਿਤਾ ਨੇ ਪਿਆਰ ਨਾਲ ਉਹਨੂੰ ਗੋਦੀ ਵਿਚ ਲੈ ਕੇ ਮੱਥਾ ਚੁੰਮਿਆ ਹੋਵੇਗਾ। ਬਟ...ਅ... ਉਹ ਤਾਂ ਅਤੀਤ ਦਾ ਕੋਈ ਸੁਨਹਿਰਾ, ਖ਼ੁਸ਼ਨੁਮਾ ਦਿਨ ਸੀ ਸ਼ਾਇਦ... ਹੁਣ ਤਾਂ ਉਹਦੇ ਸਾਹਮਣੇ ਧੁੰਦਲਾ ਜੀਵਨ ਸੀ।

ਰਿੰਕੂ ਸਾਹਮਣੇ ਪੂਰੀ ਤਰ੍ਹਾਂ ਹਾਰਦਿਆਂ ਰਮਿੰਦਰ ਨੇ ਜਨਮ ਦਿਨ ਮਨਾਉਣ ਦਾ ਐਲਾਨ ਕੀਤਾ ਸੀ। ਕੁਝ-ਕੁ ਅਧਿਆਪਕਾਵਾਂ ਨੂੰ ਉਹਨੇ ਸੱਦਿਆ ਵੀ ਸੀ, ਮੈਨੂੰ ਵੀ, ਅਤੇ ਆਪਣੇ ਉਨ੍ਹਾਂ ਚਾਚਾ ਚਾਚੀ ਨੂੰ ਵੀ ਜੋ ਉਸ ਨੂੰ ਜੁਆਇਨ ਕਰਵਾਉਣ ਆਏ ਸਨ। ਚਾਚਾ ਜੀ ਕੈਮਰੇ ਵਿੱਚ ਰੰਗੀਨ ਰੀਲ੍ਹ ਪਾ ਕੇ ਲਿਆਏ ਸਨ। ਰਮਿੰਦਰ ਨੇ ਕੇਕ ਬਣਵਾ ਲਿਆ ਸੀ। ਉਸ ਦਿਨ ਚਾਚੇ ਨੇ ਜਦੋਂ ਰਿੰਕੂ ਦੇ ਹੱਥ ਵਿੱਚ ਛੁਰੀ ਫੜਾ ਕੇ ਕੇਕ ਕਟਵਾਉਣ ’ਚ ਮਦਦ ਕੀਤੀ ਸੀ, ਉਦੋਂ ਕਿਤੋਂ ਅਲਮਾਰੀ ਵਿੱਚ ਬੰਦ ਐਲਬਮ ਦੀ ਕੋਈ ਫੋਟੋ ਉਸ ਦੀਆਂ ਅੱਖਾਂ ਮੂਹਰੇ ਸਾਕਾਰ ਹੋ ਉੱਠੀ ਸੀ। ਜਦੋਂ ਰਿੰਕੂ ਦੇ ਪਿਤਾ ਨੇ ਪਹਿਲੇ ਜਨਮ ਦਿਨ ਦਾ ਕੇਕ ਕਟਵਾਇਆ ਸੀ। ਹੋ-ਹੱਲੇ ਵਿੱਚ ‘ਹੈਪੀ ਬਰਥਡੇ’ ਦੌਰਾਨ ਸ਼ਰਾਬ ਦੀ ਬੋਤਲ ਖੁੱਲ੍ਹ ਗਈ ਸੀ ਅਤੇ ਇੱਥੋਂ ਹੀ ਸ਼ੁਰੂਆਤ ਹੋਈ ਸੀ ਟੁੱਟਣ ਦੀ।

ਜਨਮ ਦਿਨ ਦੀ ਮਹਿਫ਼ਿਲ ਖ਼ਤਮ ਹੋਣ ’ਤੇ ਜਦੋਂ ਮੈਂ ਰਮਿੰਦਰ ਤੋਂ ਵਿਦਾ ਲੈਣ ਗਿਆ ਤਾਂ ਉਸ ਨੇ ਨਮ ਅੱਖਾਂ ਨਾਲ ਹੌਲੀ ਜਿਹੀ ਕਿਹਾ ਸੀ, “ਬੇਟੇ ਦੀ ਖ਼ੁਸ਼ੀ ਲਈ ਤੁਹਾਨੂੰ ਤਕਲੀਫ਼ ਦਿੱਤੀ...”

“ਅਤੇ ਮਾਂ ਦੀ ਖ਼ੁਸ਼ੀ ?”

“ਨਹੀਂ, ਨਹੀਂ, ਸਰ... ਮਾਂ ਤਾਂ ਬੇਟੇ ਦੀ ਖ਼ੁਸ਼ੀ ਵਿੱਚ ਹੀ ਖ਼ੁਸ਼ ਹੈ।”

“ਮਾਂ ਬਣਨ ਤੋਂ ਪਹਿਲਾਂ ਉਹ ਰਮਿੰਦਰ ਵੀ ਤਾਂ ਹੈ।”

“ਬਟ...ਅ... ਸਰ... ਉਹ ਤਾਂ ਰਿੰਕੂ ਲਈ ਮਰ ਗਈ।”

“ਨਹੀਂ, ਝੂਠ ਕਹਿੰਦੀ ਏਂ... ਰਮਿੰਦਰ ਨੂੰ ਤੂੰ ਮਨ ਦੇ ਕਿਸੇ ਕੋਨੇ ਵਿੱਚ ਕੈਦ ਕਰ ਰੱਖਿਆ ਹੈ। ਜਿਸ ਦਿਨ ਉਸ ਨੇ ਵਿਦਰੋਹ ਕਰ ਦਿੱਤਾ, ਉਦੋਂ ਵੇਖੀਂ...।”

“ਉਦੋਂ ਦੀ ਉਦੋਂ ਵੇਖੀ ਜਾਵੇਗੀ, ਸਰ।”

ਅਤੇ ਉਹ ਖਿੜਖਿੜਾ ਉੱਠੀ।

ਸਮਾਂ ਬੀਤਦਾ ਗਿਆ। ਸਮੇਂ ਦੇ ਨਾਲ-ਨਾਲ ਚੀਜ਼ਾਂ ਵੀ ਬਦਲਦੀਆਂ ਗਈਆਂ। ਰਮਿੰਦਰ ਦੀ ਨਿਯੁਕਤੀ ਕਿਸੇ ਸਰਕਾਰੀ ਸਕੂਲ ਵਿੱਚ ਹੋ ਗਈ ਅਤੇ ਉਹ ਆਪਣੀ ਅਧੂਰੀ ਦਰਦ-ਕਹਾਣੀ ਸਮੇਟ ਕੇ ਚੁੱਪਚਾਪ ਚਲੀ ਗਈ। ਸੰਜੋਗਵੱਸ ਮੈਂ ਵੀ ਕਿਸੇ ਅਖ਼ਬਾਰ ਦੇ ਸੰਪਾਦਕੀ ਵਿਭਾਗ ਵਿੱਚ ਚੁਣੇ ਜਾਣ ਪਿੱਛੋਂ ਅਧਿਆਪਨ ਖੇਤਰ ਨੂੰ ਅਲਵਿਦਾ ਕਹਿ ਕੇ ਨਵੇਂ ਖੇਤਰ ਵਿੱਚ ਆ ਗਿਆ।

ਨਵਾਂ ਖੇਤਰ, ਨਵੀਂ ਥਾਂ, ਨਵੇਂ ਕੰਮ ਵਿੱਚ ਕਦੇ-ਕਦੇ ਪੁਰਾਣੇ ਖੇਤਰ, ਪੁਰਾਣੀ ਥਾਂ, ਪੁਰਾਣੇ ਕੰਮ ਦੇ ਸਹਿਕਰਮੀਆਂ ਦੀ ਯਾਦ ਆ ਹੀ ਜਾਂਦੀ। ਉਨ੍ਹਾਂ ਵਿੱਚ ਰਮਿੰਦਰ ਦਾ ਚਿਹਰਾ ਵੀ ਉੱਭਰ ਆਉਂਦਾ...ਬਟ...ਅ... ਸਾਹਮਣੇ ਤਾਂ ਬੇਕਾਰ ਜਿਹੀਆਂ ਖ਼ਬਰਾਂ ਘੂਰਦੀਆਂ ਰਹਿੰਦੀਆਂ ਜਾਂ ਟੈਲੀਪ੍ਰਿੰਟਰ ਚਲਦੇ ਰਹਿੰਦੇ... ਕਦੇ ਕੋਈ ਬੱਚਾ ਮੋਟਰਸਾਈਕਲ ’ਤੇ ਘੁਮਾਉਣ ਦੀ ਜ਼ਿੱਦ ਕਰਦਾ ਤਾਂ ਰਿੰਕੂ ਦੀਆਂ ਸ਼ਰਾਰਤਾਂ ਯਾਦ ਆ ਜਾਂਦੀਆਂ।

ਇੱਕ ਦਿਨ ਦਫ਼ਤਰ ਵਿੱਚ ਬੈਠਾ ਖ਼ਬਰਾਂ ਦੀ ਮੁਰੰਮਤ ਕਰ ਰਿਹਾ ਸਾਂ ਕਿ ਰਿਸੈਪਸ਼ਨ ਤੋਂ ਫੋਨ ਆਇਆ ਕਿ ਕੋਈ ਮਿਸਿਜ਼ ਗਰੇਵਾਲ ਮਿਲਣ ਆਏ ਹਨ।

“ਮਿਸਿਜ਼ ਗਰੇਵਾਲ ? ਕੌਣ ਮਿਸਿਜ਼ ਗਰੇਵਾਲ ?”

“ਲਓ, ਫੋਨ ’ਤੇ ਆਪ ਹੀ ਪੁੱਛ ਲਓ।”

“ਹੈਲੋ ? ਕੌਣ ਮਿਸਿਜ਼ ਗਰੇਵਾਲ ?”

“ਸਰ, ਤੁਸੀਂ ਮੈਨੂੰ ਪਛਾਣਿਆ ਨਹੀਂ ਨਾ! ਬਟ...ਅ... ਪਛਾਣਦੇ ਵੀ ਕਿਵੇਂ ? ਮੈਂ ਰਮਿੰਦਰ ਹਾਂ... ਰਮਿੰਦਰ ਕੌਰ ਸਿੱਧੂ, ਹੁਣ ਤਾਂ ਪਛਾਣ ਲਿਆ ਨਾ!”

“ਓ ਹਾਂ, ਇਉਂ ਕਰੋ, ਰਿਸੈਪਸ਼ਨ ’ਤੇ ਮੇਰੀ ਉਡੀਕ ਕਰੋ, ਮੈਂ ਉੱਥੇ ਹੀ ਆਉਂਦਾ ਹਾਂ।”

ਰਿਸੈਪਸ਼ਨ ’ਤੇ ਰਮਿੰਦਰ ਨੂੰ ਵੇਖਦਿਆਂ ਮੈਂ ਹੈਰਾਨ ਰਹਿ ਗਿਆ। ਮੇਰੀ ਹੈਰਾਨੀ ਨੂੰ ਭਾਂਪਦਿਆਂ ਰਮਿੰਦਰ ਨੇ ਹੀ ਸ਼ੁਰੂਆਤ ਕੀਤੀ, “ਸਰ! ਇਉਂ ਕੀ ਵੇਖ ਰਹੇ ਹੋ ? ਮੈਂ ਦੂਜੀ ਸ਼ਾਦੀ ਕਰ ਲਈ ਹੈ। ਇਸ ਲਈ ਤੁਸੀਂ ਮਿਸਿਜ਼ ਗਰੇਵਾਲ ਨੂੰ ਪਛਾਣ ਨਹੀਂ ਸਕੇ!”

“ਕਿਉਂ, ਕਦੋਂ ?” ਮੇਰੇ ਮੂੰਹੋਂ ਅਚਾਨਕ ਇਹ ਸ਼ਬਦ ਉੱਛਲ ਕੇ ਉਹਦੇ ਵੱਲ ਜਾ ਡਿੱਗੇ... ਕਿਸੇ ਜ਼ਖ਼ਮੀ ਪੰਛੀ ਦੇ ਟੁੱਟੇ ਖੰਭਾਂ ਵਾਂਗ।

“ਸਰ! ਕਿਸੇ ਔਰਤ ਨੂੰ ਕਈ ਵਾਰ, ਖ਼ਾਸ ਕਰਕੇ ਇਕੱਲੀ ਔਰਤ ਨੂੰ ਮਰਦ ਤਾਂ ਜੀਅ ਲੈਣ ਦਿੰਦੇ ਨੇ, ਬਟ...ਅ... ਔਰਤਾਂ ਹੀ ਉਹਦਾ ਜਿਉਣਾ ਦੁੱਭਰ ਕਰ ਦਿੰਦੀਆਂ ਹਨ।”

“ਮੈਂ ਸਮਝਿਆ ਨਹੀਂ।”

“ਸਰ! ਜਦੋਂ ਤਕ ਤੁਹਾਡੇ ਸਕੂਲ ਵਿੱਚ ਰਹੀ, ਉਦੋਂ ਤੁਸੀਂ ਇੱਕ ਵਾਰ ਵੀ ਮੇਰੇ ਅਤੀਤ ਵਿੱਚ ਨਹੀਂ ਝਾਕਿਆ ਪਰ... ਸਾਥੀ ਅਧਿਆਪਕਾਵਾਂ ਨੇ ਮੇਰੇ ਸਾਰੇ ਦੱਬੇ ਮੁਰਦੇ ਉਖਾੜ ਸੁੱਟੇ। ਤਾਅਨੇ ਦਿੱਤੇ ਕਿ ਏਨੀ ਹੀ ਧੋਤੀ ਅਤੇ ਸਾਫ਼-ਸੁਥਰੀ ਹੁੰਦੀ ਤਾਂ ਪਤੀ ਦੇ ਘਰ ਨਾ ਹੁੰਦੀ! ਹੁਣ ਪਾਕ-ਸਾਫ਼ ਹੋਣ ਦਾ ਇਹ ਕਿਹੜਾ ਪੈਮਾਨਾ ਹੋਇਆ ? ਖ਼ੁਦ ਕ੍ਰਿਸ਼ਨਾ ਅਤੇ ਚਰਨਜੀਤ ਵਿਆਹੀਆਂ-ਵਰੀਆਂ ਸਨ ਅਤੇ ਪਤੀਆਂ ਨਾਲ ਰਹਿੰਦੀਆਂ ਵੀ ਬਾਹਰ ਕੀ ਸੁਆਹ-ਖੇਹ ਉਡਾਉਂਦੀਆਂ ਸਨ! ਹੁਣ ਤੁਸੀਂ ਹੀ ਦੱਸੋ ਸਰ, ਕਿ ਇੱਕ ਪੜ੍ਹੀ- ਲਿਖੀ ਔਰਤ ਕਿਸੇ ਜਾਨਵਰ ਵਰਗੇ ਆਦਮੀ ਨਾਲ, ਹਰ ਜ਼ੁਲਮ ਸਹਾਰਦਿਆਂ ਜ਼ਿੰਦਗੀ ਗੁਜ਼ਾਰ ਦੇਵੇ ? ਜ਼ਿੰਦਗੀ ਬਰਬਾਦ ਕਰ ਦੇਵੇ- ਇਹ ਕਿਵੇਂ ਹੋ ਸਕਦਾ ਹੈ ? ਬਸ ਸਰ! ਚੁਭ ਕੇ ਰਹਿ ਗਈਆਂ ਸਾਫ਼-ਸੁਥਰਾ ਹੋਣ ਦੀਆਂ ਖੋਖਲੀਆਂ ਪਰਿਭਾਸ਼ਾਵਾਂ! ਮੈਂ ਤਾਂ ਆਪਣੀ ਜ਼ਿੰਦਗੀ ਰਿੰਕੂ ਦੇ ਨਾਂ ਅਰਪਿਤ ਕਰ ਚੁੱਕੀ ਸਾਂ, ਪਰ ਇਸ ਸਮੁੰਦਰ ਵਿੱਚ ਇਕੱਲੀ ਔਰਤ ਜੀਵਨ ਦੀ ਕਿਸ਼ਤੀ ਚਲਾ ਕੇ ਲੈ ਜਾਏ... ਮੁਸ਼ਕਿਲ ਹੈ... ਹਰ ਥਾਂ ਘੂਰਦੀਆਂ ਅੱਖਾਂ... ਥਪੇੜੇ ਹੀ ਥਪੇੜੇ... ਬਸ, ਵਿਅੰਗ ਬਾਣਾਂ ਤੋਂ ਦੁਖੀ ਹੋ ਕੇ ਦੂਜੀ ਸ਼ਾਦੀ ਕਰਨ ਦਾ ਫ਼ੈਸਲਾ ਕਰ ਲਿਆ... ਤੁਸੀਂ ਵੀ ਤਾਂ...”

“ਅਤੇ ਰਿੰਕੂ, ਰਿੰਕੂ ਕਿਵੇਂ ਮਹਿਸੂਸ ਕਰ ਰਿਹਾ ਹੈ ?”

“ਰਿੰਕੂ ਮੈਥੋਂ ਵੱਖ ਕਿੱਥੇ ਹੈ ? ਹੌਲੀ-ਹੌਲੀ ਸਮਝ ਜਾਏਗਾ, ਆਪਣੀ ਮਾਂ ਵਾਂਗ ਜ਼ਿੰਦਗੀ ਨੂੰ, ਜ਼ਿੰਦਗੀ ਦੀਆਂ ਠੋਕਰਾਂ ਨੂੰ... ਫਿਰ ਤੁਸੀਂ ਹੀ ਤਾਂ ਕਹਿੰਦੇ ਸੀ ਕਿ ਮੈਂ ਰਮਿੰਦਰ ਨੂੰ ਕੈਦ ਕਰ ਰੱਖਿਆ ਹੈ... ਆਖ਼ਰ ਉਸ ਨੇ ਵਿਦਰੋਹ ਕਰ ਹੀ ਦਿੱਤਾ... ਹੁਣ ਤਾਂ ਤੁਹਾਨੂੰ ਮੇਰੇ ਫ਼ੈਸਲੇ ਤੋਂ ਖ਼ੁਸ਼ ਹੋਣਾ ਚਾਹੀਦਾ ਹੈ... ਨਹੀਂ ?”

ਇਸ ਤੋਂ ਅੱਗੇ ਉਹਦਾ ਗਲਾ ਭਰ ਆਇਆ... ਉਹ ਡੁਸਕ ਰਹੀ ਸੀ... ਪਤਾ ਨਹੀਂ ਆਪਣੇ ਅਤੀਤ ਨੂੰ ਲੈ ਕੇ ਜਾਂ ਵਰਤਮਾਨ ਨੂੰ ਲੈ ਕੇ।

ਕੁਝ ਚਿਰ ਪਿੱਛੋਂ ਠੀਕ ਹੋਣ ’ਤੇ ਉਹ ਬੋਲੀ, “ਮੁਆਫ਼ ਕਰਨਾ, ਸਰ! ਤੁਹਾਨੂੰ ਆਪਣੀ ਰਾਮ-ਕਹਾਣੀ ਸੁਣਾ ਕੇ ਬੋਰ ਕੀਤਾ। ਅੱਜ ਤੱਕ ਤੁਸੀਂ ਮੇਰੇ ਛੋਟੇ-ਵੱਡੇ ਕਈ ਕੰਮ ਕੀਤੇ ਨੇ। ਇਕ ਤਕਲੀਫ਼ ਹੋਰ ਤੁਹਾਨੂੰ ਦੇਣ ਆਈ ਹਾਂ। ਸ਼ਾਦੀ ਪਿੱਛੋਂ ਮੈਂ ਰਮਿੰਦਰ ਕੌਰ ਗਰੇਵਾਲ ਬਣ ਗਈ ਹਾਂ ਅਤੇ ਸਾਰੇ ਸਬੰਧਿਤ ਲੋਕ ਮੈਨੂੰ ਇਸੇ ਨਾਂ ਨਾਲ ਬੁਲਾਉਣ... ਬਸ ਇਸੇ ਨਾਂ-ਬਦਲੀ ਦੀ ਸੂਚਨਾ ਨੂੰ ਤੁਹਾਡੇ ਅਖ਼ਬਾਰ ਵਿੱਚ ਛਪਵਾਉਣਾ ਚਾਹੁੰਦੀ ਹਾਂ। ਮੇਰਾ ਇਹ ਕੰਮ ਕਰ ਦਿਓਗੇ ਨਾ ਸਰ ?”

ਮੈਂ ਉਸ ਦੇ ਸਾਰੇ ਵੇਰਵੇ ਨੋਟ ਕੀਤੇ ਅਤੇ ਉਸ ਨੂੰ ਸ਼ੁਭ-ਕਾਮਨਾਵਾਂ ਦਿੰਦਿਆਂ ਕਿਹਾ, “ਰਮਿੰਦਰ ਇਸ ਤੋਂ ਪਿੱਛੋਂ ਤੈਨੂੰ ਕਿਸੇ ਹੋਰ ਨਾਂ ਨੂੰ ਬਦਲਣ ਦੀ ਲੋੜ ਨਾ ਪਵੇ!”

## ਮਿੰਨੀ ਕਹਾਣੀਆਂ

ਹਰਭਿੰਦਰ ਸਿੰਘ ਸੰਧੂ

### ਸਾਈ

ਸ਼ਹਿਰ ਵਿੱਚ ਮਠਿਆਈ ਦੀ ਸਭ ਤੋਂ ਵੱਡੀ ਤੇ ਮਸ਼ਹੂਰ ਦੁਕਾਨ ਭਜਨ ਹਲਵਾਈ ਦੀ ਹੀ ਸੀ। ਉਸ ਨੇ ਸ਼ਹਿਰ ਤੋਂ ਕੁਝ ਦਿਨਾਂ ਲਈ ਬਾਹਰ ਜਾਣਾ ਸੀ। ਆਪਣੀ ਗ਼ੈਰਹਾਜ਼ਰੀ ਵਿੱਚ ਉਹ ਦੁਕਾਨ ਦਾ ਸਾਰਾ ਕੰਮ ਆਪਣੇ ਪੁੱਤਰ ਵਿੱਕੀ ਨੂੰ ਸੌਂਪ ਕੇ ਗਿਆ ਸੀ। ਵੋਟਾਂ ਦਾ ਸੀਜ਼ਨ ਚੱਲ ਰਿਹਾ ਸੀ। ਜਿਉਂ ਹੀ ਵੋਟਾਂ ਪੈਣ ਦਾ ਕੰਮ ਮੁੱਕਿਆ ਤਾਂ ਅਗਲੇ ਦਿਨ ਹੀ ਵੱਖ ਵੱਖ ਪਾਰਟੀਆਂ ਦੇ ਆਗੂ ਦੁਕਾਨ ’ਤੇ ਆ ਕੇ ਆਪਣੀ ਜਿੱਤ ਦਾ ਦਾਅਵਾ ਕਰਦਿਆਂ ਲੱਡੂਆਂ ਵਾਸਤੇ ਸਾਈ ਦੇ ਰਹੇ ਸਨ। ਵਿੱਕੀ ਨੂੰ ਚਹੁੰਆਂ ਪਾਰਟੀਆਂ ਦੇ ਆਗੂ ਹੀ ਸਾਈ ਦੇ ਗਏ ਸਨ। ਅਗਲੇ ਦਿਨ ਜਦੋਂ ਭਜਨ ਆਪਣੀ ਦੁਕਾਨ ’ਤੇ ਆਇਆ ਤਾਂ ਉਸ ਨੇ ਦੁਕਾਨ ’ਤੇ ਪਏ ਬੇਸਣ ਅਤੇ ਖੰਡ ਦੇ ਗੱਟੇ ਦੇਖ ਵਿੱਕੀ ਨੂੰ ਪੁੱਛਿਆ, “ਆਹ ਐਨਾ ਮਾਲ ਕਿਸ ਦਾ ਤਿਆਰ ਕਰਨਾ ਏ ?” ਜਦੋਂ ਵਿੱਕੀ ਨੇ ਸਾਰੀ ਗੱਲ ਦੱਸੀ ਤਾਂ ਭਜਨ ਹਲਵਾਈ ਆਪਣੇ ਤਜਰਬੇ ਅਨੁਸਾਰ ਬੋਲਿਆ, “ਓ ਸ਼ੁਦਾਈਆ, ਜਿੱਤਣਾ ਤਾਂ ਇੱਕ ਨੇ ਹੀ ਐ। ਬਾਕੀਆਂ ਨੇ ਲੱਡੂ ਸਿਰ ’ਚ ਮਾਰਨੇ ਐ! ਬੱਸ ਸਾਈਆਂ ਹੀ ਰਹਿ ਜਾਣੀਆਂ ਆਪਣੇ ਕੋਲ।” ਹੁਣ ਵਿੱਕੀ ਕਾਰੀਗਰਾਂ ਨੂੰ ਇੱਕ ਪਾਰਟੀ ਵਾਸਤੇ ਹੀ ਲੱਡੂ ਬਣਾਉਣ ਲਈ ਕਹਿ ਰਿਹਾ ਸੀ।

****

### ਦਾਗ਼

ਮਨਜੀਤ ਮਾਨ

ਪਿੰਡੋਂ ਬਾਹਰ ਫਿਰਨੀ ਉੱਤੇ ਬਚਿੱਤਰ ਸਿੰਹੁ ਦੇ ਮੁੰਡੇ ਨੇ ਦੋ ਮੰਜ਼ਿਲੀ ਆਲੀਸ਼ਾਨ ਕੋਠੀ ਪਾਈ ਹੋਈ ਸੀ ਜਿਸ ਵਿੱਚ ਉਸ ਨੇ ਮਹਿੰਗੀ ਲੱਕੜ ਦੇ ਨਾਲ ਵਿਦੇਸ਼ੀ ਪੱਥਰ ਵੀ ਲਵਾਇਆ ਸੀ।

ਅੱਜ ਸਵੇਰੇ ਬਚਿੱਤਰ ਸਿੰਹੁ ਜਦੋਂ ਕੋਠੀ ਤੋਂ ਥੋੜ੍ਹਾ ਪਰ੍ਹਾਂ ਬਣੇ ਆਪਣੇ ਕਮਰੇ ਵਿੱਚੋਂ ਉੱਠ ਕੇ ਕੋਠੀ ਅੰਦਰ ਆਉਣ ਲੱਗਾ ਤਾਂ ਉਸ ਦੀ ਨੂੰਹ ਨੇ ਰਸੋਈ ਵਿੱਚ ਖੜ੍ਹੀ ਨੇ ਹੀ ਕਿਹਾ, “ਬਾਪੂ ਜੀ, ਇੱਥੇ ਹੀ ਰੁਕ ਜਾਉ। ਮੈਂ ਤੁਹਾਨੂੰ ਚਾਹ ਇੱਥੇ ਬਾਹਰ ਹੀ ਫੜਾ ਦਿੰਦੀ ਹਾਂ। ਦੇਖਿਓ ਕਿਤੇ ਜੋੜਿਆਂ ਸਣੇ ਹੀ ਅੰਦਰ ਨਾ ਵੜ ਜਾਣਾ, ਫਰਸ਼ ’ਤੇ ਦਾਗ਼ ਪੈ ਜਾਣਗੇ। ਮੈਂ ਤਾਂ ਹੁਣੇ ਮਸਾਂ ਘੰਟੇ ’ਚ ਪੋਚਾ ਲਾ ਕੇ ਹਟੀ ਹਾਂ।” “ਪੁੱਤ, ਜੋੜੇ ਤਾਂ ਮੈਂ ਬਾਹਰ ਲਾਹ ਕੇ ਹੀ ਅੰਦਰ ਆਵਾਂਗਾ। ਇੰਨਾ ਕੁ ਤਾਂ ਮੈਨੂੰ ਦਿਸਦਾ ਹੈ,” ਬਚਿੱਤਰ ਸਿੰਹੁ ਨੇ ਬੇਵੱਸੀ ਭਰੀ ਆਵਾਜ਼ ਵਿੱਚ ਕਿਹਾ।

“ਪਰ ਬਾਪੂ ਜੀ ਨੰਗੇ ਪੈਰਾਂ ਦੇ ਦਾਗ਼ ਵੀ ਤਾਂ ਫਰਸ਼ ’ਤੇ ਪੈਂਦੇ ਹੀ ਹਨ,” ਨੂੰਹ ਨੇ ਚਾਹ ਦਾ ਗਲਾਸ ਬਚਿੱਤਰ ਸਿੰਹੁ ਨੂੰ ਫੜਾਉਂਦਿਆਂ ਕਿਹਾ।

ਚਾਹ ਦਾ ਗਲਾਸ ਫੜੀ ਆਪਣੇ ਕਮਰੇ ਵੱਲ ਮੁੜਦਿਆਂ ਉਸ ਨੂੰ ਆਪਣੇ ਨੂੰਹ ਪੁੱਤ ਦੇ ਬੋਲ ਸੁਣ ਰਹੇ ਸਨ। “ਨਾ ਜੇਕਰ ਬਾਪੂ ਜੀ ਕੋਠੀ ਅੰਦਰ ਆ ਜਾਂਦੇ ਤਾਂ ਕੀ ਲੋਹੜਾ ਆ ਜਾਣਾ ਸੀ ? ਐਵੇਂ ਸਵੇਰੇ ਉੱਠਦਿਆਂ ਹੀ ਲੜਾਈ ਭਾਲਣ ਲੱਗ ਜਾਂਦੀ ਏ।” “ਆਹੋ, ਤੁਸੀਂ ਸਰਦਾਰ ਜੀ ਨੇ ਕਿਹੜਾ ਪੋਚਾ ਲਾਉਣਾ ਹੁੰਦਾ, ਸਾਰਾ ਸਿਆਪਾ ਤਾਂ ਮੈਨੂੰ ਹੀ ਕਰਨਾ ਪੈਂਦਾ ਹੈ। ਬਾਪੂ ਜੀ ਨੇ ਤਾਂ ਮਿੰਟ ’ਚ ਫਰਸ਼ ’ਤੇ ਦਾਗ਼ ਲਗਾ ਕੇ ਤੁਰ ਜਾਣਾ ਸੀ ਪਰ ਮਗਰੋਂ ਮਿਟਾਉਣੇ ਤਾਂ ਮੈਨੂੰ ਹੀ ਪੈਣੇ ਸਨ।” ਬਚਿੱਤਰ ਸਿੰਹੁ ਆਪਣੀ ਨੂੰਹ ਦੇ ਬੋਲ ਸੁਣ ਕੇ ਮਨ ਹੀ ਮਨ ਕਹਿ ਰਿਹਾ ਸੀ, ‘ਪੁੱਤ, ਫਰਸ਼ ਵਾਲੇ ਦਾਗ਼ ਤਾਂ ਤੂੰ ਮਿਟਾ ਦੇਵੇਂਗੀ ਪਰ ਜੋ ਦਾਗ਼ ਤੇਰੇ ਬੋਲਾਂ ਨੇ ਮੇਰੇ ਹਿਰਦੇ ’ਤੇ ਲਗਾਏ ਹਨ ਉਹ ਕਿਵੇਂ ਮਿਟਾਵੇਂਗੀ ?’

# ਮੇਰੀ ਕਲਮ

## ਬੂਟੇ ਤੋਂ ਬੂਟਾ ਬਣੇ
ਹਰਪ੍ਰੀਤ ਕੌਰ ਸੰਧੂ

ਰੁੱਖ ਦੇ ਤਣੇ ਤੋਂ
ਟੁੱਟੀ ਹੋਈ ਟਾਹਣੀ
ਡਿਗਦੀ ਹੈ ਧਰਤੀ ’ਤੇ
ਵਿਛੋੜਾ ਦੋਵਾਂ ਨੂੰ ਸਹਿਣਾ ਪੈਂਦਾ ਹੈ।

ਤੁਰ ਪੈਂਦੀ ਹੈ ਟਾਹਣੀ
ਨਵੀਂ ਰਾਹ ’ਤੇ
ਇੱਕ ਨਵਾਂ ਪੌਦਾ ਬਣ ਪੁੰਗਰਦੀ ਹੈ।
ਬੂਟੇ ਤੋਂ ਬੂਟਾ ਬਣੇ।
ਇੱਕ ਦਿਨ ਉਸੇ ਬੂਟੇ ਦਾ
ਰੂਪ ਸਰੂਪ ਬਣੇ ਸਹਿਜ ਸੁਭਾਅ
ਜਿਸ ਤੋਂ ਟੁੱਟ ਕੇ
ਡਿੱਗੀ ਸੀ ਓਹ
ਲਾਵਾਰਿਸ ਬਣ ਇੱਕ ਦਿਨ।

ਮਿੱਟੀ ਦੀ ਮਜ਼ਬੂਤ ਪਕੜ
ਉਸਨੂੰ ਸੁੱਕਣ ਨਹੀਂ ਦਿੰਦੀ
ਮਿੱਟੀ ਤੇ ਪਾਣੀ ਦਾ ਸੁਮੇਲ
ਉਸ ਨੂੰ ਇੱਕ ਨਵਾਂ ਜਨਮ ਦਿੰਦਾ ਹੈ
ਉਸੇ ਤਰ੍ਹਾਂ
ਜਿਵੇਂ ਧੀ ਮਾਂ ਬਾਪ ਤੋਂ ਵਿੱਛੜ
ਇੱਕ ਨਵਾਂ ਸੰਸਾਰ ਸਿਰਜਦੀ ਹੈ।

## ਕੇਹਾ ਤੇਰਾ ਬਾਗ
ਡਾ.ਸਤਿੰਦਰਜੀਤ ਕੌਰ

ਕੇਹਾ ਤੇਰਾ ਬਾਗ ਵੇ ਰੱਬਾ!
ਕੇਹਾ ਤੇਰਾ ਬਾਗ।
ਸੱਚ ਪਖੇਰੂ ਇੱਥੋਂ ਉੱਡ ਗਏ,
ਝੂਠ ਦੇ ਚੱਲਣ ਰਾਗ ਵੇ ਰੱਬਾ!
ਕੇਹਾ ਤੇਰਾ ਬਾਗ।
ਖ਼ੁਸ਼ੀਆਂ ਦੇ ਸਭ ਮੇਲੇ ਮੁੱਕ ਗਏ,
ਦੁੱਖਾਂ ਨੂੰ ਲੱਗ ਗਈ ਜਾਗ ਵੇ ਰੱਬਾ!
ਕੇਹਾ ਤੇਰਾ ਬਾਗ।
ਫੁੱਲਾਂ ਦੇ ਮੁੱਖੜੇ ਮੁਰਝਾ ਗਏ,
ਕੇਹੀ ਲੱਗ ਗਈ ਲਾਗ ਵੇ ਰੱਬਾ!
ਕੇਹਾ ਤੇਰਾ ਬਾਗ।
ਰਾਤ ਦੀ ਰਾਣੀ ਦੇ ਮੁੱਢਾਂ ਵਿੱਚ,
ਲੁਕ ਕੇ ਬਹਿ ਗਿਆ ਨਾਗ ਵੇ ਰੱਬਾ!
ਕੇਹਾ ਤੇਰਾ ਬਾਗ।
ਕੱਚੀਆਂ ਕਲੀਆਂ ਤੋੜ ਲੈ ਜਾਵਣ,
ਰਾਖੇ ਨੇ ਜੋ ਇਸ ਬਾਗ ਵੇ ਰੱਬਾ!
ਕੇਹਾ ਤੇਰਾ ਬਾਗ।
ਗੂੜ੍ਹੀ ਨੀਂਦਰ ਤੋਂ ਹੁਣ ਤਾਂ ਉੱਠਜਾ,
‘ਬੁੱਟਰ’ ਖੋਲ੍ਹ ਆਪਣੀ ਜਾਗ ਵੇ ਰੱਬਾ!
ਕੇਹਾ ਤੇਰਾ ਬਾਗ।



## ਸ਼ਿਕਵਾ
ਕਰਮਜੀਤ ਕੌਰ ਕਿਸ਼ਾਂਵਲ

ਤੇਰਾ ਵਿਸ਼ਵਾਸ
ਹਰ ਵਾਰ ਹੀ
ਚੀਣਾ-ਚੀਣਾ ਹੋ ਕੇ
ਡੁੱਲ੍ਹ ਕਿਉਂ ਜਾਂਦਾ?
....ਤੇ ਮੈਨੂੰ
ਹਰ ਵਾਰ ਹੀ
ਹਰਫ਼ਾਂ ਦੀ ਚੁੱਪ ਜਿਹਾ
ਕੋਈ ਸਬੂਤ ਸਿਰਜਣਾ ਪੈਂਦਾ!

ਤੂੰ ਤੇ ਤੇਰਾ ਵਿਸ਼ਵਾਸ
ਕੋਈ ਮੂੰਹ-ਜ਼ੁਬਾਨੀ
ਕਵਿਤਾ ਕਿਉਂ ਨੀ ਬਣ ਜਾਂਦੇ
ਮੈਨੂੰ ਹਰ ਵਾਰ ਹੀ
ਗਾਚੀ-ਫੇਰੀ ਫੱਟੀ ਜਿਹੇ
ਤੇਰੇ ਜ਼ਿਹਨ ’ਤੇ
ਪੂਰਨੇ ਕਿਉਂ ਪਾਉਣੇ ਪੈਂਦੇ ਨੇ?



## ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ
ਅਮਰਦੀਪ ਸੰਧਾਵਾਲੀਆ

ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ ਘਰ ਵੀ ਹੁੰਦੇ ਨੇ
ਅਤੀ ਸੁੰਦਰ ਤੇ ਵੇਖਣਯੋਗ ਕੁਝ ਖੰਡਰ ਵੀ ਹੁੰਦੇ ਨੇ
ਅਜਬ ਨੇ ਸ਼ੌਕ ਲੋਕਾਂ ਦੇ ਕਿ ਸ਼ੀਸ਼ੇ ਦੇ ਘਰਾਂ ਅੰਦਰ
ਸਜਾਵਟ ਵਾਸਤੇ ਰੱਖੇ ਉਨ੍ਹਾਂ ਪੱਥਰ ਵੀ ਹੁੰਦੇ ਨੇ
ਘੜੀ ਵੱਲ ਵੇਖਦਾ ਉਹ ਤੇਜ਼ ਤੁਰਦਾ ਸੋਚਦਾ ਅਕਸਰ
ਕਈ ਥਿਰ ਹੋ ਗਏ ਪਲ ਆਦਮੀ ਅੰਦਰ ਵੀ ਹੁੰਦੇ ਨੇ
ਅਸਾਨੂੰ ਵੀ ਪਤਾ ਹੈ ਕਿ ਸਮੁੰਦਰ ’ਚੋਂ ਮਿਲਣ ਮੋਤੀ
ਕਈ ਪ੍ਰਕਾਰ ਦੇ ਪਰ ਮਨ ’ਚ ਬੈਠੇ ਡਰ ਵੀ ਹੁੰਦੇ ਨੇ
ਮੇਰੇ ਨੈਣਾਂ ’ਚ ਉਸਨੇ ਵੇਖਿਆ ਤੇ ਆਖਿਆ ਮੈਨੂੰ
ਸਵਾਲਾਂ ਵਿੱਚ ਕਈ ਵਾਰੀ ਪਏ ਉੱਤਰ ਵੀ ਹੁੰਦੇ ਨੇ
ਲਿਖੇ ਜਾਂਦੇ ਨੇ ਜੋ ਆਕਾਸ਼ ਤੇ ਹੀ ਰਾਤ ਅੱਧੀ ਨੂੰ
ਹਿਜਰ ਦੀ ਪੀੜ ਦਾ ਅਨੁਵਾਦ ਉਹ ਅੱਖਰ ਵੀ ਹੁੰਦੇ ਨੇ
ਉਡਾਰੀ ਲਾ ਗਈ ਉਹ ਵੀ ਉਤਾਰੀ ਅਰਸ਼ ਤੋਂ ਜਿਹੜੀ
‘ਅਮਰ’ ਸੀ ਭੁੱਲ ਬੈਠਾ ਕਿ ਪਰੀ ਦੇ ਪਰ ਵੀ ਹੁੰਦੇ

## ਹਕੀਕਤ...
ਉੱਤਮਵੀਰ ਸਿੰਘ ਦਾਊਂ

ਜੇ ਤੂੰ ਬੁਲਬੁਲ ਚਮਨ ਦੀ
ਤਾਂ ਮੈਂ
ਗੁਲਮੋਹਰ ਅਦਾਵਾਂ ਦਾ
ਜੇ ਹੋਂਠ ਤੇਰੇ ਸ਼ਹਿਦ ਦੀ ਸੁਰਖ਼ੀ
ਤਾਂ ਮੈਂ
ਸੱਜਰਾ ਫੁੱਲ ਫ਼ਿਜ਼ਾਵਾਂ ਦਾ
ਜੇ ਚਾਲ ਤੇਰੀ ਮਤਵਾਲੀ ਹਿਰਨੀ
ਤਾਂ ਮੈਂ
ਰੁਮਕਦਾ ਬੁੱਲਾ ਹਵਾਵਾਂ ਦਾ
ਜੇ ਤੂੰ ਮਤਾਬੀ ਸਰਵਰ ਦੀ
ਤਾਂ ਮੈਂ
ਸਾਗਰ ਸ਼ਾਂਤ ਵਫ਼ਾਵਾਂ ਦਾ
ਜੇ ਤੂੰ ਪਗਡੰਡੀ ਸਫ਼ਰ ਕਿਸੇ ਦੀ
ਤਾਂ ਮੈਂ
ਰੇਤ ਪੈਰ ਦੀਆਂ ਰਾਹਵਾਂ ਦਾ
ਜੇ ਤੂੰ ਖ਼ਾਬ ਮੇਰੇ ਦੀ ਮੂਰਤ
ਤਾਂ ਮੈਂ
ਵਾਅਦਾ ਸੱਚ ਜਫ਼ਾਵਾਂ ਦਾ
ਜੇ ਤੂੰ ਮੋਨਾਲੀਜ਼ਾ ਦੇ ਵਰਗੀ
ਤਾਂ ਮੈਂ
ਸਿੱਖਿਆ ਹੁਨਰ ਕਲਾਵਾਂ ਦਾ
ਜੇ ਤੂੰ ਮੋਮਬੱਤੀ ਦੀ ਕਾਇਆ
ਤਾਂ ਮੈਂ
ਸੂਰਜ ਸਿਫ਼ਤ ਸਲ੍ਹਾਵਾਂ ਦਾ
ਜੇ ਤੂੰ ਚੰਦਨ ਦੀ ਮਹਿਕ ਜਹੀ ਏਂ
ਤਾਂ ਮੈਂ
ਸਰੂ ਦਾ ਰੁੱਖ ਇੱਛਾਵਾਂ ਦਾ

## ਕਦੀ ਜੰਗਲਾਂ ਦੇ ਅੰਦਰ
ਸੁਰਜੀਤ ਪਾਤਰ





ਕਦੀ ਜੰਗਲਾਂ ਦੇ ਅੰਦਰ,
ਕਦੀ ਪਰਬਤਾਂ ਦੇ ਦੁਆਰੇ
ਸਦੀਆਂ ਤੋਂ ਵਾ ਦੇ ਬੁੱਲੇ,
ਫਿਰਦੇ ਨੇ ਮਾਰੇ ਮਾਰੇ
ਤਪਦਾ ਏ ਤਪਿਆ ਸੂਰਜ,
ਸਾਗਰ ’ਚ ਡੁੱਬ ਨਾ ਸਕਿਆ
ਪਾਣੀ ਸਮੁੰਦਰਾਂ ਦਾ,
ਤਪ ਕੇ ਮਿਲਣ ਨੂੰ ਉਡਿਆ
ਡਿਗਿਆ ਪਹਾੜਾਂ ਉਤੇ,
ਬਣ ਕੇ ਬਰਫ਼ ਦੇ ਤੂੰਬੇ
ਕਿੰਝ ਸ਼ਾਂਤ ਹੋ ਰਹੇ ਨੇ,
ਉਹਦੇ ਕਾਲਜੇ ਦੇ ਲੂੰਬੇ
ਧਰਤੀ ਹਜ਼ਾਰ ਦੁਖੜੇ,
ਸੀਨੇ ਦੇ ਵਿੱਚ ਲੁਕੋਂਦੀ
ਅੰਦਰ ਲੁਕੇ ਜਲਾਂ ਵਿੱਚ,
ਅੱਖੀਆਂ ਡੁਬੋ ਕੇ ਰੋਂਦੀ
ਕਦੀ ਪਾੜ ਕੇ ਕਲੇਜਾ,
ਫੁਟਦੀ ਏ ਤੇਜ਼ ਜੁਆਲਾ
ਟੁਟਦੇ ਨੇ ਕੜ ਸਬਰ ਦੇ,
ਖਾਂਦਾ ਏ ਦਿਲ ਉਛਾਲਾ
ਜੋ ਸਹਿ ਲਿਆ ਏ ਸਦੀਆਂ,
ਇਕ ਦਿਵਸ ਨਾ ਸਹੇਗਾ
ਸਦੀਆਂ ਦੀ ਅਣਕਹੀ ਨੂੰ,
ਇਕ ਹਾਦਸਾ ਕਹੇਗਾ
ਇਹ ਨੇੜਤਾ ਦੀ ਸੱਧਰ,
ਤੇ ਦੂਰੀਆਂ ਦਾ ਮਸਲਾ
ਸੰਯੋਗ ਦਾ ਇਹ ਸੁਪਨਾ,
ਤੇ ਵਿਯੋਗ ਦਾ ਇਹ ਅਸਲਾ
ਅਟਕੇ ਨੇ ਰੂਪ ਸਾਰੇ,
ਇੱਕ ਦੂਸਰੇ ਸਹਾਰੇ
ਜੇ ਕੋਸ਼ਿਸ਼ ਨਹੀਂ ਤਾਂ ਕੀ ਨੇ,
ਇਹ ਜਹਾਨ ਦੇ ਖਲਾਰੇ

## ਜੰਗਲ, ਜ਼ਮੀਨ ਤੇ ਪਾਣੀ
ਸੰਜੀਵ ਧਰਮਾਣੀ



ਸਾਡੀ ਜ਼ਿੰਦਗੀ ਦੀ ਕਹਾਣੀ,
ਜੰਗਲ , ਜ਼ਮੀਨ ਤੇ ਪਾਣੀ ,
ਖਤਮ ਤੇ ਪ੍ਰਦੂਸ਼ਿਤ ਜੇ ਹੋ ਗਏ ,
ਮੁੱਕ ਜਾਣੀ ਸਭ ਦੀ ਜੀਵਨ ਕਹਾਣੀ।
ਆਉਣਗੇ ਹੜ੍ਹ , ਵਧੇਗੀ ਭੁੱਖਮਰੀ ,
ਨੁਕਸਾਨੇਗੀ ਖੇਤੀ ਤੇ ਪਵੇਗਾ ਸੋਕਾ ,
ਜੰਗਲ , ਜ਼ਮੀਨ ਤੇ ਪਾਣੀ ਬਚਾ ਲਓ ,
‘ਧਰਮਾਣੀ ’ ਦਿੰਦਾ ਅੱਜ ਹੋਕਾ।
ਬਦਲੇਗਾ ਮੌਸਮ , ਆਕਸੀਜਨ ਹੋ ਜਾਏਗੀ ਘੱਟ,
ਭਿਆਨਕ ਸਮਾਂ ਆਏਗਾ , ਵੱਜੇਗੀ ਭਾਰੀ ਸੱਟ ,
ਰੁੱਖਾਂ ਨੂੰ ਲਗਾ ਕੇ ਤੇ ਕਰਕੇ ਉਹਨਾਂ ਦੀ ਸੰਭਾਲ਼ ,
ਖੁਸ਼ ਹੋਣਗੇ ਸਭ , ਜਦੋਂ ਸੁਧਰੇਗਾ ਵਾਤਾਵਰਨ ਦਾ ਹਾਲ।
ਸੁਣੋ ਧਰਤੀ ਮਾਂ ਦੀ ਪੁਕਾਰ ,
ਦਰੱਖ਼ਤ ਹਨ ਸਭ ਦਾ ਜੀਵਨ ਆਧਾਰ।
ਸਾਦਾ ਖਾਓ , ਸਾਦਾ ਪਹਿਨੋ ,
ਮਾਣੋ ਸਾਦਗੀ ਦਾ ਅਨੰਦ ,
ਕੂੜੇਦਾਨ ਦੀ ਸਹੀ ਵਰਤੋਂ ਕਰੋ ,
ਪਾਓ ਨਾ ਇੱਧਰ - ਉੱਧਰ ਗੰਦ।
ਜੀਵ - ਜੰਤੂਆਂ ਤੇ ਪੰਛੀਆਂ ’ਤੇ ਪਰਉਪਕਾਰ ਕਰਕੇ ,
ਸਭ ਦੇ ਜੀਵਨ ’ਚ ਖੁਸ਼ੀਆਂ ਲਿਆਓ ,
‘ ਧਰਮਾਣੀ ’ ਕਰਦਾ ਸਭ ਨੂੰ ਬੇਨਤੀ ,
ਰੁੱਖ ਲਗਾ ਕੇ ਪ੍ਰਦੂਸ਼ਣ ਘਟਾਓ।
ਪੈਟਰੋਲ - ਡੀਜ਼ਲ ਦੀ ਵਰਤੋਂ ਘੱਟ ਕਰਕੇ ,
ਸਾਈਕਲ ਨੂੰ ਜ਼ਿੰਦਗੀ ’ਚ ਅਪਣਾਓ ,
ਵੱਧ ਰਹੀ ਆਬਾਦੀ ਘਟਾ ਕੇ ,
ਰੁੱਖਾਂ ਦੀ ਤੁਸੀਂ ਗਿਣਤੀ ਵਧਾਓ।
ਇੱਕ ਰੁੱਖ ਦਿੰਦਾ ਅਨੇਕਾਂ ਸੁੱਖ ,
ਦੂਰ ਕਰਦਾ ਸਾਡੇ ਸਭ ਦੇ ਦੁੱਖ ,
ਹੋਕਾ ਦਿਉ ਤੁਸੀਂ ‘ ਧਰਮਾਣੀ ’ ਇਹੋ ਸਭ ,
ਵੱਧ ਤੋਂ ਵੱਧ ਲਗਾਓ ਤੇ ਸੰਭਾਲੋ ਰੁੱਖ।

## ਦੁਨੀਆਂ ਦਾਰੀ
ਇਕਬਾਲ ਦੀਵਾਨਾ

ਦੁਨੀਆਂ ਦਾਰੀ ਵਿੱਚ ਹਰ ਬੰਦਾ, ਅਪਣਾ ਫ਼ਾਇਦਾ ਲੱਭੇ ।
ਸੌ ਦੇ ਚੱਕਰ ਵਿੱਚ ਪੈ ਜਾਵੇ, ਜਦ ਬਣ ਜਾਵਣ ਨੱਬੇ ।
ਰੂਪ ਜਵਾਨੀ ਅਤੇ ਸੁਹੱਪਣ, ਮੂੰਹ ਧੋਇਆਂ ਨਹੀਂ ਲਹਿੰਦਾ,
ਇਕਨਾਂ ਨੂੰ ਨਾ ਜਚਦਾ ਰੇਸ਼ਮ, ਇੱਕ ਨੂੰ ਖੱਦਰ ਫੱਬੇ ।
ਗੁਣਗੀਣਾਂ ਖਾਵਣ ਵਾਲੇ ਨੂੰ, ਫ਼ਰਕ ਨਹੀਂ ਕੁੱਝ ਪੈਂਦਾ,
ਢਿਡੀਂ ਪੀੜਾਂ ਹੋਵਣ ਜੀਹਨੇ, ਕੱਚੇ ਛੋਲੇ ਚੱਬੇ ।
ਨੰਦਾ ਨੌ ਦਿਨ, ਨੰਦੇ ਦੇ ਨੌ, ਲੇਖਾ ਇੱਕੋ ਜੇਹਾ,
ਮੰਜੀ ’ਤੇ ਸਿਰ ਕਿਧਰੇ ਕਰ ਲਓ, ਲੱਕ ਆਉਂਦਾ ਏ ਗੱਭੇ ।
ਖ਼ੌਰੇ ਇਸ ਨੂੰ ਕਿਹੜਾ ਦੁੱਖ ਹੈ, ਕਿਸ ਗੱਲ ਦਾ ਪਛਤਾਵਾ,
ਯਾਰੋ ਇਸ ਨੂੰ ਪਿਆਰ ਕਰੋ ਜੇ, ਕਿਤੇ ‘ਦੀਵਾਨਾ’ ਲੱਭੇ ।

## ਮੇਰਾ ਇਤਿਹਾਸ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਕਿਹੜਾ ਹੈ ਮੇਰਾ ਇਤਿਹਾਸ,
ਕਿੰਝ ਪਾਵਾਂ ਮੈਂ ਇਸ ਦੀ ਹਾਥ।
ਕਿਸ ਕਿਣਕੇ ਤੋਂ ਮੋਤੀ ਬਣਿਆ,
ਕਿੰਝ ਹੋਇਆ ਇਸ ਦਾ ਆਗਾਜ਼।
ਕਿਹੜਾ ਹੈ ਮੇਰਾ ਇਤਿਹਾਸ,
ਕਿੰਝ ਪਾਵਾਂ ਮੈਂ ਇਸ ਦੀ ਹਾਥ।
ਕਿਸ ਧਰਤੀ ਦਾ ਕੀੜਾ ਹਾਂ ਮੈਂ,
ਜੰਮਣ ਮਰਨ ਦੀ ਪੀੜਾ ਹਾਂ ਮੈਂ।
ਕਿਸ ਦੀ ਕੁੱਖ ਚੋਂ ਪਹਿਲਾਂ ਜੰਮਿਆ,
ਨਿਰੰਕੁਸ਼ ਨਿਰਜਿੰਦ ਜਿਉੜਾ ਹਾਂ ਮੈਂ।
ਕੁਦਰਤ ਦੇ ਅਣਸਮਝੇ ਪੱਖ ਦੀ,
ਕਿਹੜੀ ਅਚਰਜ ਕ੍ਰੀੜਾ ਹਾਂ ਮੈਂ।
ਕਿਸ ਅੰਸ਼ ਤੋਂ ਪੈਦਾ ਹੋਇਆ,
ਮੇਰਾ ਵੰਸ਼ ਤੇ ਮੇਰਾ ਬਾਪ।
ਕਿਹੜਾ ਹੈ ਮੇਰਾ ਇਤਿਹਾਸ,
ਕਿੰਝ ਪਾਵਾਂ ਮੈਂ ਇਸ ਦੀ ਹਾਥ।

ਝੱਖੜ ਅੱਗੇ ਡਟ ਜਾਂਦਾ ਹਾਂ,
ਮਾਰੂਥਲਾਂ ਵਿੱਚ ਰਚ ਜਾਂਦਾ ਹਾਂ।
ਪਰਬਤ ਨਾਲ ਕਦੇ ਮੱਥਾ ਲਾਂਦਾ,
ਡੂੰਘੇ ਸਾਗਰ ਤਰ ਜਾਂਦਾ ਹਾਂ।
ਪਰ ਜੇ ਸਾਹ ਨਾ ਅਗਲਾ ਆਵੇ,
ਰੂਹ ਛੱਡ ਜਾਵੇ ਮੇਰਾ ਸਾਥ।
ਕਿਹੜਾ ਹੈ ਮੇਰਾ ਇਤਿਹਾਸ,
ਕਿੰਝ ਪਾਵਾਂ ਮੈਂ ਇਸ ਦੀ ਹਾਥ।

ਬਣਦਾ, ਟੁੱਟਦਾ ਫ਼ਿਰ ਬਣਦਾ ਹਾਂ,
ਕਿੰਨੇ ਦਰਦ ਤੇ ਦੁੱਖ ਜਰਦਾ ਹਾਂ।
ਮੌਜਾਂ ਦੇ ਵਿੱਚ ਲਵਾਂ ਹੁਲਾਰੇ,
ਕਿਸ ਕਿਸ ਗੋਦ ਦਾ ਸੁੱਖ ਬਣਦਾ ਹਾਂ।
ਕਿਹੜੀ ਮਾਂ ਨੇ ਕਿਹੜੇ ਵੇਲੇ,
ਕਿੰਝ ਹੰਢਾਇਆ ਮੇਰਾ ਸੰਤਾਪ।
ਕਿਹੜਾ ਹੈ ਮੇਰਾ ਇਤਿਹਾਸ,
ਕਿੰਝ ਪਾਵਾਂ ਮੈਂ ਇਸ ਦੀ ਹਾਥ।

ਅਦਭੁਤ ਅਤੇ ਅਨੋਖਾ ਹਾਂ ਮੈਂ,
ਜਾਂ ਫ਼ਿਰ ਨਜ਼ਰ ਦਾ ਧੋਖਾ ਹਾਂ ਮੈਂ?
ਅਕਲਮੰਦ ’ਤੇ ਸਿਆਣਾ ਸਮਝਾਂ,
ਜਾਂ ਅੰਦਰੋਂ ਅਕਲ ਦਾ ਥੋਥਾ ਹਾਂ ਮੈਂ।
ਕਿਸ ਕਸਵੱਟੀ ਉੱਤੇ ਚੜ੍ਹ ਕੇ,
ਪਰਖ ਸਕਾਂ ਮੈਂ ਅਪਣਾ ਗਿਆਤ।
ਕਿਹੜਾ ਹੈ ਮੇਰਾ ਇਤਿਹਾਸ,
ਕਿੰਝ ਪਾਵਾਂ ਮੈਂ ਇਸ ਦੀ ਹਾਥ।
ਕਿਸ ਕਿਣਕੇ ਤੋਂ ਮੋਤੀ ਬਣਿਆ,
ਕਿੰਝ ਹੋਇਆ ਇਸ ਦਾ ਆਗਾਜ਼।
ਕਿਹੜਾ ਹੈ ਮੇਰਾ ਇਤਿਹਾਸ,
ਕਿੰਝ ਪਾਵਾਂ ਮੈਂ ਇਸ ਦੀ ਹਾਥ।

# ਇੱਕ ਮਹਾਂਮਾਰੀ ਬਣ ਗਈ ਹੈ ਰੈਫ਼ਰੀਆਂ ਨਾਲ ਬਦਸਲੂਕੀ

**ਫੁੱਟਬਾਲ ਦੇ ਮੈਦਾਨ ਵਿੱਚ ਖਿਡਾਰੀਆਂ ਵਿਚਾਲੇ ਦੌੜ ਰਹੇ ਰੈਫ਼ਰੀ ਨੂੰ ਏਨੀ ਬਦਸਲੂਕੀ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਬਹੁਤ ਸਾਰੇ ਰੈਫ਼ਰੀ ਖੇਡ ਛੱਡ ਰਹੇ ਹਨ।**



ਯੂ.ਈ.ਐਫ.ਏ. ਯੂਰਪੀਅਨ ਫੁੱਟਬਾਲ ਚੈਂਪੀਅਨਸ਼ਿਪ, ਜਿਸ ਨੂੰ ਯੂਰੋਸ ਵੀ ਕਿਹਾ ਜਾਂਦਾ ਹੈ, ਜਰਮਨੀ ਵਿੱਚ ਚੱਲ ਰਹੀ ਹੈ। ਇਹ ਦੁਨੀਆਂ ਦੇ ਸਭ ਤੋਂ ਮਹਿੰਗੇ ਖੇਡ ਮੁਕਾਬਲਿਆਂ ਵਿੱਚੋਂ ਇੱਕ ਹੈ ਅਤੇ ਇਸ ਸਾਲ ਇਸ ਤੋਂ 2.4 ਬਿਲੀਅਨ ਯੂਰੋ ਦੀ ਆਮਦਨ ਹੋਣ ਦੀ ਉਮੀਦ ਹੈ। ਟੀ. ਵੀ. 'ਤੇ ਦੁਨੀਆਂ ਭਰ ਵਿੱਚ ਪੰਜ ਅਰਬ ਦਰਸ਼ਕ ਮਿਲਣ ਦਾ ਅਨੁਮਾਨ ਹੈ।

ਇਸ ਵੱਡੇ ਈਵੈਂਟ ਦੌਰਾਨ ਹਰ ਕਿਸੇ ਦੀਆਂ ਨਜ਼ਰਾਂ ਫੁੱਟਬਾਲ ਸਿਤਾਰਿਆਂ 'ਤੇ ਹੋਣਗੀਆਂ ਪਰ ਇੱਥੇ 19 ਲੋਕ ਹਨ ਜੋ ਆਪਣੀ ਜਗ੍ਹਾ ਬਣਾਉਣ ਅਤੇ ਇਸ ਸਾਰੇ ਗਲੈਮਰ ਵਿੱਚ ਸੁਰੱਖਿਅਤ ਰਹਿਣ ਲਈ ਸੰਘਰਸ਼ ਕਰ ਰਹੇ ਹਨ।ਇਹ 19 ਲੋਕ ਰੈਫ਼ਰੀ ਹਨ ਜੋ ਇਹ ਯਕੀਨੀ ਬਣਾ ਰਹੇ ਹਨ ਕਿ ਮੁਕਾਬਲੇ ਦੇ 51 ਮੈਚਾਂ ਦੌਰਾਨ ਖੇਡ ਨਿਯਮਾਂ ਅਤੇ ਕਾਨੂੰਨ ਅਨੁਸਾਰ ਖੇਡੀ ਜਾਵੇ। ਪਰ ਉਨ੍ਹਾਂ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਈ ਹੈ। ਇੱਕ ਤਾਜ਼ਾ ਅਧਿਐਨ ਦਰਸਾਉਂਦਾ ਹੈ ਕਿ ਦੁਨੀਆਂ ਭਰ ਦੇ ਫੁੱਟਬਾਲ ਰੈਫ਼ਰੀ ਬਦਸਲੂਕੀ ਅਤੇ ਲੜਾਈ ਤੋਂ ਇੰਨੇ ਪਰੇਸ਼ਾਨ ਹਨ ਕਿ ਉਨ੍ਹਾਂ ਵਿੱਚੋਂ ਲਗਭਗ ਅੱਧੇ ਖੇਡ ਛੱਡਣ ਬਾਰੇ ਵੀ ਸੋਚ ਰਹੇ ਹਨ।

ਯੂਰੋ ਰੈਫ਼ਰੀ ਵਿੱਚੋਂ ਇੱਕ ਮਾਈਕਲ ਓਲੀਵਰ ਹੈ ਜਿਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਮਿਲੀਆਂ ਹਨ। 2018 ਚੈਂਪੀਅਨਜ਼ ਲੀਗ ਦੇ ਫਾਈਨਲ 'ਚ ਉਸ ਨੇ ਆਖਰੀ ਮਿੰਟ 'ਚ ਪੈਨਲਟੀ ਦਿੱਤੀ, ਜਿਸ ਤੋਂ ਬਾਅਦ ਓਲੀਵਰ ਨੂੰ ਕਈ ਤਰ੍ਹਾਂ ਦੇ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਉਸ ਦੀ ਪਤਨੀ ਲੂਸੀ ਵੀ ਇੱਕ ਫੁੱਟਬਾਲ ਰੈਫ਼ਰੀ ਹੈ। ਉਸ ਦਾ ਫੋਨ ਨੰਬਰ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਗਿਆ, ਜਿਸ ਤੋਂ ਬਾਅਦ ਉਸ ਨੂੰ ਅਸ਼ਲੀਲ ਅਤੇ ਅਪਮਾਨਜਨਕ ਸੰਦੇਸ਼ ਭੇਜੇ ਗਏ।

**ਖੇਡਾਂ ਵਿੱਚ ਪੁਰਾਣਾ ਹੈ ਦੁਰਵਿਵਹਾਰ**

ਰੈਫ਼ਰੀਆਂ ਲਈ ਇਹ ਤਸ਼ੱਦਦ ਨਵਾਂ ਨਹੀਂ ਹੈ। ਜਦੋਂ ਸਵਿਸ ਰੈਫ਼ਰੀ ਨੇ 2004 ਦੇ ਯੂਰੋ ਕੁਆਰਟਰ ਫਾਈਨਲ ਵਿੱਚ ਪੁਰਤਗਾਲ ਦੇ ਖ਼ਿਲਾਫ਼ ਇੰਗਲੈਂਡ ਦੇ ਗੋਲ ਤੋਂ ਇਨਕਾਰ ਕਰ ਦਿੱਤਾ, ਤਾਂ ਉਸ ਨੂੰ ਪੁਲਿਸ ਸੁਰੱਖਿਆ ਲੈਣੀ ਪਈ। ਨਾਰਾਜ਼ ਇੰਗਲੈਂਡ ਦੇ ਪ੍ਰਸੰਸਕਾਂ ਨੇ ਉਸ ਨੂੰ 16 ਹਜ਼ਾਰ ਤੋਂ ਵੱਧ ਈਮੇਲ ਭੇਜੇ ਸਨ।

ਬ੍ਰਿਟੇਨ ਦੀ ਕੋਵੈਂਟਰੀ ਯੂਨੀਵਰਸਿਟੀ ਨੇ ਫੁੱਟਬਾਲ ਰੈਫ਼ਰੀ ਦੇ ਇਸ ਵਿਵਹਾਰ ਨੂੰ ਲੈ ਕੇ ਅਧਿਐਨ ਕੀਤਾ ਹੈ। ਇਸ ਅਧਿਐਨ ਲਈ, ਖੋਜ-ਕਰਤਾ ਟੌਮ ਵੈਬ ਅਤੇ ਹਰਜੀਤ ਸੇਖੋਂ ਨੇ ਯੂਰਪ, ਓਸ਼ੀਆਨੀਆ ਅਤੇ ਉੱਤਰੀ ਅਮਰੀਕਾ ਦੇ 1,300 ਤੋਂ ਵੱਧ ਰੈਫ਼ਰੀਆਂ ਦੀ ਇੰਟਰਵਿਊ ਕੀਤੀ।

ਇਸ ਸਰਵੇਖਣ ਦੇ ਆਧਾਰ 'ਤੇ ਖੋਜ-ਕਰਤਾਵਾਂ ਦਾ ਕਹਿਣਾ ਹੈ ਕਿ ਰੈਫ਼ਰੀਆਂ ਨਾਲ ਬਦਸਲੂਕੀ ਨੇ ਮਹਾਂਮਾਰੀ ਦਾ ਰੂਪ ਲੈ ਲਿਆ ਹੈ। 'ਦਿ ਕੰਵਰਸੇਸ਼ਨ' ਮੈਗਜ਼ੀਨ ਵਿੱਚ ਪ੍ਰਕਾਸ਼ਿਤ ਇਸ ਖੋਜ ਪੱਤਰ ਵਿੱਚ ਦੱਸਿਆ ਗਿਆ ਹੈ ਕਿ 98 ਫੀਸਦੀ ਰੈਫ਼ਰੀ ਕਿਸੇ ਨਾ ਕਿਸੇ ਸਮੇਂ ਕਿਸੇ ਨਾ ਕਿਸੇ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਏ ਹਨ ਅਤੇ ਕਰੀਬ 20 ਫੀਸਦੀ ਨੂੰ ਸਰੀਰਕ ਤਸ਼ੱਦਦ ਵੀ ਝੱਲਣਾ ਪਿਆ ਹੈ। ਖੋਜ-ਕਰਤਾਵਾਂ ਨੇ ਜਿਨ੍ਹਾਂ ਰੈਫ਼ਰੀਆਂ ਨਾਲ ਗੱਲ ਕੀਤੀ ਸੀ, ਉਨ੍ਹਾਂ ਵਿੱਚੋਂ ਲਗਭਗ ਅੱਧੇ ਖੇਡ ਛੱਡਣ ਬਾਰੇ ਸੋਚ ਰਹੇ ਹਨ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਰੈਫ਼ਰੀਆਂ ਨਾਲ ਬਦਸਲੂਕੀ ਇਸ ਹੱਦ ਤੱਕ ਪਹੁੰਚ ਗਈ ਹੈ ਕਿ ਹੁਣ ਫੁੱਟਬਾਲ 'ਚ ਰੈਫ਼ਰੀਆਂ ਦੀ ਘਾਟ ਹੈ। ਪਿਛਲੇ ਸਾਲ ਅਗਸਤ ਵਿੱਚ ਹੀ ਯੂ.ਏ.ਐਫ. ਨੇ ਇੱਕ ਭਰਤੀ ਮੁਹਿੰਮ ਸ਼ੁਰੂ ਕੀਤੀ ਸੀ ਜਿਸ ਦਾ ਉਦੇਸ਼ 40 ਹਜ਼ਾਰ ਨਵੇਂ ਰੈਫ਼ਰੀਆਂ ਦੀ ਭਰਤੀ ਕਰਨਾ ਹੈ।

ਪਰ ਖੋਜ-ਕਰਤਾਵਾਂ ਦਾ ਕਹਿਣਾ ਹੈ ਕਿ ਜੇਕਰ ਖਿਡਾਰੀਆਂ, ਕੋਚਾਂ ਅਤੇ ਦਰਸ਼ਕਾਂ ਦੇ ਵਿਵਹਾਰ ਵਿੱਚ ਕੋਈ ਵੱਡਾ ਬਦਲਾਅ ਨਹੀਂ ਹੁੰਦਾ ਹੈ, ਤਾਂ ਯੂਰਪ ਦੇ ਛੋਟੇ ਮੁਕਾਬਲੇ ਇਹਨਾਂ ਨਵੇਂ ਰੈਫ਼ਰੀਆਂ ਨੂੰ ਮਨਾਉਣ ਵਿੱਚ ਅਸਫਲ ਹੋਣਗੇ।

**ਰੈਫ਼ਰੀਆਂ ਦੀ ਸੁਰੱਖਿਆ ਲਈ ਉਪਰਾਲੇ**

ਫਰਵਰੀ 2023 ਵਿੱਚ, ਫੁੱਟਬਾਲ ਐਸੋਸੀਏਸ਼ਨ ਨੇ ਰੈਫ਼ਰੀਆਂ ਨਾਲ ਹੁੰਦੀ ਬਦਸਲੂਕੀ ਨਾਲ ਨਜਿੱਠਣ ਲਈ ਪਹਿਲੀ ਵਾਰ ਬਾਡੀ ਕੈਮਰਿਆਂ ਦੀ ਵੀ ਜਾਂਚ ਕੀਤੀ। ਫੁੱਟਬਾਲ ਦੇ ਮੈਦਾਨਾਂ, ਡਰੈਸਿੰਗ ਰੂਮਾਂ ਅਤੇ ਹੋਰ ਥਾਂਵਾਂ 'ਤੇ ਖਿਡਾਰੀਆਂ, ਅਧਿਕਾਰੀਆਂ ਅਤੇ ਦਰਸ਼ਕਾਂ ਤੋਂ ਸਤਿਕਾਰਯੋਗ ਵਿਵਹਾਰ ਦੀ ਬੇਨਤੀ ਕਰਦੇ ਪੋਸਟਰ ਲਗਾਏ ਗਏ ਸਨ।

ਪਰ ਖੋਜ-ਕਰਤਾਵਾਂ ਦਾ ਕਹਿਣਾ ਹੈ ਕਿ ਇਨ੍ਹਾਂ ਉਪਾਵਾਂ ਦੇ ਨਤੀਜੇ ਫਿਲਹਾਲ ਦਿਖਾਈ ਨਹੀਂ ਦੇ ਰਹੇ ਹਨ। ਇੱਕ ਰੈਫ਼ਰੀ ਨੇ ਖੋਜ-ਕਰਤਾਵਾਂ ਨੂੰ ਕਿਹਾ, 'ਮੇਰੇ ਖਿਆਲ ਵਿੱਚ ਕਾਉਂਟੀ ਪੱਧਰ 'ਤੇ ਲੀਗ ਮੈਚ, ਯਾਨੀ ਸ਼ਨੀਵਾਰ ਨੂੰ, ਕਿਸੇ ਵੀ ਕੀਮਤ 'ਤੇ ਜਿੱਤਣ ਦੀ ਕੋਸ਼ਿਸ਼ ਕਰਨ ਵਾਲੇ ਖਿਡਾਰੀਆਂ ਦੀ ਬਦਸਲੂਕੀ ਆਮ ਗੱਲ ਹੈ ਅਤੇ ਜਦੋਂ ਵੀ ਖਿਡਾਰੀ ਇਕ-ਦੂਜੇ ਨੂੰ ਛੂੰਹਦੇ ਹਨ ਤਾਂ ਦਰਸ਼ਕ ਚੀਕਣਾ ਸ਼ੁਰੂ ਕਰ ਦਿੰਦੇ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2016 ਤੋਂ ਹੁਣ ਤੱਕ ਦਸ ਹਜ਼ਾਰ ਤੋਂ ਵੱਧ ਰੈਫ਼ਰੀ ਇੰਗਲਿਸ਼ ਫੁੱਟਬਾਲ ਛੱਡ ਚੁੱਕੇ ਹਨ। ਰੈਫ਼ਰੀਆਂ ਨਾਲ ਬਦਸਲੂਕੀ ਦਾ ਪੱਧਰ ਅਜਿਹਾ ਹੈ ਕਿ ਬੱਚਿਆਂ ਨੂੰ ਵੀ ਬਖਸ਼ਿਆ ਨਹੀਂ ਜਾਂਦਾ। ਨਵੰਬਰ 2021 ਵਿੱਚ, ਇੰਗਲੈਂਡ ਵਿੱਚ ਸਾਰੇ 13 ਅਤੇ 14 ਸਾਲ ਪੁਰਾਣੇ ਰੈਫ਼ਰੀ ਹੜਤਾਲ 'ਤੇ ਚਲੇ ਗਏ। ਉਹ ਖਿਡਾਰੀਆਂ ਦੇ ਮਾਤਾ-ਪਿਤਾ ਅਤੇ ਕੋਚਾਂ ਦੇ ਦੁਰਵਿਵਹਾਰ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਸਨ।

**ਹੱਲ ਕੀ ਹੈ ?**

ਖੋਜ-ਕਰਤਾਵਾਂ ਦਾ ਕਹਿਣਾ ਹੈ, 'ਇੱਕ ਸਮੱਸਿਆ ਇਹ ਹੈ ਕਿ ਰੈਫ਼ਰੀ ਨੂੰ ਬਾਹਰਲੇ ਲੋਕਾਂ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਅਤੇ ਖਿਡਾਰੀਆਂ ਅਤੇ ਦਰਸ਼ਕਾਂ ਲਈ ਉਹਨਾਂ ਨਾਲ ਹਮਦਰਦੀ ਕਰਨਾ ਮੁਸ਼ਕਿਲ ਹੁੰਦਾ ਹੈ।

ਵੈੱਬ ਅਤੇ ਸੇਖੋਂ ਲਗਭਗ ਦੋ ਦਹਾਕਿਆਂ ਤੋਂ ਦੁਨੀਆਂ ਭਰ ਦੀਆਂ ਵੱਖ-ਵੱਖ ਖੇਡਾਂ ਵਿੱਚ ਰੈਫ਼ਰੀ ਦੀ ਪੜ੍ਹਾਈ ਕਰ ਰਹੇ ਹਨ। 2020 ਵਿੱਚ ਉਨ੍ਹਾਂ ਨੇ ਇਸ ਦੁਰਵਿਵਹਾਰ ਨੂੰ ਘਟਾਉਣ ਲਈ ਦਸ-ਪੁਆਇੰਟ ਦੀ ਯੋਜਨਾ ਪ੍ਰਕਾਸ਼ਿਤ ਕੀਤੀ।

ਉਨ੍ਹਾਂ ਕਿਹਾ ਕਿ ਖੇਡਾਂ ਵਿੱਚ ਬਦਸਲੂਕੀ ਦੇ ਸੱਭਿਆਚਾਰ ਨੂੰ ਬਦਲਣ ਦੀ ਲੋੜ ਹੈ। ਇਸ ਵਿੱਚ ਕੋਚ ਦੀ ਭੂਮਿਕਾ ਅਹਿਮ ਹੋ ਜਾਂਦੀ ਹੈ ਕਿਉਂਕਿ ਸਿਰਫ਼ ਉਹ ਹੀ ਆਪਣੇ ਖਿਡਾਰੀਆਂ ਲਈ ਨਿਯਮਾਂ ਦੀ ਪਾਲਣਾ ਕਰਨ ਦੀ ਮਿਸਾਲ ਕਾਇਮ ਕਰ ਸਕਦਾ ਹੈ।ਵੈਬ ਅਤੇ ਸੇਖੋਂ ਨੇ ਆਪਣੀ ਰਿਪੋਰਟ ਵਿੱਚ ਕਿਹਾ, 'ਬਹੁਤ ਸਾਰੇ ਰੈਫ਼ਰੀ ਕਹਿੰਦੇ ਹਨ ਕਿ ਖਿਡਾਰੀਆਂ, ਪ੍ਰਸੰਸਕਾਂ ਅਤੇ ਕਲੱਬ ਦੇ ਅਧਿਕਾਰੀਆਂ ਨੂੰ ਇਹ ਯਾਦ ਦਿਵਾਉਣ ਲਈ ਵਧੇਰੇ ਸਿੱਖਿਆ ਦੀ ਲੋੜ ਹੁੰਦੀ ਹੈ ਕਿ ਮੈਦਾਨ 'ਤੇ ਰੈਫ਼ਰੀ ਅਸਲ ਵਿੱਚ ਮਨੁੱਖ ਹੁੰਦੇ ਹਨ ਜੋ ਆਪਣਾ ਸਮਾਂ ਛੱਡ ਦਿੰਦੇ ਹਨ ਤਾਂ ਜੋ ਲੋਕ ਖੇਡ ਦਾ ਅਨੰਦ ਲੈ ਸਕਣ।'

# ਉਲੰਪਿਕ ਮਸ਼ਾਲ ਦਾ ਸਫ਼ਰ

**ਹਰਜੀਤ ਸਿੰਘ ਜੋਗਾ**



ਈਸਾ ਦੇ ਜਨਮ ਤੋਂ 776 ਸਾਲ ਪਹਿਲਾਂ ਸ਼ੁਰੂ ਹੋਈਆਂ ਪ੍ਰਾਚੀਨ ਉਲੰਪਿਕ ਖੇਡਾਂ ਤੋਂ ਹੀ ਪਵਿੱਤਰ ਅਗਨੀ ਦੀ ਜੋਤ (ਮਸ਼ਾਲ) ਜਲਾਉਣ ਦੀ ਰਸਮ ਚੱਲਦੀ ਆ ਰਹੀ ਹੈ। ਪ੍ਰਾਚੀਨ ਉਲੰਪਿਕ ਖੇਡਾਂ ਸਮੇਂ ਯੂਨਾਨ ਦੇ ਓਲੰਪੀਆ ਪਿੰਡ ਵਿੱਚ ਬਣੇ ਹੋਏ ਜ਼ਿਊਸ ਦੇਵਤਾ ਦੇ ਮੰਦਰ ਵਿੱਚ ਪਵਿੱਤਰ ਜੋਤ ਲਗਾਤਾਰ ਜਲਦੀ ਰਹਿੰਦੀ ਸੀ। ਪ੍ਰਾਚੀਨ ਉਲੰਪਿਕ ਖੇਡਾਂ ਹਰ ਵਾਰ ਓਲੰਪੀਆ ਪਿੰਡ ਵਿੱਚ ਹੀ ਹੁੰਦੀਆਂ ਸਨ, ਇਸ ਕਰਕੇ ਇਸ ਪਵਿੱਤਰ ਜੋਤ ਨੂੰ ਕਿਸੇ ਦੂਸਰੇ ਸਥਾਨ 'ਤੇ ਲਿਜਾਣ ਦੀ ਲੋੜ ਨਹੀਂ ਪੈਂਦੀ ਸੀ। ਦੂਜੇ ਪਾਸੇ 1896 ਵਿੱਚ ਸ਼ੁਰੂ ਹੋਈਆਂ ਆਧੁਨਿਕ ਉਲੰਪਿਕ ਖੇਡਾਂ ਹਰ ਵਾਰ ਓਲੰਪੀਆ ਪਿੰਡ (ਯੂਨਾਨ) ਵਿੱਚ ਨਾ ਹੋ ਕੇ ਵੱਖੋ-ਵੱਖਰੇ ਦੇਸ਼ਾਂ ਵਿੱਚ ਹੁੰਦੀਆਂ ਹਨ। 1896 ਵਿੱਚ ਜਦੋਂ ਆਧੁਨਿਕ ਉਲੰਪਿਕ ਖੇਡਾਂ ਦੀ ਸ਼ੁਰੂਆਤ ਹੋਈ ਤਾਂ ਉਸ ਸਮੇਂ ਪ੍ਰਾਚੀਨ ਉਲੰਪਿਕ ਖੇਡਾਂ ਦੀਆਂ ਕਈ ਰਸਮਾਂ ਨੂੰ ਖੇਡਾਂ ਸ਼ੁਰੂ ਕਰਨ ਸਮੇਂ ਨਿਭਾਇਆ ਜਾਂਦਾ ਸੀ ਪਰ ਮਸ਼ਾਲ ਜਲਾਉਣ ਦੀ ਰਸਮ ਨਹੀਂ ਨਿਭਾਈ ਜਾਂਦੀ ਸੀ।

ਆਧੁਨਿਕ ਉਲੰਪਿਕ ਖੇਡਾਂ ਦਾ ਮੋਢੀ ਪੀਅਰੇ ਡੀ ਕੁਬਰਟਿਨ ਬਹੁਤ ਜ਼ਿਆਦਾ ਬਿਮਾਰ ਹੋਣ ਕਾਰਨ 1928 ਦੀਆਂ ਐਮਸਟਰਡਮ ਓਲੰਪਿਕ ਖੇਡਾਂ ਵਿੱਚ ਜਾਣ ਦੀ ਹਾਲਤ ਵਿੱਚ ਨਹੀਂ ਸੀ। ਇਸ ਲਈ ਉਸ ਨੇ ਆਪਣੇ ਵੱਲੋਂ ਇੱਕ ਲਿਖਤੀ ਸੰਦੇਸ਼ ਭੇਜਿਆ। ਇਸ ਸੰਦੇਸ਼ ਵਿੱਚ ਉਸ ਨੇ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ, ਪ੍ਰਬੰਧਕਾਂ ਅਤੇ ਦੂਸਰੇ ਲੋਕਾਂ ਨੂੰ ਅਪੀਲ ਕੀਤੀ ਕਿ 'ਸੁਰਜੀਤ ਹੋਈ ਉਲੰਪਿਕ ਭਾਵਨਾ ਦੀ ਜਿਓਤੀ (ਮਸ਼ਾਲ) ਸਦਾ ਲਈ ਜ਼ਿੰਦਾ ਰੱਖਿਓ।' ਉਲੰਪਿਕ ਮਸ਼ਾਲ ਇਸੇ ਭਾਵਨਾ ਦਾ ਪ੍ਰਤੀਕ ਮੰਨੀ ਜਾਂਦੀ ਹੈ।

ਯੂਨਾਨ ਦੇ ਓਲੰਪੀਆ ਪਿੰਡ ਵਿੱਚ ਮਸ਼ਾਲ ਜਲਾਉਣ ਅਤੇ ਉੱਥੋਂ ਇਸ ਨੂੰ ਉਲੰਪਿਕ ਖੇਡਾਂ ਵਾਲੇ ਸ਼ਹਿਰ ਵਿੱਚ ਲੈ ਕੇ ਆਉਣ ਦਾ ਵਿਚਾਰ ਜਰਮਨੀ ਵਾਸੀਆਂ ਦਾ ਹੈ। 1936 ਦੀਆਂ ਉਲੰਪਿਕ ਖੇਡਾਂ ਜਰਮਨੀ ਦੀ ਰਾਜਧਾਨੀ ਬਰਲਿਨ ਵਿੱਚ ਹੋਣੀਆਂ ਸਨ। ਬਰਲਿਨ ਉਲੰਪਿਕ ਖੇਡਾਂ ਦੇ ਪ੍ਰਧਾਨ ਕਾਰਲ ਡਾਇਮ ਦੀ ਸਲਾਹ ਨਾਲ ਇਸ ਸੂਰਜ ਦੀਆਂ ਕਿਰਨਾਂ ਰਾਹੀਂ ਜਲਾਈ ਗਈ ਵਿਸ਼ੇਸ਼ ਮਸ਼ਾਲ ਨੂੰ ਯੂਨਾਨ ਦੇ ਓਲੰਪੀਆ ਪਿੰਡ ਤੋਂ ਜਲਾ ਕੇ ਬਰਲਿਨ ਤੱਕ ਲਿਆਂਦਾ ਗਿਆ ਸੀ। ਉਲੰਪਿਕ ਮਸ਼ਾਲ 3331 ਖਿਡਾਰੀਆਂ ਦੇ ਹੱਥਾਂ ਵਿੱਚੋਂ ਹੁੰਦੀ ਹੋਈ 3187 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਓਲੰਪੀਆ ਪਿੰਡ ਤੋਂ ਬਰਲਿਨ ਪੁੱਜੀ ਸੀ। ਇਸ ਤਰ੍ਹਾਂ ਓਲੰਪੀਆਂ ਪਿੰਡ ਤੋਂ ਸੂਰਜ ਦੀਆਂ ਕਿਰਨਾਂ ਰਾਹੀਂ ਜਲਾਈ ਗਈ ਜੋਤ ਲਿਆ ਕੇ ਉਲੰਪਿਕ ਮਸ਼ਾਲ ਜਲਾਉਣ ਦੀ ਰਸਮ ਦੀ ਸ਼ੁਰੂਆਤ 1936 ਦੀਆਂ ਬਰਲਿਨ ਉਲੰਪਿਕ ਖੇਡਾਂ ਤੋਂ ਹੋਈ ਹੈ ਜੋ ਅੱਜ ਤੱਕ ਲਗਾਤਾਰ ਚੱਲ ਰਹੀ ਹੈ।

ਓਲੰਪੀਆ ਪਿੰਡ ਵਿੱਚੋਂ ਇਸ ਪਾਵਨ ਅਗਨੀ ਨੂੰ ਲਿਆਉਣਾ ਅਤੇ ਫਿਰ ਉਸ ਅਗਨੀ ਨਾਲ ਉਲੰਪਿਕ ਮਸ਼ਾਲ ਜਲਾਉਣ ਨੂੰ ਉਲੰਪਿਕ ਖੇਡਾਂ ਵਿੱਚ ਇਸ ਦੀ ਚਿੰਨ੍ਹਾਤਮਕ ਪ੍ਰਤੀਨਿਧਤਾ ਮੰਨਿਆ ਜਾਂਦਾ ਹੈ। ਇਹ ਮਸ਼ਾਲ ਉਲੰਪਿਕ ਖੇਡਾਂ ਦੇ ਉਦਘਾਟਨੀ ਸਮਾਰੋਹ ਤੋਂ ਲੈ ਕੇ ਸਮਾਪਤੀ ਸਮਾਰੋਹ ਤੱਕ ਲਗਾਤਾਰ ਉਸ ਸਟੇਡੀਅਮ ਵਿੱਚ ਜਗਦੀ ਰਹਿੰਦੀ ਹੈ, ਜਿੱਥੇ ਉਲੰਪਿਕ ਖੇਡਾਂ ਹੋ ਰਹੀਆਂ ਹੁੰਦੀਆਂ ਹਨ।

ਮਸ਼ਾਲ ਜਲਾਉਣ ਦੀ ਰਸਮ ਉਲੰਪਿਕ ਖੇਡਾਂ ਸ਼ੁਰੂ ਹੋਣ ਤੋਂ ਕਾਫ਼ੀ ਸਮਾਂ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਮਸ਼ਾਲ ਜਿੱਥੋਂ ਤੱਕ ਸੰਭਵ ਹੋ ਸਕੇ ਦੌੜਾਕ ਪੈਦਲ ਦੌੜਦੇ ਹੋਏ ਇੱਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਾਉਂਦੇ ਹਨ। ਇਹ ਮਸ਼ਾਲ ਰਿਲੇਅ ਦੌੜ ਵਾਂਗ ਇੱਕ ਦੌੜਾਕ ਤੋਂ ਦੂਸਰੇ ਦੌੜਾਕ ਤੱਕ ਪਹੁੰਚਦੀ ਹੋਈ, ਵੱਖ -ਵੱਖ ਥਾਵਾਂ ਦਾ ਚੱਕਰ ਲਗਾ ਕੇ ਆਪਣੇ ਆਖਰੀ ਪੜਾਅ 'ਤੇ ਉਸ ਸ਼ਹਿਰ ਵਿੱਚ ਪਹੁੰਚ ਜਾਂਦੀ ਹੈ, ਜਿੱਥੇ ਉਲੰਪਿਕ ਖੇਡਾਂ ਹੋਣੀਆ ਹੋਣ। ਖੇਡਾਂ ਵਾਲੇ ਸ਼ਹਿਰ ਤੱਕ ਦੇ ਸਫ਼ਰ ਦੌਰਾਨ ਮਸ਼ਾਲ ਜਿਸ ਵੀ ਦੇਸ਼ ਵਿੱਚ ਪਹੁੰਚਦੀ ਹੈ, ਉਸ ਦੇਸ਼ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਮਸ਼ਾਲ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੱਕ ਲੈ ਕੇ ਜਾਣ ਵਾਲੇ ਦੌੜਾਕਾਂ ਦਾ ਪ੍ਰਬੰਧ ਕਰੇ। ਇਹ ਦੌੜਾਕ ਆਮ ਤੌਰ 'ਤੇ ਸਬੰਧਤ ਦੇਸ਼ ਦੇ ਪ੍ਰਸਿੱਧ ਖਿਡਾਰੀ ਹੁੰਦੇ ਹਨ। ਮਸ਼ਾਲ ਨੂੰ ਇੱਕ ਥਾਂ ਤੋਂ ਦੂਸਰੀ ਥਾਂ ਪਹੁੰਚਾਉਣ ਲਈ ਹੋਰ ਵੱਖ-ਵੱਖ ਸਾਧਨਾਂ ਜਿਵੇਂ ਸਮੁੰਦਰੀ ਜਹਾਜ਼, ਹਵਾਈ ਜਹਾਜ਼, ਕਿਸ਼ਤੀਆਂ, ਊਠਾਂ ਅਤੇ ਘੋੜਿਆਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

ਸਟੇਡੀਅਮ ਵਿੱਚ ਮਸ਼ਾਲ ਲਿਆਉਣ ਅਤੇ ਸਟੇਡੀਅਮ ਵਿੱਚ ਸਥਾਪਤ ਕੀਤੀ ਹੋਈ ਮਸ਼ਾਲ ਜਲਾਉਣ ਵਾਲੇ ਅਥਲੀਟ ਦਾ ਨਾਮ ਗੁਪਤ ਰੱਖਿਆ ਜਾਂਦਾ ਹੈ। ਉਹ ਮੇਜ਼ਬਾਨ ਦੇਸ਼ ਨਾਲ ਸਬੰਧਤ ਕੋਈ ਮਸ਼ਹੂਰ ਖਿਡਾਰੀ ਜਾਂ ਕੋਈ ਨਵਾਂ ਉੱਭਰਦਾ ਅਥਲੀਟ ਵੀ ਹੋ ਸਕਦਾ ਹੈ। ਮਸ਼ਾਲ ਦੇ ਨਾਲ ਸਟੇਡੀਅਮ ਅੰਦਰ ਉਸ ਖਿਡਾਰੀ ਦੀ ਆਮਦ ਖੇਡਾਂ ਦੇ ਉਦਘਾਟਨ ਸਮੇਂ ਹੀ ਹੁੰਦੀ ਹੈ। ਇਹ ਮਸ਼ਾਲ ਉਲੰਪਿਕ ਖੇਡਾਂ ਦੌਰਾਨ ਦਿਨ ਰਾਤ ਲਗਾਤਾਰ ਜਲਦੀ ਰਹਿੰਦੀ ਹੈ। ਉਲੰਪਿਕ ਮਸ਼ਾਲ ਦਾ ਡਿਜ਼ਾਇਨ ਹਰ ਉਲੰਪਿਕ ਸਮੇਂ ਨਵਾਂ ਤਿਆਰ ਕੀਤਾ ਜਾਂਦਾ ਹੈ। 2024 ਦੀਆਂ ਪੈਰਿਸ ਉਲੰਪਿਕ ਖੇਡਾਂ ਲਈ ਬਣਾਈ ਗਈ ਮਸ਼ਾਲ ਦਾ ਡਿਜ਼ਾਇਨ ਪ੍ਰਸਿੱਧ ਫਰੈਂਚ ਡਿਜ਼ਾਈਨਰ ਮੈਥਿਊ ਲੇਹਾਨਿਊਰ ਵੱਲੋਂ ਤਿਆਰ ਕੀਤਾ ਗਿਆ ਹੈ।



ਉਲੰਪਿਕ ਮਸ਼ਾਲ ਦੀ ਯਾਤਰਾ ਦੇ ਸਭ ਤੋਂ ਯਾਦਗਾਰੀ ਪਲ 1976 ਦੀਆਂ ਮੌਂਟਰੀਅਲ (ਕੈਨੇਡਾ) ਓਲੰਪਿਕ ਖੇਡਾਂ ਸਮੇਂ ਵਾਪਰੇ ਸਨ, ਜਦੋਂ ਓਲੰਪੀਆ (ਯੂਨਾਨ) ਵਿੱਚ ਸੂਰਜ ਦੀਆਂ ਕਿਰਨਾਂ ਦੁਆਰਾ ਪਵਿੱਤਰ ਅਗਨੀ ਜਲਾਉਣ ਤੋਂ ਬਾਅਦ ਇਸ ਨੂੰ ਰੇਡਿਓ ਤਰੰਗਾਂ ਵਿੱਚ ਬਦਲਿਆ ਗਿਆ। ਓਲੰਪੀਆ ਤੋਂ ਸੈਟੇਲਾਈਟ ਰਾਹੀਂ ਇਨ੍ਹਾਂ ਰੇਡਿਓ ਤਰੰਗਾਂ ਨੂੰ ਮੌਂਟਰੀਅਲ (ਕੈਨੇਡਾ) ਪਹੁੰਚਾਇਆ ਗਿਆ। ਇੱਥੇ ਲੇਜ਼ਰ ਕਿਰਨਾਂ ਰਾਹੀਂ ਇਨ੍ਹਾਂ ਤਰੰਗਾਂ ਤੋਂ ਓਲੰਪਿਕ ਮਸ਼ਾਲ ਨੂੰ ਜਲਾਇਆ

(ਬਾਕੀ ਸਫ਼ਾ 31 'ਤੇ)

# ਪੰਜਾਬੀ ਗੀਤਾਂ ਵਿੱਚ ਨਸ਼ੇ, ਹਥਿਆਰ ਅਤੇ ਗੈਂਗਵਾਦ







ਦਵਿੰਦਰ ਕੌਰ ਖੁਸ਼ ਧਾਲੀਵਾਲ

ਪੰਜਾਬ ਵਿੱਚ ਨਸ਼ਿਆਂ, ਹਥਿਆਰਾਂ ਅਤੇ ਗੈਂਗਵਾਦ ਦੀ ਮਹਿਮਾ ਗਾਉਂਦੇ ਗੀਤਾਂ ਦਾ ਪਿਛਲੇ ਕਈ ਸਾਲਾਂ ਤੋਂ ਹੜ੍ਹ ਜਿਹਾ ਆਇਆ ਹੋਇਆ ਹੈ। ਲੋਕਾਂ ਦੀਆਂ ਨਿੱਜੀ ਕਾਰਾਂ, ਬੱਸਾਂ ਤੋਂ ਲੈ ਕੇ ਚਾਹ ਦੇ ਖੋਖਿਆਂ, ਕੰਟੀਨਾਂ, ਵਿਆਹਾਂ-ਪਾਰਟੀਆਂ ਤੱਕ ਸ਼ਾਇਦ ਹੀ ਕੋਈ ਅਜਿਹੀ ਜਗ੍ਹਾ ਬਚੀ ਹੋਵੇਗੀ ਜਿੱਥੇ ਇਨ੍ਹਾਂ ਗੀਤਾਂ ਦੇ ਘਟੀਆ ਬੋਲ, ਕੰਨ-ਪਾੜੂ ਸੰਗੀਤ ਤੁਹਾਡੇ ਕੰਨਾਂ ਦੇ ਪੜਦਿਆਂ ਤੋਂ ਹਾੜ੍ਹੇ ਨਾ ਕਢਵਾਉਂਦਾ ਹੋਵੇ। ਦੂਜੇ ਪਾਸੇ ਸਮਾਜ ਵਿੱਚ ਵੀ ਹਿੰਸਾ, ਨਸ਼ੇ, ਹਥਿਆਰਾਂ ਅਤੇ ਗੈਂਗਵਾਦ ਦੇ ਵਰਤਾਰੇ ਪਿਛਲੇ ਸਮੇਂ ਵਿੱਚ ਤੇਜ਼ੀ ਨਾਲ ਵਧੇ ਹਨ। ਸਿੱਟੇ ਵਜੋਂ ਹਰੇਕ ਸੋਚਣ-ਸਮਝਣ ਵਾਲਾ ਇਨਸਾਨ ਇਨ੍ਹਾਂ ਵਰਤਾਰਿਆਂ ਨੂੰ ਲੈ ਕੇ ਚਿੰਤਤ ਵੀ ਹੈ ਅਤੇ ਇਨ੍ਹਾਂ ਵਰਤਾਰਿਆਂ ਤੇ ਗੀਤਾਂ ਵਿੱਚ ਇਨ੍ਹਾਂ ਦੇ ਗੁਣਗਾਨ ਵਿਚਾਲੇ ਸਬੰਧ ਨੂੰ ਸਮਝਣ ਦੀ ਕੋਸ਼ਿਸ਼ ਵੀ ਕਰਦਾ ਹੈ।

ਲਗਭਗ ਸਾਰੀਆਂ ਚਰਚਾਵਾਂ, ਗੱਲਾਂ-ਬਾਤਾਂ ਵਿੱਚ ਗੀਤਾਂ ਨੂੰ ਮੁੱਢ ਮੰਨਿਆ ਜਾਂਦਾ ਹੈ ਅਤੇ ਸਮਾਜਿਕ ਵਰਤਾਰਿਆਂ ਨੂੰ ਇਨ੍ਹਾਂ ਗੀਤਾਂ ਦਾ ਪ੍ਰਭਾਵ, ਉਕਤ ਸਮਾਜਿਕ ਬਿਮਾਰੀਆਂ ਲਈ ਗਾਇਕਾਂ/ਗੀਤਕਾਰਾਂ ਨੂੰ ਜ਼ਿੰਮੇਵਾਰ ਗਰਦਾਨ ਕੇ ਕੰਮ ਨਿਬੇੜ ਲਿਆ ਜਾਂਦਾ ਹੈ। ਪਰ ਇਹ ਤਰਕ ਅਸਲੀਅਤ ਨੂੰ ਸਿਰ-ਪਰਨੇ ਖੜ੍ਹਾ ਕਰਨਾ ਹੈ, ਸਾਰੇ ਮਸਲੇ ਨੂੰ ਹਲਕਾ ਕਰਨਾ ਹੈ। ਨਸ਼ਿਆਂ, ਹਥਿਆਰਾਂ ਅਤੇ ਗੈਂਗਵਾਦ ਦਾ ਪੰਜਾਬੀ ਗੀਤਾਂ ਨਾਲ ਪੁਰਾਣਾ ਨਾਤਾ ਹੈ। ਅਖੌਤੀ ਵਿਰਾਸਤ ਵਜੋਂ ਪੇਸ਼ ਕੀਤੇ ਜਾਂਦੇ ਗੀਤਾਂ ਵਿੱਚ ਇਹ ਸਾਰਾ ਕੁਝ ਬਥੇਰਾ ਪਿਆ ਹੈ, ਸ਼ਾਟਗੰਨਾਂ ਦੀ ਥਾਂ ਦੁਨਾਲੀਆਂ ਸਨ, ਚਿੱਟੇ-ਸਮੈਕ ਦੀ ਥਾਂ ਸ਼ਰਾਬ-ਅਫ਼ੀਮ ਸੀ। ਇਹ ਵੱਖਰੀ ਗੱਲ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਦੁਨਾਲੀ, ਵੈਲੀ, ਅਫ਼ੀਮ ਵਿਰਾਸਤ ਲੱਗ ਸਕਦੀ ਹੈ ਜਾਂ ਕਿਹਾ ਜਾਵੇ ਲੱਗਦੀ ਹੈ।



ਪਰ ਇਹ ਵੀ ਸਹੀ ਗੱਲ ਹੈ ਕਿ ਅਜੋਕੇ ਪੰਜਾਬੀ ਗੀਤਾਂ ਵਿਚਲੇ ਨਸ਼ਿਆਂ, ਹਥਿਆਰਾਂ ਅਤੇ ਗੈਂਗਵਾਦ ਦੇ ਗੁਣਗਾਨ ਨੂੰ ਅੱਜ ਦੇ ਸਮਾਜ ਦੀ ਰੌਸ਼ਨੀ ਵਿੱਚ ਹੀ ਸਮਝਿਆ ਜਾਣਾ ਚਾਹੀਦਾ ਹੈ, ਇਸ ਨੂੰ ਸਿਰਫ਼ ਗੀਤਾਂ ਵਿੱਚ ਸ਼ਬਦਾਂ ਦੇ ਬਦਲਾਅ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਦੂਸਰਾ, ਇੰਟਰਨੈੱਟ ਅਤੇ ਸੰਚਾਰ ਦੇ ਹੋਰ ਸਾਧਨਾਂ ਦੇ ਚਮਤਕਾਰੀ ਵਿਕਾਸ ਨੇ ਹੁਣ ਗੀਤਾਂ ਦੀ ਪਹੁੰਚ ਬਹੁਤ ਵਿਆਪਕ ਕਰ ਦਿੱਤੀ ਹੈ ਅਤੇ ਇਨ੍ਹਾਂ ਦਾ ਸਮਾਜਿਕ ਅਸਰ ਹੁਣ ਕਿਤੇ ਜ਼ਿਆਦਾ ਡੂੰਘਾ ਪੈਂਦਾ ਹੈ।

ਜਿੱਥੋਂ ਤੱਕ ਗੀਤਾਂ ਕਰਕੇ ਨਸ਼ੇ, ਹਥਿਆਰ-ਕਲਚਰ ਅਤੇ ਗੈਂਗਵਾਦ ਪੈਦਾ ਹੋਣ ਦਾ ਸਵਾਲ ਹੈ, ਇਹ ਓਨਾ ਕੁ ਹੀ ਸਹੀ ਹੈ ਜਿੰਨਾ ਕੁ ਕੋਈ ਇਹ ਕਹੇ ਕਿ ਉਸ ਨੂੰ ਬੁਖਾਰ ਚੜ੍ਹਨ ਕਰਕੇ ਟੀਬੀ ਹੋ ਗਈ। ਇਹ ਠੀਕ ਹੈ ਕਿ ਬੁਖਾਰ ਵੀ ਮਰੀਜ਼ ਨੂੰ ਤੰਗ ਕਰਦਾ ਹੈ, ਪਰ ਬੁਖਾਰ ਦੀ ਵਜ੍ਹਾ ਟੀਬੀ ਹੈ, ਨਾ ਕਿ ਟੀਬੀ ਦੀ ਵਜ੍ਹਾ ਬੁਖਾਰ। ਹੁਣ ਜੇ ਕੋਈ ਬੁਖਾਰ-ਬੁਖਾਰ ਦਾ ਰੌਲਾ ਪਾਈ ਜਾਵੇ ਤੇ ਟੀਬੀ ਦੀ ਗੱਲ ਹੀ ਨਾ ਕਰੇ ਤਾਂ ਅਜਿਹੇ ਡਾਕਟਰ ਨੂੰ ਕੋਈ ਕੀ ਕਹੇਗਾ, ਸਾਫ਼ ਹੈ ਝੋਲਾ-ਛਾਪ ਡਾਕਟਰ! ਪਰ ਸਮਾਜਿਕ ਮਸਲਿਆਂ ਦੇ ਮਾਮਲੇ ਵਿੱਚ ਝੋਲਾ-ਛਾਪ ਡਾਕਟਰਾਂ ਦੀ ਖ਼ੂਬ ਚੱਲਦੀ ਹੈ, ਪੰਜਾਬੀ ਗੀਤਾਂ ਬਾਰੇ ਵੀ ਇਹੀ ਹੋ ਰਿਹਾ ਹੈ। ਨਸ਼ੇ ਬਹੁਤ ਵੱਡਾ ਧੰਦਾ ਹਨ, ਮੁਨਾਫ਼ੇ ਦਾ ਵੱਡਾ ਸਰੋਤ ਅਤੇ ਧੰਦੇ ਦੇ ਰੂਪ ਵਿੱਚ ਨਸ਼ਿਆਂ ਦੀ ਖ਼ਰੀਦ-ਵੇਚ ਗੀਤਾਂ ਤੋਂ ਬਹੁਤ ਪਹਿਲਾਂ ਸ਼ੁਰੂ ਹੋਈ ਹੈ। ਸਮਾਜ ਦਾ ਇੱਕ ਵਿਹਲੜ ਤਬਕਾ ਹੈ ਜਿਸ ਕੋਲ ਜ਼ਿੰਦਗੀ ਜਿਊਣ ਦਾ ਕੋਈ ਬਹਾਨਾ ਨਹੀਂ ਹੈ, ਇਹ ਨਸ਼ੇ ਕਰਕੇ ਜ਼ਿੰਦਗੀ ਜਿਊਂਦਾ ਹੈ। ਸਮਾਜ ਦਾ ਇੱਕ ਹਿੱਸਾ ਤਰ੍ਹਾਂ-ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਸਮੱਸਿਆਵਾਂ ਦੀ ਨਾ ਤਾਂ ਸਮਝ ਹੈ, ਨਾ ਹੱਲ ਦਿਸਦਾ ਹੈ ਸਿੱਟੇ ਵਜੋਂ ਉਹ ਨਸ਼ਿਆਂ ਦੀ ਦਲਦਲ ਵਿੱਚ ਆ ਖੁੱਭਦਾ ਹੈ। ਸਮਾਜ ਦਾ ਇੱਕ ਹਿੱਸਾ ਸਿਰਫ਼ ਮਨੋਰੰਜਨ, ਦੇਖਾ-ਦੇਖੀ ਲਈ ਨਸ਼ੇ ਸ਼ੁਰੂ ਕਰਦਾ ਹੈ ਪਰ ਛੱਡ ਨਹੀਂ ਪਾਉਂਦਾ। ਹੋਰ ਵੀ ਕਈ ਕਾਰਨ ਹੋ ਸਕਦੇ ਹਨ।

ਇਸੇ ਤਰ੍ਹਾਂ ਹਥਿਆਰ ਵੀ ਵੱਡਾ ਧੰਦਾ ਹਨ। ਹਥਿਆਰ ਸੱਤਾ ਦੇ ਗਲਿਆਰਿਆਂ ਤੱਕ ਆਪਣੀ ਪਹੁੰਚ ਦੀ ਨੁਮਾਇਸ਼ ਕਰਨ ਦਾ ਧਨਾਢਾਂ ਦਾ ਇੱਕ ਸਾਧਨ ਹਨ। ਗ਼ਰੀਬ ਕਿਰਤੀ ਲੋਕਾਂ ਦੀ ਕਿਰਤ ਉੱਪਰ ਪਲ ਰਹੀਆਂ ਮੁੱਠੀਭਰ ਜੋਕਾਂ ਦੁਆਰਾ ਆਮ ਲੋਕਾਂ ਵਿੱਚ ਦਹਿਸ਼ਤ ਪੈਦਾ ਕਰਨ ਦਾ ਜ਼ਰੀਆ ਹਨ, ਕਿਸੇ ਵੀ ਮਨੁੱਖੀ ਗੁਣ ਤੋਂ ਵਿਹੂਣੀਆਂ ਹੋ ਚੁੱਕੀਆਂ ਜੋਕਾਂ ਦੁਆਰਾ ਆਪਣੇ-ਆਪ ਨੂੰ 'ਮਨੁੱਖਤਾ ਦਾ ਸਰਵਉੱਚ ਵਿਕਾਸ' ਵਜੋਂ ਪੇਸ਼ ਕਰਨ ਦੇ ਕੋਝੇ ਯਤਨ ਹਨ। ਇਨ੍ਹਾਂ ਧਨਾਢਾਂ ਨੂੰ ਆਪਣਾ ਨਸ਼ਿਆਂ, ਹਥਿਆਰਾਂ, ਸਿਆਸਤ ਸਮੇਤ ਹਰ ਕਾਰੋਬਾਰ ਚਲਾਉਣ ਲਈ ਅਜਿਹੀ ਨਿੱਜੀ 'ਪੁਲਿਸ' ਦੀ ਲੋੜ ਹੁੰਦੀ ਹੈ ਜਿਹੜੀ ਸੰਵਿਧਾਨ ਦੇ ਬੰਧਨਾਂ ਤੋਂ ਉੱਕਾ ਹੀ ਮੁਕਤ ਹੋਵੇ। ਜਿਹੜੀ ਸਿਰਫ਼ ਇਨ੍ਹਾਂ ਦੇ ਹੁਕਮਾਂ ਅਨੁਸਾਰ ਕੰਮ ਕਰੇ, ਇਨ੍ਹਾਂ ਦੇ ਵਿਰੋਧੀਆਂ ਨੂੰ ਨਜਿੱਠ ਸਕੇ, ਪੈਸੇ ਦੀ ਵਸੂਲੀ ਕਰ ਸਕੇ। ਇਸੇ ਲੋੜ ਵਿੱਚੋਂ ਗੈਂਗਵਾਦ ਪੈਦਾ ਹੁੰਦਾ ਹੈ। ਸਾਰੇ ਗੈਂਗਸਟਰ ਕਿਸੇ-ਨ-ਕਿਸੇ ਸਿਆਸੀ ਲੀਡਰ ਜਾਂ ਕਾਰੋਬਾਰੀ ਆਦਿ ਲਈ ਕਥਿਤ ਤੌਰ 'ਤੇ ਕੰਮ ਕਰਦੇ ਹਨ।

ਗੈਂਗਾਂ ਵਿੱਚ ਭਰਤੀ ਕਰਨ ਲਈ ਸਮਾਜ ਵਿੱਚ ਨੌਜਵਾਨਾਂ ਦੀ ਕਮੀ ਨਹੀਂ ਹੈ। ਇੱਕ ਪਾਸੇ ਬੇਰੁਜ਼ਗਾਰੀ, ਆਰਥਿਕ-ਸਮਾਜਿਕ ਨਾਬਰਾਬਰੀ ਦਾ ਝੰਬਿਆ ਖੁੰਦਕੀ ਮਜਬੂਰ ਹੋਇਆ ਨੌਜਵਾਨ ਤਬਕਾ ਇਨ੍ਹਾਂ ਦੇ ਚੁੰਗਲ ਵਿੱਚ ਫਸਦਾ ਹੈ, ਦੂਜੇ ਪਾਸੇ ਜਲਦੀ ਅਮੀਰ ਹੋਣ ਦੀ ਲਾਲਸਾ, ਅਖੌਤੀ ਅਣਖ-ਟੌਹਰ ਨਾਲ ਗ੍ਰਸਤ ਨੌਜਵਾਨ ਗੈਂਗਵਾਦ ਦੇ ਗਲੈਮਰ ਵਿੱਚ ਉਲਝ ਜਾਂਦਾ ਹੈ। ਇਸੇ ਮਾਹੌਲ ਵਿੱਚੋਂ ਨਸ਼ਿਆਂ, ਹਥਿਆਰਾਂ, ਗੈਂਗਵਾਦ ਨੂੰ ਜ਼ਿੰਦਗੀ ਦੀ ਸਰਵੋਤਮ ਪ੍ਰਾਪਤੀ, ਜ਼ਿੰਦਗੀ ਜਿਊਣ ਦਾ ਅਸਲ ਢੰਗ ਸਮਝਣ ਦੇ ਵਿਚਾਰ ਪੈਦਾ ਹੁੰਦੇ ਹਨ। ਉਹ ਸਮਝਦੇ ਹਨ ਕਿ ਇਸ ਤੋਂ ਬਿਨਾਂ ਸ਼ਾਇਦ ਉਨ੍ਹਾਂ ਲਈ ਜ਼ਿੰਦਗੀ ਸੰਭਵ ਨਹੀਂ ਹੋ ਸਕਦੀ। ਉੱਥੇ ਹੀ ਉਨ੍ਹਾਂ ਦੇ ਮਾਲਕ ਧਨਾਢਾਂ ਲਈ ਇਹ ਵਿਚਾਰ ਕਾਰੋਬਾਰ ਨੂੰ ਅੱਗੇ ਵਧਾਉਣ, ਮੁਨਾਫ਼ਾ ਕਮਾਉਣ ਦੇ ਸਾਧਨ ਹਨ। ਇਹ ਉਹ ਜ਼ਮੀਨ ਹੈ ਜਿੱਥੋਂ ਅੱਜਕੱਲ੍ਹ ਦੇ ਬਹੁਤੇ ਪੰਜਾਬੀ ਗੀਤਕਾਰ ਆਪਣਾ ਕੱਚਾ-ਮਾਲ ਹਾਸਲ ਕਰਦੇ ਹਨ, ਬਹੁਤ ਸਾਰੇ ਗਾਇਕ/ਗੀਤਕਾਰ ਤਾਂ ਖ਼ੁਦ ਇਸ ਜ਼ਮੀਨ ਦੇ ਬੂਟੇ ਹਨ। ਇਨ੍ਹਾਂ ਵਿਚਾਰਾਂ ਨੂੰ ਗੀਤਾਂ ਰਾਹੀਂ ਸਮੁੱਚੇ ਸਮਾਜ ਵਿੱਚ ਰਸਾਈ ਮਿਲਦੀ ਹੈ ਅਤੇ ਗੀਤ ਇਨ੍ਹਾਂ ਵਿਚਾਰਾਂ ਨੂੰ ਸਮੁੱਚੇ ਸਮਾਜ ਦੇ ਵਿਚਾਰ ਬਣਾਉਣ ਦਾ ਇੱਕ ਸਾਧਨ ਬਣ ਜਾਂਦੇ ਹਨ। ਇਸ ਗੰਦ ਨਾਲ ਲਬਰੇਜ਼ ਇਹ ਗੀਤ ਸਿਰਫ਼ ਇਸੇ ਗੰਦਗੀ ਨੂੰ ਹੀ ਸਮਾਜ ਵਿੱਚ ਨਹੀਂ ਪ੍ਰਚਾਰਦੇ, ਸਗੋਂ ਇਹ ਹਰ ਤਰ੍ਹਾਂ ਦੀ ਵਿਚਾਰਕ ਗੰਦਗੀ ਨੂੰ ਮੁੜ-ਮੁੜ ਪੇਸ਼ ਕਰਦੇ ਹਨ। ਔਰਤ-ਵਿਰੋਧੀ ਮਾਨਸਿਕਤਾ, ਔਰਤ ਦੀ ਇੱਕ ਵਸਤੂ ਵਜੋਂ ਪੇਸ਼ਕਾਰੀ, ਅਖੌਤੀ ਉੱਚੀ ਜਾਤ ਦਾ ਹੰਕਾਰ, ਪਿੱਤਰਸੱਤਾ ਦੀ ਮਹਾਨਤਾ ਆਦਿ ਮੱਧਯੁਗੀ ਰੂੜ੍ਹੀਆਂ ਇਨ੍ਹਾਂ ਗੀਤਾਂ ਦਾ ਲਾਜ਼ਮੀ ਹਿੱਸਾ ਹਨ।

ਇਸ ਤਰ੍ਹਾਂ ਉਪਰੋਕਤ ਕਿਸਮ ਦੇ ਪੰਜਾਬੀ ਗੀਤਾਂ ਦੀ ਗੰਗਾ ਮੌਜੂਦਾ ਆਰਥਿਕ-ਸਮਾਜਿਕ ਢਾਂਚੇ ਵਿੱਚੋਂ ਨਿਕਲਦੀ ਹੈ, ਇਹੀ ਉਹ ਢਾਂਚਾ ਹੈ ਜਿਹੜਾ ਇਨ੍ਹਾਂ ਲਈ ਕੱਚਾ-ਮਾਲ ਵੀ ਪੈਦਾ ਕਰਦਾ ਹੈ ਅਤੇ ਨਾਲ ਹੀ ਖਪਤ ਲਈ ਮੰਡੀ ਵੀ। ਇਹ ਗੀਤ ਖ਼ੁਦ ਇੱਕ ਮੁਨਾਫ਼ਾ ਕੁੱਟਣ ਦਾ ਧੰਦਾ ਹਨ, ਜਿੱਥੇ ਇੱਕ ਪਾਸੇ ਧਨਾਢ ਇਸ ਵਿੱਚ ਪੈਸਾ ਲਗਾਉਂਦੇ ਹਨ, ਉੱਥੇ ਜਲਦੀ-ਜਲਦੀ ਪੈਸਾ ਕਮਾਉਣ ਤੇ ਮਸ਼ਹੂਰ ਹੋਣ ਲਈ ਨਿੱਤ ਨਵੇਂ ਗਾਇਕ/ਗੀਤਕਾਰ ਆ ਰਹੇ ਹਨ ਜਿਨ੍ਹਾਂ ਨੂੰ ਸਿਰਫ਼ ਪੈਸਾ ਦਿਖਦਾ ਹੈ। ਇਸ ਲਈ ਨਸ਼ਿਆਂ, ਹਥਿਆਰ-ਕਲਚਰ ਅਤੇ ਗੈਂਗਵਾਦ ਲਈ ਪੰਜਾਬੀ ਗੀਤਾਂ ਨੂੰ (ਬਾਕੀ ਸਫ਼ਾ 31 'ਤੇ)

## ਸਿੱਧੂ ਮੂਸੇਵਾਲਾ ਦਾ ਗੀਤ 'ਡਾਇਲੇਮਾ' ਛਾਇਆ ਟਰੈਂਡਿੰਗ 'ਚ

ਜਲੰਧਰ/ਏ.ਟੀ.ਨਿਊਜ਼ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਆਵਾਜ਼ ਇੱਕ ਵਾਰ ਫਿਰ ਪ੍ਰਸ਼ੰਸਕਾਂ ਵਿਚਾਲੇ ਗੂੰਜ ਉੱਠੀ ਹੈ। ਮੂਸੇਵਾਲਾ ਦਾ 7ਵਾਂ ਗੀਤ 'ਡਾਇਲੇਮਾ' ਬੀਤੇ ਦਿਨ ਰਿਲੀਜ਼ ਹੋਇਆ, ਜੋ ਕਿ ਟਰੈਂਡਿੰਗ 'ਚ ਛਾਇਆ ਹੋਇਆ ਹੈ। ਖ਼ਬਰ ਲਿਖਣ ਵੇਲੇ ਇਸ ਗੀਤ ਨੂੰ 2 ਮਿਲੀਅਨ ਦੇ ਕਰੀਬ ਵਿਊਜ਼ ਮਿਲ ਚੁੱਕੇ ਸਨ। ਸਿੱਧੂ ਦੇ ਇਸ ਗੀਤ ਨੂੰ ਫੈਨਜ਼ ਵਲੋਂ ਰੱਜਵਾਂ ਪਿਆਰ ਮਿਲ ਰਿਹਾ ਹੈ। ਇਸ ਗੀਤ ਰਾਹੀਂ ਸਿੱਧੂ ਮੂਸੇਵਾਲਾ ਨੇ ਇੱਕ ਵਾਰ ਫਿਰ ਤੋਂ ਧੱਕ ਪਾ ਦਿੱਤੀ ਹੈ। ਮੂਸੇਵਾਲਾ ਦੀ ਮੌਤ ਮਗਰੋਂ ਇਹ ਉਨ੍ਹਾਂ ਦਾ 7ਵਾਂ ਗੀਤ ਹੈ, ਜੋ ਕਿ ਰਿਲੀਜ਼ ਹੁੰਦੇ ਹੀ ਚਾਰੇ ਪਾਸੇ ਛਾ ਗਿਆ ਹੈ। ਬ੍ਰਿਟਿਸ਼ ਗਾਇਕਾ ਸਟੈਫਲੋਨ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਕੁਝ ਪੋਸਟਾਂ ਵੀ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ 'ਚ ਉਨ੍ਹਾਂ ਨੇ ਦੱਸਿਆ ਹੈ ਕਿ ਗੀਤ ਟਰੈਂਡਿੰਗ 'ਚ ਛਾਇਆ ਹੋਇਆ ਹੈ।




ਦੱਸ ਦੇਈਏ ਕਿ ਸਟੈਫਲੋਨ ਡੌਨ ਨੇ ਲੰਡਨ ਦੀਆਂ ਸੜਕਾਂ 'ਤੇ ਇਸ ਗੀਤ ਦਾ ਕਾਫ਼ੀ ਪ੍ਰਚਾਰ ਕੀਤਾ, ਜਿਸ ਦੀਆਂ ਵੀਡੀਓਜ਼ ਤੇ ਤਸਵੀਰਾਂ ਪੌਪ ਗਾਇਕਾ ਨੇ ਖੁਦ ਆਪਣੇ ਸੋਸ਼ਲ ਮੀਡੀਆ ਅਕਾਊਂਟਸ 'ਤੇ ਸ਼ੇਅਰ ਕੀਤੀਆਂ ਹਨ। ਸਟੀਫਲਨ ਨੇ ਗੀਤ ਨੂੰ ਪ੍ਰਮੋਟ ਕਰਨ ਲਈ ਟੀ-ਸ਼ਰਟਾਂ ਪ੍ਰਿੰਟ ਕਰਵਾਈਆਂ ਹਨ, ਜਿਸ 'ਚ ਇੱਕ ਪਾਸੇ ਉਸ ਦੀ ਤਸਵੀਰ ਛਪੀ ਹੈ ਅਤੇ ਦੂਜੇ ਪਾਸੇ ਸਿੱਧੂ ਮੂਸੇਵਾਲਾ ਦੀ ਤਸਵੀਰ ਹੈ।

ਦੱਸਣਯੋਗ ਹੈ ਕਿ ਸਿੱਧੂ ਮੂਸੇਵਾਲਾ ਨੂੰ ਇਸ ਫ਼ਾਨੀ ਦੁਨੀਆਂ ਤੋਂ ਗਏ 2 ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ ਪਰ ਮੂਸੇਵਾਲਾ ਦਾ ਫੈਨਜ਼ ਵਰਗ ਪਹਿਲਾਂ ਵਾਂਗ ਹੀ ਬਰਕਰਾਰ ਹੈ। ਇਹ ਵੀ ਆਖ ਸਕਦੇ ਹਾਂ ਕਿ ਸਿੱਧੂ ਦੀ ਮੌਤ ਪਿੱਛੋਂ ਪ੍ਰਸ਼ੰਸਕਾਂ ਅਤੇ ਸਰੋਤਿਆਂ ਦੀ ਗਿਣਤੀ 'ਚ ਵਾਧਾ ਹੀ ਹੋਇਆ ਹੈ। 29 ਮਈ 2024 ਨੂੰ ਸਿੱਧੂ ਮੂਸੇਵਾਲਾ ਦੀ ਦੂਜੀ ਬਰਸੀ ਮਨਾਈ ਗਈ ਸੀ। ਇਸ ਮੌਕੇ ਪ੍ਰਸ਼ੰਸਕ ਸਿੱਧੂ ਦੇ ਪਿੰਡ ਮਾਨਸਾ ਵੱਡੀ ਗਿਣਤੀ 'ਚ ਪਹੁੰਚੇ ਸਨ।



## ਸੋਨਾਕਸ਼ੀ ਤੇ ਜ਼ਹੀਰ ਵਿਆਹ ਦੇ ਬੰਧਨ ਵਿੱਚ ਬੱਝੇ

ਮੁੰਬਈ/ਏ.ਟੀ.ਨਿਊਜ਼: ਅਦਾਕਾਰ ਸੋਨਾਕਸ਼ੀ ਸਿਨਹਾ ਅਤੇ ਜ਼ਹੀਰ ਇਕਬਾਲ ਵਿਆਹ ਦੇ ਬੰਧਨ 'ਚ ਬੱਝ ਗਏ ਹਨ। ਜੋੜੇ ਨੇ ਮੁੰਬਈ ਵਿੱਚ ਵਿਆਹ ਦੀਆਂ ਰਸਮਾਂ ਨਿਭਾਈਆਂ ਹਨ। ਇਸ ਮੌਕੇ ਖਾਸ ਦੋਸਤ ਤੇ ਪਰਿਵਾਰਕ ਮੈਂਬਰ ਹੀ ਸ਼ਾਮਲ ਹੋਏ। ਸੋਨਾਕਸ਼ੀ ਤੇ ਜ਼ਹੀਰ ਨੇ ਆਪਣੇ ਵਿਆਹ ਦੀ ਪਹਿਲੀ ਤਸਵੀਰ ਸਾਂਝੀ ਕੀਤੀ ਹੈ। ਸੋਨਾਕਸ਼ੀ ਤੇ ਜ਼ਹੀਰ ਪਿਛਲੇ ਸੱਤ ਸਾਲਾਂ ਤੋਂ ਇੱਕ-ਦੂਜੇ ਨਾਲ ਪ੍ਰੇਮ ਸਬੰਧ ਵਿੱਚ ਸਨ। ਜੋੜੇ ਨੇ ਇੰਸਟਾਗ੍ਰਾਮ 'ਤੇ ਆਪਣੀਆਂ ਖ਼ੂਬਸੂਰਤ ਤਸਵੀਰਾਂ ਨੂੰ ਸਾਂਝਾ ਕੀਤਾ ਹੈ। ਸੋਨਾਕਸ਼ੀ ਸਾੜ੍ਹੀ ਵਿੱਚ ਬੇਹੱਦ ਖ਼ੂਬਸੂਰਤ ਲੱਗ ਰਹੀ ਸੀ, ਜਿਸ 'ਤੇ ਕਢਾਈ ਕੀਤੀ ਹੋਈ ਸੀ।



ਅਦਾਕਾਰਾ ਨੇ ਆਪਣੇ ਵਾਲਾਂ ਦਾ ਜੂੜਾ ਕੀਤਾ ਹੋਇਆ ਸੀ, ਜਿਸ ਵਿੱਚ ਉਸ ਨੇ ਸਫੇਦ ਰੰਗ ਦੇ ਫੁੱਲ ਲਗਾਏ ਹੋਏ ਸਨ। ਜ਼ਹੀਰ ਨੇ ਆਪਣੇ ਵਿਆਹ ਮੌਕੇ ਪੂਰੇ ਸਫੇਦ ਰੰਗ ਦੇ ਕੱਪੜੇ ਪਹਿਨੇ। ਪਹਿਲੀ ਤਸਵੀਰ ਵਿੱਚ ਜ਼ਹੀਰ ਸੋਨਾਕਸ਼ੀ ਦੇ ਹੱਥ ਨੂੰ ਚੁੰਮਦਾ ਦਿਖਾਈ ਦਿੰਦਾ ਹੈ ਅਤੇ ਦੂਜੀ ਵਿੱਚ ਆਪਣਾ ਵਿਆਹ ਰਜਿਸਟਰ ਕਰਦੇ ਨਜ਼ਰ ਆਉਂਦੇ ਹਨ। ਇੱਕ ਹੋਰ ਤਸਵੀਰ 'ਚ ਜ਼ਹੀਰ ਪੇਪਰ 'ਤੇ ਦਸਤਖ਼ਤ ਕਰਦਾ ਦਿਖਾਈ ਦਿੰਦਾ ਹੈ, ਜਦੋਂਕਿ ਸੋਨਾਕਸ਼ੀ ਨੇ ਆਪਣੇ ਪਿਤਾ ਸ਼ਤਰੂਘਣ ਦੀ ਬਾਹ ਫੜੀ ਹੋਈ ਹੈ ਤੇ ਉਹ ਜ਼ਹੀਰ ਨੂੰ ਦੇਖ ਰਹੀ ਹੈ। ਸੋਨਾਕਸ਼ੀ ਨੇ ਇੰਸਟਾਗ੍ਰਾਮ 'ਤੇ ਤਸਵੀਰਾਂ ਸਾਂਝੀਆਂ ਕਰਦਿਆਂ ਲਿਖਿਆ, "ਇਸੇ ਦਿਨ ਸੱਤ ਸਾਲ ਪਹਿਲਾਂ (23.06.2017) ਅਸੀਂ ਦੋਵਾਂ ਨੇ ਇੱਕ-ਦੂਜੇ ਦੀਆਂ ਅੱਖਾਂ ਵਿੱਚ ਪਿਆਰ ਦੇਖਿਆ ਤੇ ਇਸ ਨੂੰ ਨਿਭਾਉਣ ਦਾ ਫ਼ੈਸਲਾ ਕੀਤਾ। ਅੱਜ ਉਸ ਪਿਆਰ ਨੇ ਸਾਡੀਆਂ ਚੁਣੌਤੀਆਂ ਤੇ ਜਿੱਤਾਂ ਦੀ ਅਗਵਾਈ ਕੀਤੀ। ਇਸ ਪਲ ਤੱਕ ਵੀ ਅਗਵਾਈ ਕੀਤੀ, ਜਿੱਥੇ ਸਾਡੇ ਪਰਿਵਾਰਾਂ ਤੇ ਪਰਮਾਤਮਾ ਦੇ ਆਸ਼ੀਰਵਾਦ ਨਾਲ ਹੁਣ ਅਸੀਂ ਪਤੀ-ਪਤਨੀ ਹਾਂ।"

## ਸ੍ਰੀ ਦਰਬਾਰ ਸਾਹਿਬ 'ਚ ਵਾਪਰ ਰਹੀਆਂ ਘਟਨਾਵਾਂ

ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਸਥਿਤ ਵਿਸ਼ਵ ਦੀ ਸਭ ਤੋਂ ਵੱਡੀ ਰਸੋਈ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਵਿੱਚ ਰੋਜ਼ਾਨਾ 120 ਕੁਇੰਟਲ ਆਟੇ ਦੀ ਖਪਤ ਹੋ ਰਹੀ ਹੈ। ਇਸ ਤੋਂ ਇਲਾਵਾ ਹਰ ਰੋਜ਼ 20 ਤੋਂ 25 ਕੁਇੰਟਲ ਚੌਲ, 25 ਕੁਇੰਟਲ ਦਾਲਾਂ ਅਤੇ 20 ਕੁਇੰਟਲ ਮੌਸਮੀ ਸਬਜ਼ੀਆਂ ਦੀ ਵੀ ਵਰਤੋਂ ਹੁੰਦੀ ਹੈ। ਲੰਗਰ ਤਿਆਰ ਕਰਨ ਲਈ ਰੋਜ਼ਾਨਾ 7 ਤੋਂ 10 ਕੁਇੰਟਲ ਦੇਸੀ ਘਿਉ ਦੀ ਵਰਤੋਂ ਕੀਤੀ ਜਾਂਦੀ ਹੈ।

ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਅੰਮ੍ਰਿਤਸਰ ਜਿਥੇ ਸਿੱਖਾਂ ਦਾ ਇਤਿਹਾਸਿਕ ਅਤੇ ਮਹੱਤਵਪੂਰਨ ਮੁੱਖ ਧਾਰਮਿਕ ਅਸਥਾਨ ਹੈ ਉਥੇ ਵੱਡੀ ਗਿਣਤੀ ਗੈਰ ਸਿੱਖ ਵੀ ਇਸ ਅਸਥਾਨ ਪ੍ਰਤੀ ਬਹੁਤ ਸ਼ਰਧਾ ਰੱਖਦੇ ਹਨ। ਚਾਹੀਦਾ ਤਾਂ ਇਹ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਧਰਮ ਦੇ ਪ੍ਰਚਾਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਮਰਿਆਦਾ ਬਾਰੇ ਗੈਰ ਸਿੱਖਾਂ ਨੂੰ ਜਾਣਕਾਰੀ ਦੇਣ ਲਈ ਉਪਰਾਲੇ ਹੋਰ ਤੇਜ਼ ਕਰੇ ਤਾਂ ਕਿ ਗੁਰੂ ਘਰ ਆ ਕੇ ਕੋਈ ਵੀ ਵਿਅਕਤੀ ਮਰਿਆਦਾ ਦੀ ਉਲੰਘਣਾ ਨਾ ਕਰ ਸਕੇ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਸ਼ਰਾਰਤੀ ਅਨਸਰਾਂ 'ਤੇ ਵਿਸ਼ੇਸ਼ ਨਜ਼ਰ ਰੱਖੀ ਜਾਵੇ ਪਰ ਸ਼ਰਧਾਲੂਆਂ ਨੂੰ ਕੋਈ ਤਕਲੀਫ਼ ਨਾ ਹੋਵੇ। ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਆਪਣੇ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਯੋਗਾ ਕਰਨ ਵਰਗੀਆਂ ਘਟਨਾਵਾਂ ਮੁੜ ਨਾ ਵਾਪਰ ਸਕਣ। ਬੀਤੇ ਸਮੇਂ ਵਿੱਚ ਵਾਪਰੀਆਂ ਘਟਨਾਵਾਂ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਨੇ ਕਈ ਜਾਂਚ ਕਮੇਟੀਆਂ ਬਣਾਈਆਂ,ਜਿਹੜੀਆਂ ਕਿ ਕਿਸੇ ਵੀ ਨਤੀਜੇ 'ਤੇ ਨਹੀਂ ਪਹੁੰਚ ਸਕੀਆਂ ਅਤੇ ਸ਼੍ਰੋਮਣੀ ਕਮੇਟੀ ਅਜਿਹੀਆਂ ਘਟਨਾਂਵਾਂ ਰੋਕਣ ਲਈ ਬੇਬੱਸ ਜਾਪ ਰਹੀ ਹੈ।

ਸ਼ਰਾਰਤ ਦੀ ਪੁੱਠ ਚੜ੍ਹੇ ਲੋਕਾਂ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਧਾਰਮਿਕ ਸਥਾਨ ਪਬਲੀਸਿਟੀ ਹਾਸਲ ਕਰਨ ਦਾ ਸਥਾਨ ਨਹੀਂ ਹੁੰਦੇ, ਹਰ ਧਾਰਮਿਕ ਸਥਾਨ ਦੀ ਆਪਣੀ ਮਰਿਆਦਾ ਹੁੰਦੀ ਹੈ, ਜਿਸ ਧਰਮ ਅਸਥਾਨ ਦੇ ਬਾਰੇ ਤੁਹਾਨੂੰ ਜਾਣਕਾਰੀ ਨਹੀਂ ਹੈ, ਉਸ ਸਥਾਨ 'ਤੇ ਬੇਤੁੱਕੀਆਂ ਹਰਕਤਾਂ ਨਾ ਕੀਤੀਆਂ ਜਾਣ। ਸਾਰੇ ਧਰਮ ਬਰਾਬਰ ਹਨ ਤੇ ਕੋਈ ਵੀ ਧਰਮ ਨਾ ਤਾਂ ਲੜਨਾ ਸਿਖਾਉਂਦਾ ਹੈ ਤੇ ਨਾ ਹੀ ਸਮਾਜ ਨੂੰ ਵੰਡਣਾ ਸਿਖਾਉਂਦਾ ਹੈ। ਹਰ ਧਰਮ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੈ।

***

## ਟਰੰਪ ਨੇ ਵਿਦੇਸ਼ੀ ਗ੍ਰੈਜੂਏਟਾਂ ਲਈ ਯੂ. ਐਸ. ਗ੍ਰੀਨ ਕਾਰਡ

ਜਿਸ ਨਾਲ ਦੇਸ਼ ਨੂੰ ਲਾਭ ਹੋ ਸਕਦਾ ਹੈ ਤਾਂ ਉਨ੍ਹਾਂ ਨੂੰ ਇੱਥੇ ਰੋਕਣਾ ਚਾਹੀਦਾ ਹੈ। ਟ੍ਰੰਪ ਨੇ ਕਿਹਾ ਕਿ ਉਹ ਅਜਿਹੀਆਂ ਕਈ ਕਹਾਣੀਆਂ ਜਾਣਦੇ ਹਨ, ਜਿਥੇ ਕਈ ਲੋਕਾਂ ਨੇ ਅਮਰੀਕਾ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਲੈ ਲਈ ਅਤੇ ਉਨ੍ਹਾਂ ਕੋਲ ਵਧੀਆ ਵਪਾਰ ਆਈਡੀਆ ਵੀ ਸੀ, ਪਰ ਉਹ ਗਰੀਨ ਕਾਰਡ ਨਾ ਹੋਣ ਕਰਕੇ ਦੇਸ਼ ਵਿਚ ਨਹੀਂ ਰਹਿ ਸਕੇ। ਉਨ੍ਹਾਂ ਨੇ ਵਾਅਦਾ ਕੀਤਾ ਜੇਕਰ ਉਹ ਰਾਸ਼ਟਰਪਤੀ ਬਣਦੇ ਹਨ ਤਾਂ ਆਪਣੀ ਇਸ ਗੱਲ ਨੂੰ ਸੱਚ ਸਾਬਿਤ ਕਰਨਗੇ। ਜੇਕਰ ਟ੍ਰੰਪ ਆਪਦਾ ਵਾਅਦਾ ਪੂਰਾ ਕਰਦਾ ਹੈ ਤਾਂ ਇਹ ਸਭ ਤੋਂ ਵੱਧ ਲਾਭ ਭਾਰਤੀ ਵਿਦਿਆਰਥੀ ਨੂੰ ਹੋਵੇਗਾ ਜੋ ਲੱਖਾਂ ਦੀ ਤਾਦਾਦ ਵਿੱਚ ਅਮਰੀਕਾ 'ਚ ਪੜ੍ਹਾਈ ਕਰ ਰਹੇ ਹਨ।

ਦੱਸ ਦੇਈਏ ਕਿ ਟਰੰਪ ਦਾ ਜਦੋਂ ਇਹ ਬਿਆਨ ਉਸ ਸਮੇਂ ਵਿੱਚ ਆਇਆ ਹੈ ਜਦ ਬਾਈਡਨ ਸਰਕਾਰ ਨੇ ਗੈਰ ਕਾਨੂੰਨੀ ਅਪ੍ਰਵਾਸੀਆਂ ਨਾਲ ਜੁੜੀ ਇੱਕ ਨਵੀਂ ਨੀਤੀ ਦੀ ਘੋਸ਼ਣਾ ਕੀਤੀ ਹੈ। ਵਾਈਟ ਹਾਊਸ ਨੇ ਹਾਲ ਹੀ ਵਿੱਚ ਕਿਹਾ ਹੈ ਕਿ ਅਮਰੀਕਾ ਵਿੱਚ ਗੈਰ-ਕਾਨੂੰਨੀ ਅਪ੍ਰਵਾਸੀਆਂ ਨੂੰ ਅਮਰੀਕੀ ਨਾਗਰਿਕਾਂ ਨੇ ਵਿਆਹ ਕਰਨ ਲਈ ਕਾਨੂੰਨੀ ਦਰਜਾ ਪ੍ਰਾਪਤ ਕਰਨ ਦੀ ਆਗਿਆ ਦੇਣ ਲਈ ਕਾਨੂੰਨਾਂ 'ਚ ਤਬਦੀਲੀ ਕੀਤੀ ਹੈ। ਬਾਈਡਨ ਸਰਕਾਰ ਦੀ ਇਹ ਨਵੀਂ ਨੀਤੀ ਉਨ੍ਹਾਂ ਲੋਕਾਂ 'ਤੇ ਲਾਗੂ ਹੋਵੇਗੀ, ਜੋ ਘੱਟ ਤੋਂ ਘੱਟ 10 ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੇ ਹਨ ਅਤੇ 17 ਜੂਨ 2024 ਤੋਂ ਪਹਿਲਾਂ ਅਮਰੀਕੀ ਨਾਗਰਿਕ ਨਾਲ ਵਿਆਹ ਹੋ ਗਿਆ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਕਰੀਬ ਪੰਜ ਲੱਖ ਲੋਕਾਂ ਨੂੰ ਫਾਇਦਾ ਹੋਵੇਗਾ

***

## ਕਿਰਪਾਨ ਕਾਰਨ ਗੁਰਸਿੱਖ

ਅਤੇ ਇਹ ਸਿੱਖ ਪਛਾਣ, ਮੌਲਿਕ ਅਧਿਕਾਰਾਂ ਦੀ ਤਰਜਮਾਨ ਵੀ ਹੈ, ਫਿਰ ਵੀ ਸਿੱਖਾਂ ਨਾਲ ਨਫ਼ਰਤੀ ਵਿਹਾਰ ਕਰਨਾ ਅਤਿ ਨਿੰਦਣਯੋਗ ਹੈ।

ਐਡੋਵੇਕਟ ਧਾਮੀ ਨੇ ਰਾਜਸਥਾਨ ਸਰਕਾਰ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੂੰ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਉਹ ਸਿੱਖ ਬੱਚੀ ਨੂੰ ਜੁਡੀਸ਼ੀਅਲ ਪੇਪਰ ਵਿੱਚ ਦਾਖਲੇ ਤੋਂ ਰੋਕਣ ਵਾਲੇ ਦੋਸ਼ੀ ਅਧਿਕਾਰੀਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰਨ। ਉਨ੍ਹਾਂ ਮੁੱਖ ਮੰਤਰੀ ਤੋਂ ਇਹ ਵੀ ਮੰਗ ਕੀਤੀ ਕਿ ਰਾਜਸਥਾਨ ਜੁਡੀਸ਼ੀਅਲ ਸੇਵਾਵਾਂ ਦੇ ਮੁਕਾਬਲਾ ਪ੍ਰੀਖਿਆ ਦੀ ਸਿੱਖ ਉਮੀਦਵਾਰ ਐਡਵੋਕੇਟ ਅਰਮਨਜੋਤ ਕੌਰ ਲਈ 23 ਜੂਨ 2024 ਨੂੰ ਹੋਇਆ ਪੇਪਰ ਦਿਵਾਉਣ ਲਈ ਸੂਬਾ ਸਰਕਾਰ ਵੱਲੋਂ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇ।

**ਕੀ ਹੈ ਮਾਮਲਾ**

ਜੋਧਪੁਰ ਵਿਖੇ ਹੋਏ ਰਾਜਸਥਾਨ ਜੁਡੀਸ਼ੀਅਲ ਸੇਵਾਵਾਂ ਦੇ ਮੁਕਾਬਲੇ ਪੇਪਰ ਵਿੱਚ ਜਲੰਧਰ ਨਿਵਾਸੀ ਗੁਰਸਿੱਖ ਲੜਕੀ ਐਡਵੋਕੇਟ ਅਰਮਨਜੋਤ ਕੌਰ ਨੂੰ ਕਿਰਪਾਨ ਪਹਿਨ ਕੇ ਪ੍ਰੀਖਿਆ ਕੇਂਦਰ ਵਿੱਚ ਜਾਣ ਤੋਂ ਰੋਕ ਦਿੱਤਾ ਗਿਆ। ਸਿੱਖ ਬੱਚੀ ਦੇ ਪਿਤਾ ਸ. ਬਲਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੀ ਬੇਟੀ ਜਸਥਾਨ ਜੁਡੀਸ਼ੀਅਲ ਸੇਵਾਵਾਂ ਲਈ ਮੁਕਾਬਲਾ ਪ੍ਰੀਖਿਆ ਦੇਣ ਲਈ ਜੋਧਪੁਰ ਗਈ ਸੀ, ਜਿੱਥੇ ਪ੍ਰੀਖਿਆ ਕੇਂਦਰ ਦੇ ਅਧਿਕਾਰੀਆਂ ਨੇ ਉਸ ਨੂੰ ਪੇਪਰ ਵਿੱਚ ਦਾਖਲੇ ਲਈ ਕਿਰਪਾਨ ਉਤਾਰਨ ਲਈ ਕਿਹਾ। ਲੇਕਿਨ ਸਿੱਖ ਬੱਚੀ ਨੇ ਇਸ ਗੱਲ ਦਾ ਵਿਰੋਧ ਕੀਤਾ ਅਤੇ ਕਿਰਪਾਨ ਨਹੀਂ ਉਤਾਰੀ ਤਾਂ ਉਸ ਨੂੰ ਪ੍ਰੀਖਿਆ ਦੇਣ ਦੇ ਮੌਕੇ ਤੋਂ ਵਾਂਝੇ ਰੱਖਿਆ ਗਿਆ। ਸ. ਬਲਜੀਤ ਸਿੰਘ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਇਸ ਮਾਮਲੇ ਵਿੱਚ ਜੋਧਪੁਰ ਵਿਖੇ ਰਾਜਸਥਾਨ ਦੇ ਹਾਈ ਕੋਰਟ ਵਿੱਚ ਪਟੀਸ਼ਨ ਵੀ ਪਾਈ ਗਈ ਹੈ ਅਤੇ ਨਿਆਂ ਲਈ ਕਨੂੰਨੀ ਲੜਾਈ ਲੜੀ ਜਾਵੇਗੀ। ਸ. ਬਲਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਬੇਟੀ ਨਾਲ ਇਨਸਾਫ ਹੋਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਕਿਸੇ ਹੋਰ ਨਾਲ ਅਜਿਹਾ ਵਿਤਕਰਾ ਨਾ ਹੋਵੇ। ਐਡਵੋਕੇਟ ਅਰਮਨਜੋਤ ਕੌਰ ਮੌਜੂਦਾ ਸਮੇਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇੱਕ ਸੀਨੀਅਰ ਐਡਵੋਕੇਟ ਦੇ ਕੋਲ ਵਕਾਲਤ ਦਾ ਅਭਿਆਸ ਕਰ ਰਹੀ ਹੈ ਅਤੇ ਉਹ ਦੇਸ਼ ਅੰਦਰ ਜੁਡੀਸ਼ਰੀ ਦੇ ਖੇਤਰ ਵਿੱਚ ਆਪਣੀਆਂ ਸੇਵਾਵਾਂ ਦੇਣ ਦੀ ਤਾਂਘ ਰੱਖਦੀ ਹੈ।

***

## ਅਮਰੀਕਾ ਦੇ ਏਅਰਪੋਰਟ 'ਤੇ ਨਕਲੀ ਬਰੈਂਡ

ਸ਼ਰਤ ਇਹ ਹੈ ਕਿ ਇਹ ਤੁਹਾਡੀ ਨਿੱਜੀ ਵਰਤੋਂ ਲਈ ਹੋਵੇ, ਭਾਵ ਤੁਹਾਡੀ ਆਪਣੀ ਵਰਤੋਂ ਲਈ, ਨਾ ਕਿ ਵਿਕਰੀ ਜਾਂ ਵਪਾਰਕ ਵਰਤੋਂ ਲਈ ਹੋਵੇ। ਅਧਿਕਾਰੀ ਵੱਡੀ ਗਿਣਤੀ 'ਚ ਹਰ ਚੀਜ਼ 'ਤੇ ਤਿੱਖੀ ਨਜ਼ਰ ਰੱਖਦੇ ਹਨ ਅਤੇ ਸ਼ੱਕ ਦੇ ਆਧਾਰ 'ਤੇ ਪੁੱਛਗਿੱਛ ਕਰਨ ਤੋਂ ਬਾਅਦ ਫੈਸਲਾ ਕਰਦੇ ਹਨ ਕਿ ਇਸ ਸਮਾਨ ਦਾ ਕੀ ਕਰਨਾ ਹੈ।

ਝਾਰਖੰਡ ਦੇ ਅਧਿਆਪਕ ਕੋਲੋਂ ਜ਼ਬਤ ਕੀਤਾ 30 ਹਜ਼ਾਰ ਦਾ ਸਮਾਨ

ਜਮਸ਼ੇਦਪੁਰ, ਝਾਰਖੰਡ ਦੇ ਇੱਕ ਸਕੂਲ ਅਧਿਆਪਕ ਦਾ ਹਵਾਲਾ ਦਿੰਦੇ ਹੋਏ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਦੋਂ ਉਹ ਆਪਣੇ ਬੇਟੇ ਨੂੰ ਮਿਲਣ ਲਈ ਅਮਰੀਕਾ ਪਹੁੰਚਿਆ ਤਾਂ ਉਸ ਕੋਲ ਅੱਠ ਕਮੀਜ਼ਾਂ, ਚਾਰ ਟਰਾਊਜ਼ਰ, ਕੁਝ ਜੁਰਾਬਾਂ ਅਤੇ ਜੁੱਤੀਆਂ ਦਾ ਇੱਕ ਜੋੜਾ ਸੀ। ਅਧਿਆਪਕ ਨੇ ਦੱਸਿਆ ਕਿ ਬੰਦਰਗਾਹ 'ਤੇ ਅਧਿਕਾਰੀਆਂ ਨੇ ਮੇਰੇ ਬੈਗ ਦੀ ਜਾਂਚ ਕੀਤੀ ਅਤੇ ਮੈਨੂੰ ਕਈ ਸਵਾਲ ਪੁੱਛੇ ਕਿ ਮੈਂ ਕਿੱਥੇ ਸਫ਼ਰ ਕਰ ਰਿਹਾ ਸੀ, ਸਾਮਾਨ ਕਿਸ ਲਈ ਸੀ, ਕੀ ਮੈਂ ਇਨ੍ਹਾਂ ਦੀ ਤਸਕਰੀ ਕਰ ਰਿਹਾ ਸੀ ? ਅਧਿਆਪਕ ਨੇ ਕਿਹਾ ਕਿ ਮੈਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਸਭ ਮੇਰੇ ਬੇਟੇ ਲਈ ਹੈ, ਪਰ ਅਧਿਕਾਰੀਆਂ ਨੇ ਮੈਨੂੰ ਸਮਾਨ ਨਹੀਂ ਲੈ ਕੇ ਜਾਣ ਦਿੱਤਾ। ਉਨ੍ਹਾਂ ਨੇ ਕ੍ਰਿਮਿਨਲ ਚਾਰਜ ਲਗਾਉਣ ਦੀ ਧਮਕੀ ਦਿੰਦੇ ਹੋਏ ਲਗਭਗ 30 ਹਜ਼ਾਰ ਰੁਪਏ ਦਾ ਸਮਾਨ ਜ਼ਬਤ ਕਰ ਲਿਆ।

**ਡਸਟਬਿਨ ਵਿੱਚ ਸੁੱਟੇ ਗਏ ਵਿਦਿਆਰਥੀ ਦੇ ਕੱਪੜੇ ਅਤੇ ਜੁੱਤੀਆਂ**

ਇਸੇ ਤਰ੍ਹਾਂ ਹੈਦਰਾਬਾਦ ਦੇ ਇੱਕ 27 ਸਾਲਾ ਵਿਦਿਆਰਥੀ ਨੇ ਕਿਹਾ ਕਿ ਭਾਰਤ ਵਿੱਚ ਲੋਕਾਂ ਲਈ ਵੱਡੇ ਬ੍ਰਾਂਡਾਂ ਦੀਆਂ ਨਕਲਾਂ ਜਾਂ ਕਾਪੀਆਂ ਵੇਚਣਾ ਅਤੇ ਖਰੀਦਣਾ ਬਹੁਤ ਆਮ ਗੱਲ ਹੈ। ਮੈਨੂੰ ਨਹੀਂ ਪਤਾ ਸੀ ਕਿ ਉਹਨਾਂ ਨੂੰ ਆਪਣੇ ਸਮਾਨ ਵਿੱਚ ਲਿਜਾਣਾ ਇੰਨਾ ਗੰਭੀਰ ਅਪਰਾਧ ਹੈ। ਉਹ ਕੋਈ ਚੈਕਲਿਸਟ ਵੀ ਪ੍ਰਦਾਨ ਨਹੀਂ ਕਰਦੇ ਹਨ ਤਾਂ ਜੋ ਲੋਕਾਂ ਨੂੰ ਪਤਾ ਹੋਵੇ ਕਿ ਉਹ ਕੀ ਲੈ ਕੇ ਜਾ ਸਕਦੇ ਹਨ ਅਤੇ ਕੀ ਨਹੀਂ। ਕਸਟਮ ਅਧਿਕਾਰੀਆਂ ਨੇ ਕੈਲੀਫੋਰਨੀਆ ਤੋਂ ਬਿਜ਼ਨਸ ਮੈਨੇਜਮੈਂਟ ਅਤੇ ਇਕਨਾਮਿਕਸ ਵਿੱਚ ਮਾਸਟਰ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਦੀਆਂ ਲਗਭਗ 10 ਕਮੀਜ਼ਾਂ, ਪੈਂਟਾਂ ਅਤੇ ਜੁੱਤੀਆਂ ਦੇ ਤਿੰਨ ਜੋੜੇ ਜ਼ਬਤ ਕੀਤੇ ਅਤੇ ਡਸਟਬਿਨ ਵਿੱਚ ਸੁੱਟ ਦਿੱਤੇ।

**ਕੀ ਕਹਿੰਦੇ ਹਨ ਅਧਿਕਾਰੀ**

ਸੀ.ਪੀ.ਬੀ ਅਧਿਕਾਰੀਆਂ ਨੇ ਕਿਹਾ ਕਿ ਪਿਛਲੇ ਸਾਲ 19,724 ਸ਼ਿਪਮੈਂਟਾਂ ਤੋਂ 23 ਮਿਲੀਅਨ ਨਕਲੀ ਸਾਮਾਨ ਜ਼ਬਤ ਕੀਤੇ ਜਾਣ ਤੋਂ ਬਾਅਦ ਜਾਂਚ ਨੂੰ ਤੇਜ਼ ਕੀਤਾ ਗਿਆ ਸੀ ਕਿਉਂਕਿ ਇਹ ਬੌਧਿਕ ਸੰਪਤੀ ਅਧਿਕਾਰਾਂ (ਆਈ.ਪੀ.ਆਰ.) ਦੀ ਉਲੰਘਣਾ ਕਰਦਾ ਹੈ। ਜੇਕਰ ਇਹ ਚੀਜ਼ਾਂ ਅਸਲੀ ਹੁੰਦੀਆਂ ਅਤੇ ਵਾਜਬ ਕੀਮਤਾਂ 'ਤੇ ਵੇਚੀਆਂ ਜਾਂਦੀਆਂ, ਤਾਂ ਇਨ੍ਹਾਂ ਦੀ ਕੀਮਤ 2.7 ਅਰਬ ਡਾਲਰ ਹੋਣੀ ਸੀ। ਨਕਲੀ ਵਸਤੂਆਂ ਰਾਸ਼ਟਰੀ ਸੁਰੱਖਿਆ, ਜਨਤਕ ਸੁਰੱਖਿਆ ਅਤੇ ਆਰਥਿਕ ਦ੍ਰਿਸ਼ਟੀਕੋਣ ਤੋਂ ਨੁਕਸਾਨਦੇਹ ਹਨ।

***

## ਭਾਰੀ ਸਿਆਸੀ ਨੁਕਸਾਨ ਉਠਾਉਣ ਬਾਅਦ

ਹਾਂ, ਸਿਰਫ਼ ਭਾਜਪਾ ਦਾ ਸਾਥ ਦੇਣਾ ਹੀ ਅਕਾਲੀ ਦਲ ਦੇ ਘਟਾਅ ਦਾ ਕਾਰਨ ਨਹੀਂ ਬਣਿਆ, ਉਨ੍ਹਾਂ ਨੇ ਹੋਰ ਗ਼ਲਤੀਆਂ ਵੀ ਬਹੁਤ ਕੀਤੀਆਂ ਹਨ ਜਿਸ ਕਾਰਨ ਸਿੱਖ ਉਸ ਤੋਂ ਨਰਾਜ਼ ਤੇ ਨਿਰਾਸ਼ ਹੋਏ ਹਨ।

ਦੂਸਰੇ ਪਾਸੇ ਅਕਾਲੀ ਦਲ ਵਿਚੋਂ ਸੁਖਬੀਰ ਸਿੰਘ ਬਾਦਲ ਵਿਰੁੱਧ ਸੰਗਠਨ ਅੰਦਰੋਂ ਲਹਿਰ ਉਠ ਰਹੀ ਹੈ ਤੇ ਅਕਾਲੀ ਲੀਡਰਸ਼ਿਪ ਪਾਰਟੀ ਪ੍ਰਧਾਨ ਬਦਲਣਾ ਚਾਹੁੰਦੇ ਹਨ।

ਬੀਤੇ ਦਿਨੀਂ ਜਲੰਧਰ ਵਿਖੇ ਬੀਬੀ ਜਗੀਰ ਕੌਰ , ਸੁਰਜੀਤ ਸਿੰਘ ਰੱਖੜਾ, ਮਨਪ੍ਰੀਤ ਸਿੰਘ ਇਆਲੀ, ਸੁਖਦੇਵ ਸਿੰਘ ਢੀਂਡਸਾ, ਮਨਪ੍ਰੀਤ ਸਿੰਘ ਇਆਲੀ, ਗੁਰਪ੍ਰਤਾਪ ਸਿੰਘ ਵਡਾਲਾ, ਬਲਦੇਵ ਸਿੰਘ ਮਾਨ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਆਦਿ ਨੇ ਮੀਟਿੰਗ ਕੀਤੀ। ਇਸ ਵਿੱਚ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਨਾ ਮੰਨਣ ਲਈ ਇਹ ਲੀਡਰ ਇਕਮਤ ਸਨ। ਸੂਤਰਾਂ ਤੋਂ ਪਤਾ ਲਗਾ ਹੈ ਕਿ ਉਹ ਚਾਹੁੰਦੇ ਹਨ ਕਿ ਨਵੀਂ ਲੀਡਰਸ਼ਿਪ ਅੱਗੇ ਲਿਆਂਦੀ ਜਾਵੇ ਤੇ ਸਿੱਖ ਪੰਥ ਦਾ ਹੁਣ ਬਾਦਲ ਪਰਿਵਾਰ ਉੱਪਰ ਵਿਸ਼ਵਾਸ ਨਹੀਂ ਰਿਹਾ। ਇਹ ਸਾਰੇ ਝੂੰਦਾ ਕਮੇਟੀ ਦੀ ਰਿਪੋਰਟ ਲਾਗੂ ਕਰਨ ਦੇ ਹੱਕ ਵਿੱਚ ਹਨ ਪਰ ਸੁਖਬੀਰ ਬਾਦਲ ਪ੍ਰਧਾਨਗੀ ਛੱਡਣ ਨੂੰ ਤਿਆਰ ਨਹੀਂ।

ਬਾਕੀ ਪੰਥਕ ਜਥੇਬੰਦੀਆਂ ਵੀ ਨਵਾਂ ਅਕਾਲੀ ਦਲ ਉਸਾਰਨ ਲਈ ਕਸਰਤ ਕਰ ਰਹੀਆਂ ਹਨ। ਨਵੇਂ ਐਮ. ਪੀ. ਸਰਬਜੀਤ ਸਿੰਘ ਖ਼ਾਲਸਾ, ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਸਰਗਰਮੀਆਂ ਜਾਰੀ ਹਨ। ਇਸ ਬਾਰੇ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ -ਪਿਤਾ ਵੀ ਸਰਗਰਮ ਹਨ। ਉਨ੍ਹਾਂ ਨੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਰਿਹਾਅ ਕਰਵਾਉਣ ਲਈ ਲਹਿਰ ਵਿੱਢ ਦਿੱਤੀ ਹੈ।

ਕੁਝ ਨਿਰਪੱਖ ਸਿੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਵੋਟ ਦੀ ਰਾਜਨੀਤੀ ਵਿੱਚ ਸਿੱਖਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇਸ ਦੇ ਲਈ ਸਭ ਪੰਥਕ ਧਿਰਾਂ ਨੂੰ ਸਾਂਝਾ ਗੱਠਜੋੜ ਬਣਾਉਣ ਦੀ ਲੋੜ ਹੈ।

ਪੰਥਕ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੀਆਂ ਸਾਂਝੀਆਂ ਹੱਕੀ ਮੰਗਾਂ ਤੇ ਜ਼ਰੂਰਤਾਂ ਦੀ ਪੂਰਤੀ ਲਈ ਆਪਸ ਵਿੱਚ ਮਿਲ ਬੈਠਣ, ਆਪਣਾ ਗਠਜੋੜ ਉਸਾਰਨ ਅਤੇ ਪੰਜਾਬ ਨਾਲ ਹੁੰਦੇ ਧੱਕੇ ਰੁਕਵਾਉਣ ਅਤੇ ਮੰਗਾਂ ਮੰਨਵਾਉਣ ਲਈ ਇੱਕ ਘੱਟੋ-ਘੱਟ 'ਕਾਮਨ ਮਿਨੀਮਮ ਪ੍ਰੋਗਰਾਮ' ਬਣਾਉਣ। ਪੰਜਾਬ ਦੇ ਹਿੱਤਾਂ ਤੇ ਸਮੱਸਿਆਵਾਂ ਦੇ ਹੱਲ ਲਈ ਵੱਖ-ਵੱਖ ਮੰਤਰਾਲਿਆਂ ਤੇ ਹੋਰ ਨੇਤਾਵਾਂ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਵੀ ਸ਼ਾਮਿਲ ਹਨ, ਨੂੰ ਇਕੱਠੇ ਹੋ ਕੇ ਮਿਲਣ। ਇਸ ਲਈ ਪਹਿਲ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਕਰਨੀ ਚਾਹੀਦੀ ਹੈ।

***

## 'ਆਪ' ਸਰਕਾਰ ਵੱਲੋਂ ਕਰਜ਼ੇ ਚੁੱਕਣ ਕਾਰਨ ਪੰਜਾਬ

ਨੌਜਵਾਨਾਂ ਵਿੱਚ ਬੇ-ਰੁਜ਼ਗਾਰੀ ਦੀ ਦਰ ਤਾਂ 20 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਹੈ। ਸਰਕਾਰ ਖਾਲੀ ਪਈਆਂ ਅਸਾਮੀਆਂ ਭਰ ਨਹੀਂ ਰਹੀ ਤੇ ਪਿਛਲੇ ਬਹੁਤ ਸਾਲਾਂ ਤੋਂ ਜੋ ਮਾੜਾ ਮੋਟਾ ਰੁਜ਼ਗਾਰ ਦਿੱਤਾ ਜਾ ਰਿਹਾ ਹੈ, ਉਹ ਮੁੱਢਲੀ ਤਨਖਾਹ 'ਤੇ ਅਤੇ ਠੇਕੇ 'ਤੇ ਦਿੱਤਾ ਜਾ ਰਿਹਾ ਹੈ ਜੋ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਲਘੂ ਤੇ ਛੋਟੇ ਉਦਯੋਗ (ਜਿਨ੍ਹਾਂ ਵਿੱਚ ਰੁਜ਼ਗਾਰ ਦੇ ਮੌਕੇ ਹਨ) ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ।

ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਵਰਗੇ ਗੁਆਂਢੀ ਪਹਾੜੀ ਸੂਬਿਆਂ ਨੂੰ ਦਿੱਤੀਆਂ ਗਈਆਂ ਸਨਅਤੀ ਰਿਆਇਤਾਂ ਨੇ ਸੂਬੇ ਦੇ ਸਨਅਤੀ ਅਧਾਰ ਨੂੰ ਬਹੁਤ ਬੁਰੀ ਤਰ੍ਹਾਂ ਮਾਰਿਆ। ਇਸੇ ਤਰ੍ਹਾਂ, ਸੂਬਾ ਸਰਕਾਰ ਸੁਧਾਰਾਂ ਤੋਂ ਬਾਅਦ ਦੇ ਸਾਲਾਂ ਦੌਰਾਨ ਅਮੀਰ ਡਾਇਸਪੋਰਾ ਸੰਪਰਕ ਹੋਣ ਦੇ ਬਾਵਜੂਦ, ਪੰਜਾਬ ਵਿੱਚ ਐੱਫ.ਡੀ.ਆਈ., ਆਈ.ਟੀ. ਅਤੇ ਉਦਯੋਗਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਵਧੀਆ ਰਣਨੀਤੀ ਤਿਆਰ ਨਹੀਂ ਕਰ ਸਕੀ।

ਆਰਥਿਕ ਮਾਹਿਰ ਰਣਜੀਤ ਸਿੰਘ ਘੁੰਮਣ ਕਹਿੰਦੇ ਹਨ, 'ਇਸ ਸਥਿਤੀ ਵਿੱਚ, ਇਹ ਸੈਕਟਰ ਉਦੋਂ ਤੱਕ 'ਵਿਕਾਸ ਦਾ ਇੰਜਣ' ਨਹੀਂ ਬਣ ਸਕਦਾ ਜਦੋਂ ਤੱਕ ਕੁਝ ਬੁਨਿਆਦੀ ਸੁਧਾਰਾਂ ਜਿਵੇਂ ਕਿ ਫਸਲੀ ਵਿਭਿੰਨਤਾ, ਪਸ਼ੂ ਧਨ ਸੁਧਾਰ, ਬਾਗ਼ਬਾਨੀ, ਮੱਛੀ ਪਾਲਣ ਆਦਿ ਵਰਗੇ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਅਜਿਹੇ ਹਾਲਾਤਾਂ ਵਿੱਚ ਲੋੜ ਹੈ ਕਿ ਪੰਜਾਬ ਵਿੱਚ ਵੱਡੇ ਇੰਡਸਟਰੀ ਯੂਨਿਟ ਲਗਾਏ ਜਾਣ ਤਾਂ ਜੋ ਆਧੁਨਿਕ ਮਸ਼ੀਨਰੀ, ਖੇਤੀਬਾੜੀ ਨਾਲ ਸੰਬੰਧਿਤ ਇੰਡਸਟਰੀ, ਆਈ.ਟੀ. ਅਤੇ ਇੰਜੀਨੀਅਰਿੰਗ ਵਰਗੀਆਂ ਜ਼ਰੂਰਤਾਂ ਨੂੰ ਪੂਰਾ ਕਰਨ। ਸੂਬੇ ਵਿੱਚ ਤਿੰਨ-ਚਾਰ ਵਧੀਆ ਉਦਯੋਗਿਕ ਗਲਿਆਰੇ ਬਣਾ ਕੇ ਦੇਸ਼ ਵਿੱਚ ਬਿਹਤਰੀਨ ਸੇਵਾਵਾਂ ਮੁਹਈਆ ਕਰਵਾਈਆਂ ਜਾ ਸਕਦੀਆਂ ਹਨ।

ਵਾਹਗਾ ਬਾਰਡਰ ਰਾਹੀਂ ਵਪਾਰ ਬੰਦ ਹੋਣ ਕਾਰਨ ਵੀ ਆਮਦਨ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਗੰਭੀਰ ਸੱਟ ਵੱਜੀ ਹੈ। ਰਣਜੀਤ ਸਿੰਘ ਘੁੰਮਣ ਦਾ ਮੰਨਣਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਰਹੱਦੀ ਵਪਾਰ ਨੂੰ ਮੁੜ ਖੋਲ੍ਹਣ ਨਾਲ ਪੰਜਾਬ ਦੀ ਆਰਥਿਕਤਾ ਸੁਧਰ ਸਕਦੀ ਹੈ।

ਸਿਆਸੀ ਪਾਰਟੀਆਂ ਬਜਾਏ ਬੁਨਿਆਦੀ ਮੁੱਦਿਆਂ ਨੂੰ ਮੁਖ਼ਾਤਿਬ ਹੋਣ ਦੇ ਇੱਕ ਦੂਜੀ ਉੱਪਰ ਦੂਸ਼ਣਬਾਜ਼ੀ ਕਰਨ ਵਿੱਚ ਲੱਗੀਆਂ ਹੋਈਆਂ ਹਨ। ਸਾਰੇ ਸਿਆਸੀ ਲੀਡਰ ਆਪਣੀ-ਆਪਣੀ ਪਾਰਟੀ ਨੂੰ ਪੰਜਾਬ ਵਿੱਚ ਸਥਾਪਤ ਕਰਨ ਵਿੱਚ ਲੱਗੇ ਹੋਏ ਹਨ ਪਰ ਪੰਜਾਬ ਦੇ ਬੁਨਿਆਦੀ ਮਸਲੇ ਕਿਸੇ ਵੀ ਸਿਆਸੀ ਪਾਰਟੀ ਦੇ ਏਜੰਡੇ 'ਤੇ ਨਹੀਂ ਹਨ। ਸਿਆਸੀ ਪਾਰਟੀਆਂ ਦਾ ਏਜੰਡਾ ਰਿਸ਼ਵਤਖੋਰੀ, ਗ਼ੈਰ-ਵਾਜਿਬ ਸਬਸਿਡੀਆਂ ਅਤੇ ਮੁਫ਼ਤ ਖੋਰੀਆਂ ਰਾਹੀਂ ਲੋਕਾਂ ਨੂੰ ਭਰਮਾ ਕੇ ਵੋਟਾਂ ਲੈਣ ਤੱਕ ਅਤੇ ਸੱਤਾ ਹਾਸਲ ਕਰਨ ਤੱਕ ਹੀ ਸੀਮਿਤ ਹੈ। ਲੋਕ ਵੀ ਮੁਫ਼ਤ ਸਹੂਲਤਾਂ ਲੈ ਕੇ ਖੁਸ਼ ਹਨ। ਪਰ ਨਾ ਤਾਂ ਸਿਆਸੀ ਪਾਰਟੀਆਂ/ ਸਰਕਾਰਾਂ ਅਤੇ ਨਾ ਹੀ ਬਹੁ-ਗਿਣਤੀ ਲੋਕ ਇਸ ਵਰਤਾਰੇ ਦਾ ਸੰਜੀਦਗੀ ਨਾਲ ਵਿਸ਼ਲੇਸ਼ਣ ਕਰ ਰਹੇ ਹਨ। ਸ਼ਾਇਦ ਉਹ ਨਹੀਂ ਜਾਣਦੇ ਕਿ ਗ਼ੈਰ-ਵਾਜਿਬ ਸਬਸਿਡੀਆਂ ਅਤੇ ਮੁਫ਼ਤਖੋਰੀਆਂ ਪੰਜਾਬ ਨੂੰ ਕਿੱਧਰ ਲਿਜਾਣਗੀਆਂ ? ਕਰਮਚਾਰੀਆਂ ਦਾ ਹਜ਼ਾਰਾਂ ਕਰੋੜ ਰੁਪਇਆ ਬਕਾਇਆ ਸਰਕਾਰ ਵੱਲ ਪਿਆ ਹੈ।

ਸਰਕਾਰੀ ਖਜ਼ਾਨੇ ਵਿੱਚ ਹਜ਼ਾਰਾਂ ਕਰੋੜ ਰੁਪਏ ਦੇ ਹੋਰ ਵਿੱਤੀ ਸਾਧਨ (ਉਹ ਵੀ ਬਿਨਾ ਨਵੇਂ ਟੈਕਸ ਲਾਉਣ ਦੇ) ਲਿਆਂਦੇ ਜਾ ਸਕਦੇ ਹਨ, ਵੀ ਨਹੀਂ ਲਿਆਂਦੇ ਜਾ ਰਹੇ। ਵੱਡ ਅਕਾਰੀ ਰਿਸ਼ਵਤਖੋਰੀ ਇਸ ਪਿੱਛੇ ਵੱਡਾ ਕਾਰਨ ਹੈ। ਵੈਸੇ ਰਿਸ਼ਵਤਖੋਰੀ ਤਾਂ ਪੰਜਾਬੀਆਂ ਦੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਚੂੰਡ ਰਹੀ ਹੈ। ਨਸ਼ਿਆਂ ਅਤੇ ਗੈਂਗਸਟਰਵਾਦ ਦਾ ਸੱਭਿਆਚਾਰ ਇਸ ਸਾਰੇ ਕੁਝ ਦੀ ਦੇਣ ਹੈ।

***

## ਅਕਾਲੀ ਦਲ ਵਿੱਚ ਸੁਖਬੀਰ ਬਾਦਲ

ਪ੍ਰਧਾਨਗੀ ਤੋਂ ਲਾਂਭੇ ਕੀਤੇ ਜਾਣ ਦੀ ਆਵਾਜ਼ ਚੁੱਕੀ ਸੀ। ਉਨ੍ਹਾਂ ਨੇ ਇਕੱਠਿਆਂ ਅਕਾਲੀ ਦਲ ਟਕਸਾਲੀ ਦਾ ਗਠਨ ਕੀਤਾ ਸੀ। ਇਸ ਤੋਂ ਇੱਕ ਸਾਲ ਬਾਅਦ ਹੀ ਮਾਲਵੇ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਵੀ ਬਾਗੀ ਸੁਰਾਂ ਨਾਲ ਆਪਣੀ ਆਵਾਜ਼ ਰਲਾਈ ਸੀ ਪਰ ਸਫਲ ਨਹੀਂ ਹੋਏ।

2022 ਵਿੱਚ ਭਾਜਪਾ ਨਾਲ ਰਲ ਕੇ ਚੋਣਾਂ ਲੜਨ ਤੋਂ ਬਾਅਦ ਸੁਖਦੇਵ ਸਿੰਘ ਢੀਂਡਸਾ ਮੁੜ ਮਾਰਚ 2024 ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ।

ਦੱਸ ਦੇਈਏ ਕਿ ਸ਼੍ਰੋਮਣੀ ਅਕਾਲੀ ਦਲ ਦੇ ਇਸ ਸਮੇਂ ਪੰਜਾਬ ਵਿਧਾਨ ਸਭਾ ਵਿੱਚ ਸਿਰਫ 3 ਵਿਧਾਇਕ ਹਨ ਅਤੇ ਲੋਕ ਸਭਾ ਵਿੱਚ ਇਕ ਸੰਸਦ ਮੈਂਬਰ ਅਤੇ ਰਾਜ ਸਭਾ ਵਿੱਚ ਪਾਰਟੀ ਦਾ ਖਾਤਾ ਖਾਲੀ ਹੈ। ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਨੂੰ ਲੋਕ ਸਭਾ ਚੋਣਾਂ ਵਿੱਚ ਸਿਰਫ਼ 13.42% ਵੋਟਾਂ ਮਿਲੀਆਂ, ਜੋ ਕਿ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ 5% ਘੱਟ ਹਨ। ਅਕਾਲੀ ਦਲ ਦੇ 13 ਵਿੱਚੋਂ 10 ਆਗੂਆਂ ਨੂੰ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਪਾਰਟੀ ਦਿਨੋਂ -ਦਿਨ ਨਿਘਾਰ ਵੱਲ ਜਾ ਰਹੀ ਹੈ। ਇਸ ਬਗਾਵਤ ਨਾਲ ਅਕਾਲੀ ਦਲ ਦੀ ਹੋਂਦ ਖਤਰੇ ਵਿੱਚ ਪੈ ਗਈ ਹੈ। ਇਸ ਸਮੇਂ ਅਕਾਲੀ ਦਲ ਕੋਲ ਕੋਈ ਸੂਝਵਾਨ ਤੇ ਪੰਥਕ ਲੀਡਰ ਨਹੀਂ ਜੋ ਪੰਥਕ ਜਜ਼ਬਾ ਜਗਾ ਸਕੇ। ਅਕਾਲੀ ਦਲ ਦੀ ਹੋਂਦ ਨੂੰ ਬਚਾ ਸਕੇ।



## ਕੈਨੇਡਾ ਦੀ ਆਰਥਿਕਤਾ

ਮਹਿੰਗਾਈ ਨੇ ਪਹਿਲਾਂ ਹੀ ਲੋਕਾਂ ਦਾ ਕਚੂਮਰ ਕੱਢਿਆ ਹੋਇਆ ਹੈ। ਜਿਸ ਕਾਰਨ ਕੈਨੇਡਾ ਦਾ ਹੇਠਲਾ ਵਰਗ, ਮੂਲਵਾਸੀ ਅਤੇ ਨਵੇਂ ਪ੍ਰਵਾਸ ਕਰਕੇ ਆਏ ਲੋਕਾਂ 'ਤੇ ਕੋਵਿਡ-19 ਤੋਂ ਬਾਅਦ ਸਭ ਤੋਂ ਵੱਡੀ ਮਹਿੰਗਾਈ ਦੀ ਮਾਰ ਪਈ ਹੈ। ਜਿਸ ਦਰ ਨਾਲ ਮੁਦਰਾ-ਸਫੀਤੀ ਵੱਧ ਰਹੀ ਹੈ, ਜੇਕਰ ਮੁਦਾ ਸਫੀਤੀ ਨੂੰ ਖੋਰਨ ਲਈ ਵਾਜਬ ਕਦਮ ਨਾ ਚੁੱਕੇ ਗਏ ਤਾਂ ਇਹ ਜੂਨ, 2024 ਤੱਕ 8-ਫੀਸਦੀ ਤੱਕ ਪੁਜ ਜਾਵੇਗੀ।

ਟਰੂਡੋ ਸਰਕਾਰ ਨੇ ਲੋਕਾਂ ਨੂੰ ਕੁਝ ਰਾਹਤ ਦੇਣ ਲਈ ਸਾਲ, 2024 ਦੇ ਬਜਟ 'ਚ ਮਨੁੱਖੀ ਸਹਾਇਤਾ ਦੇ ਨਾਂ ਹੇਠ 350 ਮਿਲੀਅਨ ਡਾਲਰ ਦੋ ਸਾਲਾਂ ਲਈ ਰੱਖੇ ਹਨ। ਪਰ ਜਿਸ ਰੇਟ ਨਾਲ ਮਹਿੰਗਾਈ ਵਧ ਰਹੀ ਹੈ, ਬੇਰੁਜ਼ਗਾਰੀ ਫੈਲ ਰਹੀ ਹੈ, ਵਿਆਜ ਦਰ੍ਹਾਂ 'ਚ ਹੋਇਆ ਬੇ-ਤਿਹਾਸ਼ਾ ਵਾਧਾ, ਇਹ ਨਿਗੂਣੀ ਰਾਹਤ ਊਠ ਤੋਂ ਛਾਣਨੀ ਲਾਹੁਣ ਬਰਾਬਰ ਹੈ। ਕੈਨੇਡਾ ਦੀ ਮੌਜੂਦਾ ਆਰਥਿਕਤਾ ਸਾਲ 2024 ਦੇ ਅੱਧ 'ਚ ਪੁੱਜ ਗਈ ਹੈ। ਫਿਰ ਕਦੋਂ ਵਿਆਜ ਦਰਾਂ ਘੱਟ ਕਰਨ ਲਈ ਆਸ ਹੋਵੇਗੀ, ਫਿਰ ਕਦੋਂ ਮਕਾਨਾਂ ਦੀ ਮੰਡੀ ਵਿੱਚ ਮੰਦਾ ਰੁਕੇਗਾ ਅਤੇ ਮਹਿੰਗਾਈ ਹੇਠਾਂ ਆਵੇਗੀ, ਅਜੇ ਕੁਝ ਨਹੀਂ ਕਿਹਾ ਜਾ ਸਕਦਾ ਹੈ ? ਕੈਨੇਡਾ ਅੰਦਰ ਮਕਾਨਾਂ ਦੀ ਥੁੜ ਅਤੇ ਅਸਮਾਨੀ ਪੁੱਜੀਆਂ ਵਿਆਜ ਦਰਾਂ ਕਰਕੇ ਹੀ ਮੁਦਰਾ-ਸਫੀਤੀ ਉੱਪਰ ਨੂੰ ਜਾ ਰਹੀ ਹੈ। ਮਕਾਨਾਂ ਦੀਆ ਕੀਮਤਾਂ 'ਚ ਵਾਧਾ 4.8-ਫੀਸਦੀ ਹੋਇਆ ਹੈ, ਜੋ ਪਿਛਲੇ 30-ਸਾਲਾਂ ਵਿੱਚ ਸਭ ਤੋਂ ਵੱਧ ਹੈ। ਵਿਰੋਧੀ ਧਿਰ ਕਨਜ਼ਰਵੇਟਿਵ (ਟੋਰੀ ਪਾਰਟੀ) ਦੇ ਆਗੂ ਨੇ ਸੰਸਦ ਵਿੱਚ ਕਿਹਾ ਕਿ ਹਾਕਮ ਪਾਰਟੀ ਨੇ 400-ਬਿਲੀਅਨ ਦੇ ਨੋਟ ਛਾਪੇ ਹਨ ਤੇ ਮਕਾਨ-ਮੰਡੀ ਦਾ ਗੁਬਾਰਾ ਕਦੇ ਵੀ ਫੱਟ ਸਕਦਾ ਹੈ। ਭਾਵ ਸੰਕਟ ਹੋ ਵਧ ਸਕਦਾ ਹੈ ? ਰੀਅਲ ਐਸਟੇਟ ਕੈਨੇਡਾ ਦੀ ਆਰਥਿਕਤਾ ਵਿੱਚ ਇੱਕ ਵੱਡਾ ਰੋਲ ਅਦਾ ਕਰਦਾ ਹੈ।

ਕੈਨੇਡਾ ਕੁਦਰਤੀ ਤੌਰ 'ਤੇ ਇੱਕ ਠੰਡਾ, ਜੰਗਲੀ ਅਤੇ ਝੀਲਾਂ ਵਾਲਾ ਸੁੰਦਰ ਦੇਸ਼ ਹੈ। ਇਥੋਂ ਦੇ ਮੂਲਵਾਸੀ ਜੋ ਇਸ ਦੀ ਧਰਤੀ ਦੇ ਅਸਲੀ ਵਸਨੀਕ ਅਤੇ ਮਾਲਕ ਹਨ, ਉਹਨਾਂ ਨੂੰ ਛੱਡ ਕੇ ਇਥੋਂ ਦੀ ਬਾਕੀ ਸਾਰੀ ਆਬਾਦੀ ਪ੍ਰਵਾਸ ਕਰਕੇ ਆਏ ਲੋਕਾਂ ਵੱਲੋਂ ਵਿਕਸਤ ਕੀਤੇ ਕੈਨੇਡਾ ਦੀ ਹੈ। ਇਸ ਦੇਸ਼ ਦੀ ਵੱਖੋ ਵੱਖ ਵਿਭਿੰਨਤਾ ਵਾਲੀ ਦਿੱਖ ਹੈ। ਮੁੱਖ ਧਰਮ ਇਸਾਈ ਅਤੇ ਹੋਰ ਧਰਮਾਂ ਤੇ ਬੋਲੀਆਂ ਤੋਂ ਬਿਨਾਂ ਇਥੇ ਮੁੱਖ ਦੋ ਕੌਮੀ ਅੰਗਰੇਜ਼ੀ ਅਤੇ ਫਰਾਂਸੀਸੀ ਬੋਲੀ ਬੋਲੀਆਂ ਜਾਂਦੀਆਂ ਹਨ। ਇਸ ਵੇਲੇ ਕੈਨੇਡਾ ਦੇ ਲੋਕਾਂ ਸਾਹਮਣੇ ਬੇਰੁਜ਼ਗਾਰੀ, ਮੁਦਰਾ-ਸਫੀਤੀ ਵੱਧਣ ਕਾਰਨ ਮਹਿੰਗਾਈ, ਮਕਾਨਾਂ ਦੇ ਲਏ ਕਰਜ਼ੇ 'ਤੇ ਵੱਧ ਰਹੀਆਂ ਕਿਸ਼ਤਾਂ ਦਾ ਬੋਝ ਅਤੇ ਮਕਾਨ ਖਰੀਦਣ ਦੀਆਂ ਵੱਡੀਆਂ ਚੁਣੌਤੀਆਂ ਹਨ। ਜਿਨ੍ਹਾਂ ਕਾਰਨ ਆਬਾਦੀ ਦਾ ਇੱਕ ਬਹੁਤ ਵੱਡਾ ਹਿੱਸਾ ਤਨਾਅ, ਬੀ.ਪੀ. ਅਤੇ ਸ਼ੂਗਰ ਜਿਹੀਆਂ ਭਿਆਨਕ ਬਿਮਾਰੀਆਂ ਨਾਲ ਜੂਝ ਰਿਹਾ ਹੈ ਕਿਉਂਕਿ ਅਜੇ ਕੈਨੇਡਾ ਅੰਦਰ ਸਮਾਜਿਕ-ਆਰਥਿਕ ਤਬਦੀਲੀ ਜੋ ਲੋਕਾਂ ਨੂੰ ਮੁਕਤੀ ਦਿਵਾ ਸਕੇ, ਦੀ ਕੋਈ ਸੰਭਾਵਨਾ ਨਹੀਂ ਹੈ ? ਲੋਕ ਪੱਖੀ ਬਦਲ ਕਿਵੇਂ ਆਵੇ, ਇਥੋਂ ਦੀ ਕਿਰਤੀ ਜਮਾਤ ਸਾਹਮਣੇ ਇੱਕ ਮੁੱਖ ਸਵਾਲ ਹੈ ? ਭਾਵੇਂ ਆਬਾਦੀ ਦਾ ਵੱਡਾ ਹਿੱਸਾ ਤਬਦੀਲੀ ਤਾਂ ਚਾਹੁੰਦਾ ਹੈ, ਪਰ ਸਮਾਜਿਕ ਪ੍ਰੀਵਰਤਨ ਲਈ ਤਿਆਰ ਨਹੀਂ ਦਿਸਦਾ ਲਗਦਾ ਹੈ ! ਅਜੇ ਮੁਕਤੀ ਦੂਰ ਹੈ।

***

## ਨੂਰਾ ਕੁਸ਼ਤੀ, ਮੋਦੀ ਬਨਾਮ

ਪਰ ਕੀ ਇਹ ਸੱਚ ਹੈ ? ਸ਼ਾਇਦ ਇਹ ਇੰਝ ਨਹੀਂ ਹੈ। ਇਹ ਪਿਉ(ਆਰ.ਐਸ.ਐਸ.) ਵੱਲੋਂ ਆਪਣੇ ਪੁੱਤ(ਨਰਿੰਦਰ ਮੋਦੀ) ਲਈ ਮਿੱਠੀਆਂ ਘੂਰੀਆਂ ਹਨ।

ਪ੍ਰਧਾਨ ਮੰਤਰੀ ਮੋਦੀ ਨਿਰੰਕੁਸ਼ ਰੁਚੀਆਂ ਦਾ ਮਾਲਕ ਹੈ। ਉਸਦੀਆਂ ਨੀਤੀਆਂ ਇਸਦੀ ਤਾਈਦ ਕਰਦੀਆਂ ਹਨ। ਉਸਨੂੰ ਕੇਂਦਰੀਕਰਨ ਅਤੇ ਗਲਬਾ ਪਾਉਣ ਦੀ ਲਤ ਲੱਗੀ ਹੋਈ ਹੈ। ਤੇ ਦੋ ਦਹਾਕਿਆਂ (ਜਾਂ ਉਸ ਤੋਂ ਵੱਧ) ਤੋਂ ਉਸਨੇ ਜੋ ਨਿਰੰਕੁਸ਼ ਤਾਕਤ ਮਾਣੀ ਹੈ, ਉਸਨੇ ਉਸਦੀ ਇਸ ਰੁਚੀ ਨੂੰ ਪਕੇਰਾ ਕੀਤਾ ਹੈ। ਅਸਲ 'ਚ ਕਈ ਸਾਲਾਂ ਤੋਂ ਉਹ ਬਿੱਗ ਬੌਸ, ਟੌਪ ਬੌਸ, ਇਕਮਾਤਰ ਤੇ ਸੁਪਰੀਮ ਬੌਸ ਦੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਚੋਣਾਂ 'ਚ ਉਸ ਵਿਰੋਧੀਆਂ ਵਿਰੁੱਧ ਪ੍ਰਚੰਡ ਪ੍ਰਚਾਰ ਕੀਤਾ, ਮੁਸਲਮਾਨਾਂ ਖ਼ਿਲਾਫ਼ ਬੇਹੱਦ ਸਖ਼ਤ ਟਿੱਪਣੀਆਂ ਕੀਤੀਆਂ। ਪਿਛਲੇ ਪੰਜ ਸਾਲ ਤਾਂ ਮੋਦੀ ਵਿੱਚ ਹੰਕਾਰ ਐਨਾ ਵਧਿਆ ਕਿ ਉਹ ਆਪਣੀ ਪਾਰਟੀ ਭਾਜਪਾ ਨਾਲੋਂ ਵੀ ਵੱਧ ਆਪਣੇ ਆਪ ਨੂੰ ਲੋਕਾਂ ਸਾਹਮਣੇ ਉਤਮ ਪੇਸ਼ ਕਰਦਾ ਨਜ਼ਰ ਆਇਆ। ਕੋਵਿਡ ਦੇ ਟੀਕਿਆਂ ਤੋਂ ਲੈ ਕੇ, ਬੱਸ ਅੱਡੇ ਤੋਂ ਹਵਾਈ ਅੱਡਿਆਂ ਤੱਕ ਮੋਦੀ ਜੀ, ਮੋਦੀ ਜੀ ਹੀ ਦਿਖੇ। ਹੰਕਾਰ ਦੀ ਹੱਦ ਤਾਂ ਉਦੋਂ ਹੋਈ ਜਦੋਂ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਟਾ ਉਹਨਾਂ ਨੇ ਖੁਦ ਕੀਤੀ, ਜਦਕਿ ਇਹ ਕੰਮ ਪੁਜਾਰੀਆਂ ਮਹੰਤਾਂ ਦਾ ਹੁੰਦਾ ਹੈ। ਇਸ ਸਮੇਂ ਦੌਰਾਨ ਹਿੰਦੂਆਂ, ਮੁਸਲਮਾਨਾਂ 'ਚ ਦਰਾੜ ਪਈ। ਨਾਗਰਿਕਤਾ ਕਾਨੂੰਨ ਸੋਧ ਨੂੰ ਲੈ ਕੇ ਮੁਸਲਮਾਨ ਸਮਾਜ ਵਿੱਚ ਇੰਨਾਂ ਡਰ ਪੈਦਾ ਹੋਇਆ ਕਿ ਦੇਸ਼ ਦੇ ਸ਼ਹਿਰਾਂ 'ਚ ਜਲਸੇ ਜਲੂਸ ਨਿਕਲੇ, ਪਰ ਪ੍ਰਧਾਨ ਮੰਤਰੀ ਜੀ ਦਾ ਕੋਈ ਬਿਆਨ ਨਹੀਂ ਆਇਆ। ਦੇਸ਼ 'ਚ ਬੁਲਡੋਜ਼ਰ ਨੀਤੀ ਚੱਲੀ, ਮੁਸਲਮਾਨਾਂ ਦੇ ਘਰ ਢਾਹੇ ਗਏ। ਇਸ ਸਭ ਕੁਝ ਦੇ ਕਾਰਨ ਮੋਦੀ ਦਾ ਅਕਸ ਲੋਕਾਂ 'ਚ ਵਿਗੜਿਆ। ਪਰ ਹੈਰਾਨੀ ਹੈ ਕਿ ਆਰ.ਐਸ.ਐਸ. ਜੋ ਆਮ ਲੋਕਾਂ 'ਚ ਵਿਚਰਦੀ ਹੈ, ਉਹ ਨਰਿੰਦਰ ਮੋਦੀ ਨੂੰ ਸ਼ੀਸ਼ਾ ਨਾ ਵਿਖਾ ਸਕੀ। ਉਹ ਮੋਦੀ ਦੀ ਤਾਕਤ ਤੋਂ ਡਰਦੀ ਸੀ ਅਤੇ ਹੁਣ ਜਦੋਂ ਉਹ ਕਮਜ਼ੋਰ ਹੋਏ ਹਨ ਤਾਂ ਆਰ.ਐਸ.ਐਸ ਬੋਲ ਰਹੀ ਹੈ। ਜਾਪਦਾ ਹੈ ਆਰ.ਐਸ.ਐਸ. ਉਸ ਸਮੇਂ ਤੱਕ ਚੁੱਪੀ ਧਾਰੀ ਬੈਠੀ ਰਹੀ ਅਤੇ ਆਸ ਲਾਈ ਬੈਠੀ ਰਹੀ ਕਿ ਮੋਦੀ ਮੁੜ ਚੰਗੇਰੀ ਸੱਤਾ ਵਿੱਚ ਆ ਜਾਣਗੇ ਤੇ ਹਿੰਦੂ ਰਾਸ਼ਟਰ ਦਾ ਜੋ ਸੰਕਲਪ ਅਤੇ ਆਰ.ਐਸ.ਐਸ. ਵਿਚਾਰਧਾਰਾ, ਜੋ ਉਹ ਦੇਸ਼ 'ਚ ਲਾਗੂ ਕਰਨਾ ਚਾਹੁੰਦੇ ਹਨ, ਉਹ ਪੂਰਾ ਹੋ ਜਾਏਗਾ।

ਸ਼ਾਇਦ ਉਹ ਇਸ ਸਬੰਧੀ ਉਂਵੇ ਹੀ ਗਲਤ ਫਹਿਮੀ 'ਚ ਰਹੇ ਜਿਵੇਂ ਕਿ ਨਰਿੰਦਰ ਮੋਦੀ ਆਪ ਸਨ ਕਿ ਉਹ 400 ਲੋਕ ਸਭਾ ਸੀਟਾਂ ਹਥਿਆ ਲੈਣਗੇ। ਉਹ ਅੰਤਰਰਾਸ਼ਟਰੀ ਪੱਧਰ 'ਤੇ ਹੁੰਦੀਆਂ ਇਹਨਾਂ ਚਰਚਾਵਾਂ ਤੋਂ ਅੱਖਾਂ ਮੀਟੀ ਬੈਠੇ ਰਹੇ ਕਿ ਭਾਰਤ ਹੁਣ ਅਲੋਕਤੰਤਰਿਕ ਬਣ ਗਿਆ ਹੈ, ਜਿਥੇ ਸੈਕੂਲਰ ਅਤੇ 'ਲੋਕਤੰਤਰ' ਦੇ ਅਰਥ ਹੀ ਬਦਲ ਗਏ ਹਨ।

ਕੀ ਆਰ.ਐਸ.ਐਸ. ਇਸ ਗੱਲ ਤੋਂ ਜਾਣੂ ਨਹੀਂ ਸੀ ਕਿ ਪ੍ਰਧਾਨ ਮੰਤਰੀ ਆਪਣੇ ਸਾਥੀ ਮੰਤਰੀਆਂ ਦਾ ਅਣਦੇਖੀ ਕਰਦਾ ਹੈ। ਵਿਰੋਧੀ ਧਿਰ ਦਾ ਅਪਮਾਨ ਕਰਦਾ ਹੈ। ਪ੍ਰੈਸ ਨੂੰ ਨੱਥ ਪਾਕੇ ਨਚਾਉਂਦਾ ਹੈ ਅਤੇ ਸੰਸਥਾਵਾਂ ਦਾ ਖੁਦਮੁਖ਼ਤਾਰੀ ਨੂੰ ਭੰਗ ਕਰਦਾ ਹੈ ਅਤੇ ਇਹੀ ਨਹੀਂ ਸੂਬਿਆਂ ਦੇ ਹੱਕਾਂ ਅਤੇ ਹਿੱਤਾਂ ਦਾ ਤ੍ਰਿਸਕਾਰ ਕਰਦਾ ਹੈ ਖਾਸਕਰ ਉਹਨਾਂ ਸੂਬਿਆਂ ਦੇ ਜਿਹਨਾਂ ਵਿੱਚ ਪ੍ਰਧਾਨ ਮੰਤਰੀ ਦੀ ਪਾਰਟੀ ਤੋਂ ਬਿਨਾਂ ਕੋਈ ਹੋਰ ਪਾਰਟੀ ਰਾਜ ਕਰ ਰਹੀ ਹੁੰਦੀ ਹੈ।

ਆਰ.ਐਸ.ਐਸ. ਦੀ ਚੁੱਪੀ ਅਸਲ ਵਿੱਚ ਪ੍ਰਧਾਨ ਮੰਤਰੀ ਨੂੰ ਥਾਪੀ ਸੀ। ਇਸੇ ਥਾਪੀ ਦੇ ਸਿਰ ਤੇ ਨਰਿੰਦਰ ਮੋਦੀ ਤਾਕਤਾਂ ਦੀ ਵਰਤੋਂ, ਦੁਰਵਰਤੋਂ ਕਰਦਾ ਰਿਹਾ ਅਤੇ ਆਪਣੇ ਬੋਝੇ 'ਚ ਸੱਭੋ ਕੁਝ ਸਮੇਟਦਾ ਰਿਹਾ। ਆਰ.ਐਸ.ਐਸ. ਦੀ ਸ਼ਹਿ 'ਤੇ ਉਸ ਆਪਣਾ ਵਿਰਾਟ ਜਨੂੰਨੀ ਅਕਸ ਉਸਾਰਿਆ। ਖੁਦ ਨੂੰ ਇੱਕ ਅਜਿਹੇ ਵਿਅਕਤੀ ਜਾਂ ਆਗੂ ਵਜੋਂ ਪੇਸ਼ ਕੀਤਾ ਜੋ ਇਕੱਲ਼ਾ ਹੀ ਪਹਿਲਾਂ ਆਪਣੇ ਰਾਜ ਤੇ ਫੇਰ ਆਪਣੇ ਦੇਸ਼ ਨੂੰ ਖੁਸ਼ਹਾਲੀ ਤੇ ਮਹਾਨਤਾ ਵੱਲ ਲੈ ਜਾ ਸਕਦਾ ਹੈ। ਸਾਰੇ ਪ੍ਰਾਜੈਕਟਾਂ ਦਾ ਸਿਹਰਾ ਵੀ ਉਸ ਆਪਣੇ ਸਿਰ ਬੰਨਿਆ।

ਆਰ.ਐਸ.ਐਸ. ਨੇਤਾਵਾਂ ਦੇ ਦਿੱਤੇ ਹੋਏ ਬਿਆਨ ਨਰਿੰਦਰ ਮੋਦੀ ਦੀ ਨਿਖੇਧੀ ਨਹੀਂ। ਨਾ ਹੀ ਆਰ.ਐਸ.ਐਸ. 'ਚ ਪਨਪ ਰਹੀ ਕਿਸੇ ਧੜੇਬੰਦੀ ਦਾ ਸੰਕੇਤ ਹਨ। ਇਹ ਬਿਆਨ ਤਾਂ ਅਲੋਚਕਾਤਮਕ ਘੱਟ ਸਗੋਂ ਉਸਾਰੂ ਸਲਾਹ ਵੱਧ ਹਨ। ਇਹ ਤਾਂ ਇਕ ਨੂਰਾ ਕੁਸ਼ਤੀ ਹੈ, ਰਲ ਕੇ ਲੜੀ ਜਾ ਰਹੀ ਸੰਕੇਤਕ ਕੁਸ਼ਤੀ।

ਸਹੀ ਗੱਲ ਤਾਂ ਇਹ ਹੈ ਕਿ ਆਰ.ਐਸ.ਐਸ. ਅਤੇ ਭਾਜਪਾ ਦਾ ਤਾਣਾ ਬਾਣਾ ਇੱਕ ਦੂਜੇ ਨਾਲ ਬੱਝਿਆ ਹੋਇਆ ਹੈ, ਜਿਹਨਾਂ ਦੀਆਂ ਨੀਤੀਆਂ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣ ਦੀ ਸੋਚ 'ਚ ਨਾ ਕੋਈ ਵਖਰੇਵਾਂ ਹੈ ਅਤੇ ਨਾ ਹੀ ਕੋਈ ਅਸਪਸ਼ਟਤਾ। ਨਰਿੰਦਰ ਮੋਦੀ, ਆਰ.ਐਸ.ਐਸ. ਦਾ ਏਜੰਡਾ ਲਾਗੂ ਕਰਨ ਲਈ ਇੱਕ ਸਫ਼ਲ ਕਾਰਕ ਸਾਬਤ ਹੋ ਰਿਹਾ ਹੈ, ਉਸ ਵਿਰੁੱਧ ਆਰ.ਐਸ.ਐਸ. ਇੱਕ ਕਦਮ ਵੀ ਨਹੀਂ ਤੁਰ ਸਕਦਾ, ਸਗੋਂ ਸਮੇਂ-ਸਮੇਂ ਜਿਥੇ ਉਸਦੀ ਤਾਕਤ ਘਟੇਗੀ, ਉਥੇ ਉਥੇ ਆਰ.ਐਸ.ਐਸ. ਉਸ ਨਾਲ ਇੱਕ ਸਹਿਯੋਗੀ ਵਜੋਂ ਦਿਸੇਗਾ।

***

## ਉਲੰਪਿਕ ਮਸ਼ਾਲ ਦਾ ਸਫ਼ਰ

ਗਿਆ ਸੀ। 2000 ਦੀਆਂ ਸਿਡਨੀ (ਆਸਟਰੇਲੀਆ) ਉਲੰਪਿਕ ਖੇਡਾਂ ਸਮੇਂ ਉਲੰਪਿਕ ਮਸ਼ਾਲ ਨੂੰ ਗੋਤਾਖੋਰਾਂ ਰਾਹੀਂ ਪਾਣੀ ਦੇ ਹੇਠਾਂ ਦੀ ਲਿਜਾਇਆ ਗਿਆ ਸੀ।

2004 ਦੀਆਂ ਏਥਨਜ਼ (ਯੂਨਾਨ) ਉਲੰਪਿਕ ਖੇਡਾਂ ਸਮੇਂ ਉਲੰਪਿਕ ਮਸ਼ਾਲ ਨੇ 78 ਦਿਨਾਂ ਵਿੱਚ 78,000 ਕਿਲੋਮੀਟਰ ਦਾ ਪੈਂਡਾ ਤੈਅ ਕੀਤਾ ਸੀ। ਇਸ ਦੌਰਾਨ 11,300 ਦੌੜਾਕਾਂ ਨੇ ਮਸ਼ਾਲ ਲਈ ਦੌੜ ਲਗਾਈ ਸੀ। ਉਲੰਪਿਕ ਦੇ ਇਤਿਹਾਸ ਵਿੱਚ ਇਹ ਮਸ਼ਾਲ ਪਹਿਲੀ ਵਾਰ ਅਫ਼ਰੀਕਾ ਅਤੇ ਦੱਖਣੀ ਅਮਰੀਕਾ ਰਾਹੀਂ ਹੁੰਦੇ ਹੋਏ ਉਲੰਪਿਕ ਖੇਡਾਂ ਨਾਲ ਸਬੰਧਿਤ ਸਾਰੇ ਪੁਰਾਣੇ ਸ਼ਹਿਰਾਂ ਦਾ ਵੱਡਾ ਚੱਕਰ ਕੱਟ ਕੇ ਏਥਨਜ਼ (ਯੂਨਾਨ) ਪਹੁੰਚੀ ਸੀ ਜਿੱਥੇ 28ਵੀਆਂ ਉਲੰਪਿਕ ਖੇਡਾਂ ਹੋਣੀਆਂ ਸਨ।

2012 ਦੀਆਂ ਲੰਡਨ ਵਿੱਚ ਹੋਈਆਂ 30ਵੀਆਂ ਉਲੰਪਿਕ ਖੇਡਾਂ ਲਈ ਉਲੰਪਿਕ ਮਸ਼ਾਲ ਦੀ 70 ਦਿਨਾਂ ਯਾਤਰਾ ਓਲੰਪੀਆ ਪਿੰਡ ਤੋਂ ਚੱਲ ਕੇ ਲੰਡਨ ਦੇ ਸਟਰੇਟਫੋਰਡ ਸਟੇਡੀਅਮ ਵਿੱਚ ਖੇਡਾਂ ਦੇ ਉਦਘਾਟਨੀ ਸਮਾਰੋਹ ਸਮੇਂ ਮਸ਼ਾਲ ਜਲਾਉਣ ਨਾਲ ਸਮਾਪਤ ਹੋਈ ਸੀ। ਇਸ ਦੌਰਾਨ ਉਲੰਪਿਕ ਮਸ਼ਾਲ ਓਲੰਪੀਆ ਨਗਰ ਤੋਂ ਲੰਡਨ ਪਹੁੰਚਣ ਲਈ 12875 ਕਿਲੋਮੀਟਰ ਦਾ ਸਫ਼ਰ ਤੈਅ ਕਰਦੀ ਹੋਈ 8,000 ਖਿਡਾਰੀਆਂ ਦੇ ਹੱਥਾਂ ਦਾ ਸ਼ਿੰਗਾਰ ਬਣੀ ਸੀ।

ਬ੍ਰਾਜ਼ੀਲ ਦੇ ਸ਼ਹਿਰ ਰੀਓ ਡੀ ਜੇਨੇਰੋ ਵਿਖੇ ਹੋਈਆਂ 31ਵੀਆਂ ਉਲੰਪਿਕ ਖੇਡਾਂ ਦੀ ਮਸ਼ਾਲ ਯਾਤਰਾ ਓਲੰਪੀਆ ਪਿੰਡ ਤੋਂ ਆਰੰਭ ਹੋ ਕੇ 106 ਦਿਨਾਂ ਵਿੱਚ 20000 ਕਿਲੋਮੀਟਰ ਤੋਂ ਜ਼ਿਆਦਾ ਸਫ਼ਰ ਤੈਅ ਕਰਨ ਤੋਂ ਬਾਅਦ 12000 ਤੋਂ ਜ਼ਿਆਦਾ ਖਿਡਾਰੀਆਂ ਦੇ ਹੱਥਾਂ ਵਿੱਚੋਂ ਦੀ ਹੁੰਦੀ ਹੋਈ ਖੇਡਾਂ ਦੇ ਉਦਘਾਟਨ ਵਾਲੇ ਦਿਨ ਰੀਓ ਡੀ ਜੇਨੇਰੋ ਦੇ ਸਟੇਡੀਅਮ ਵਿਖੇ ਪਹੁੰਚੀ ਸੀ।

2020 ਦੀਆਂ ਜਪਾਨ ਦੀ ਰਾਜਧਾਨੀ ਟੋਕੀਓ ਵਿਖੇ ਹੋਈਆਂ 32ਵੀਆਂ ਉਲੰਪਿਕ ਖੇਡਾਂ (ਕਰੋਨਾ ਮਹਾਮਾਰੀ ਕਾਰਨ ਜੁਲਾਈ 2021 ਵਿੱਚ ਹੋਈਆਂ) ਦੀ ਮਸ਼ਾਲ 114 ਦਿਨਾਂ ਵਿੱਚ 12500 ਖਿਡਾਰੀਆਂ ਦੇ ਹੱਥਾਂ ਵਿੱਚੋਂ ਹੁੰਦੀ ਹੋਈ 20 ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਟੋਕੀਓ ਪਹੁੰਚੀ ਸੀ। ਇਸ ਸਾਲ ਪੈਰਿਸ (ਫਰਾਂਸ) ਵਿਖੇ 26 ਜੁਲਾਈ ਤੋਂ 11 ਅਗਸਤ ਤੱਕ ਹੋਣ ਵਾਲੀਆਂ 33ਵੀਆਂ ਉਲੰਪਿਕ ਖੇਡਾਂ ਦੀ ਮਸ਼ਾਲ ਯਾਤਰਾ ਧਾਰਮਿਕ ਰਸਮਾਂ ਤੋਂ ਬਾਅਦ 16 ਅਪਰੈਲ ਨੂੰ ਓਲੰਪੀਆ (ਯੂਨਾਨ) ਤੋਂ ਸ਼ੁਰੂ ਹੋ ਚੁੱਕੀ ਹੈ। ਯੂਨਾਨ ਤੋਂ ਫਰਾਂਸ ਦਾ ਚੱਕਰ ਲਗਾ ਕੇ ਇਹ ਮਸ਼ਾਲ ਯਾਤਰਾ 26 ਜੁਲਾਈ ਨੂੰ ਪੈਰਿਸ ਦੇ ਮੁੱਖ ਉਲੰਪਿਕ ਸਟੇਡੀਅਮ ਵਿੱਚ ਪਹੁੰਚੇਗੀ। ਉਲੰਪਿਕ ਮਸ਼ਾਲ ਦੀ ਇਸ ਯਾਤਰਾ ਦੌਰਾਨ 79 ਦਿਨਾਂ ਵਿੱਚ 10 ਹਜ਼ਾਰ ਤੋਂ ਜ਼ਿਆਦਾ ਖਿਡਾਰੀ ਇਨ੍ਹਾਂ ਮਾਣਮੱਤੇ ਪਲਾਂ ਦੇ ਗਵਾਹ ਬਣਨਗੇ।

***

## ਸਿੱਖਾਂ ਦੀ ਸ਼ਾਨ ਹੈ ਦਸਤਾਰ

ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲਿਆਂ ਨੂੰ ਸਨਮਾਨ ਚਿੰਨ੍ਹ ਤੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਸੰਤ ਬਾਬਾ ਰਾਮਪਾਲ ਸਿੰਘ ਵੱਲੋਂ ਆਪਣੇ ਪੂਜਨੀਕ ਪਿਤਾ ਸੰਤ ਬਾਬਾ ਗੁਲਜ਼ਾਰ ਸਿੰਘ ਦੀ ਬਰਸੀ 'ਤੇ ਪਿੰਡ ਝਾਂਡੇ ਜ਼ਿਲ੍ਹਾ ਲੁਧਿਆਣਾ ਵਿਖੇ 3 ਦਸੰਬਰ ਨੂੰ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲਿਆਂ ਨੂੰ ਸਿਰੋਪਾਉ, ਸਨਮਾਨ ਚਿੰਨ੍ਹ ਤੇ ਕ੍ਰਮਵਾਰ 5100, 3100, 2100 ਰੁਪਏ ਨਕਦ ਰਕਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਹੋਰ ਵੀ ਬਹੁਤ ਸਾਰੇ ਪਿੰਡਾਂ/ਸ਼ਹਿਰਾਂ/ਨਗਰਾਂ ਵਿੱਚ ਵੱਖ -ਵੱਖ ਸਮੇਂ ਤੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ।

ਫਾਜ਼ਿਲਕਾ ਦੇ ਸਰਹੱਦੀ ਪਿੰਡ ਰਾਮਪੁਰਾ ਦੇ ਵਸਨੀਕ ਬਲਜਿੰਦਰ ਸਿੰਘ ਦੀ ਛੋਟੇ ਹੁੰਦਿਆਂ ਟੋਕੇ 'ਚ ਆ ਕੇ ਇੱਕ ਬਾਂਹ ਕੱਟੀ ਗਈ ਸੀ। ਭਾਵੇਂ ਉਹ ਬਾਂਹ ਕੱਟਣ ਤੋਂ ਬਾਅਦ ਦੁਨੀਆਂ ਦੀ ਨਜ਼ਰ ਵਿੱਚ ਅਪਾਹਜ ਹੋ ਗਿਆ ਪਰ ਉਸ ਨੇ ਆਪਣੀ ਮਾਨਸਿਕਤਾ ਅਤੇ ਜਜ਼ਬੇ ਨੂੰ ਅਪਾਹਜ ਨਹੀਂ ਹੋਣ ਦਿੱਤਾ। ਇਲਾਕੇ ਵਿੱਚ ਵੀ ਦਸਤਾਰ ਸੈਂਟਰ ਨਾ ਹੋਣ ਕਾਰਨ ਦੋਸਤਾਂ ਦੇ ਕਹਿਣ 'ਤੇ 2016 'ਚ ਫਾਜ਼ਿਲਕਾ ਵਿੱਚ ਦੋਸਤ ਗੁਰਜੀਤ ਸਿੰਘ ਨਾਲ ਦਸਤਾਰ ਸੈਂਟਰ ਦੀ ਸ਼ੁਰੂਆਤ ਕੀਤੀ ਜਿੱਥੇ ਲੋਕਾਂ ਨੇ ਉਸ ਨੂੰ ਵਨ-ਹੈਂਡ ਆਰਟਿਸਟ ਕਹਿਣਾ ਸ਼ੁਰੂ ਕਰ ਦਿੱਤਾ। ਉਹ ਬਾਹਰਲੇ ਸੂਬਿਆਂ ਵਿੱਚ ਜਾ ਕੇ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਪ੍ਰੇਰਿਤ ਕਰ ਰਿਹਾ ਹੈ। ਉਸ ਨੇ ਅਨੇਕਾਂ ਲੋਕਾਂ ਨੂੰ ਦਸਤਾਰ ਸਜਾਉਣੀ ਸਿਖਾਈ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਫ਼ਰੀਦਕੋਟ-ਮੁਕਤਸਰ ਸਾਹਿਬ-ਬਠਿੰਡਾ ਜ਼ੋਨ ਵੱਲੋਂ ਹਰ ਸਾਲ ਦਸਤਾਰ ਦਿਵਸ ਤੋਂ ਹਫ਼ਤਾ-ਦਸ ਦਿਨ ਪਹਿਲਾਂ 'ਦਸਤਾਰ ਚੇਤਨਾ ਮਾਰਚ' ਕੱਢਿਆ ਜਾਂਦਾ ਹੈ। ਚੇਤਨਾ ਮਾਰਚ ਵਿੱਚ 'ਜੇ ਤਖ਼ਤ ਨਹੀਂ ਤਾਜ ਨਹੀਂ ਤਾਂ ਕਿੰਗ ਨਹੀਂ', 'ਜੇ ਕੇਸ ਨਹੀਂ ਦਸਤਾਰ ਨਹੀਂ ਤਾਂ ਸਿੰਘ ਨਹੀਂ', 'ਸਾਡੀ ਪੱਗ ਨਾਲ ਵੱਖਰੀ ਪਛਾਣ ਜੱਗ 'ਤੇ, ਕੀਤਾ ਪੱਗ ਨੇ ਹੈ ਉੱਚਾ ਸਾਡਾ ਮਾਣ ਜੱਗ 'ਤੇ', 'ਸੋਹਣੇ ਕੇਸ ਸਿਰ ਦਸਤਾਰ ਕਲਗੀਧਰ ਦਾ ਬਣ ਸਰਦਾਰ', 'ਸਿਰ 'ਤੇ ਸੋਹੇ ਸੋਹਣੀ ਦਸਤਾਰ', 'ਉੱਚਾ ਸੁੱਚਾ ਸਾਡਾ ਕਿਰਦਾਰ' ਅਤੇ 'ਦਸਤਾਰ ਨਹੀਂ ਤਾਂ ਸਰਦਾਰ ਨਹੀਂ' ਲਿਖੇ ਸਟਿੱਕਰ ਤੇ ਗੁਰਮਤਿ ਸਾਹਿਤ ਵੀ ਵੱਡੀ ਗਿਣਤੀ ਵਿੱਚ ਵੰਡਿਆ ਜਾਂਦਾ ਹੈ। ਪਿੰਡਾਂ ਦੇ ਸਾਬਤ ਸੂਰਤ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ।

ਪੁਰਾਣੇ ਸਮੇਂ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਮਾਵਾਂ ਆਪਣੇ ਬੱਚਿਆਂ ਦੀਆਂ ਦਸਤਾਰਾਂ ਚੁੰਮਦੀਆਂ ਹੋਈਆਂ ਬੱਚਿਆਂ ਦੀ ਸੋਹਣੀ ਦਸਤਾਰ 'ਤੇ ਮਾਣ ਕਰਦੀਆਂ ਸਨ ਪਰ ਉਸ ਦੇ ਬਿਲਕੁਲ ਉਲਟ ਅੱਜ ਦੀਆਂ ਮਾਵਾਂ ਬੱਚਿਆਂ ਦੇ ਕੇਸਾਂ ਨੂੰ ਸੰਭਾਲਣਾ ਵੀ ਬੋਝ ਸਮਝਦੀਆਂ ਹਨ। ਪੂਰੀ ਦੁਨੀਆ ਨੂੰ ਦਸਤਾਰ ਦੀ ਮਹੱਤਤਾ ਬਾਰੇ ਜਾਣੂ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਬਜਟ ਵਿੱਚ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਵਿਖੇ 'ਦਸਤਾਰ ਅਜਾਇਬ ਘਰ' ਬਣਾਉਣ ਦੀ ਚੋਣ ਕੀਤੀ ਗਈ ਹੈ। ਦਸਤਾਰ ਅਜਾਇਬ ਘਰ ਦੀ ਇਮਾਰਤ ਦਾ ਡਿਜ਼ਾਈਨ ਵੀ ਦਸਤਾਰ ਦੀ ਤਰ੍ਹਾਂ ਦਾ ਹੋਵੇਗਾ। ਅਜਾਇਬ ਘਰ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਦਸਤਾਰਾਂ ਦਾ ਮਹੱਤਵ ਦਰਸਾਇਆ ਜਾਵੇਗਾ। ਪਟਿਆਲਾ ਸ਼ਾਹੀ ਦਸਤਾਰ, ਨਿਹੰਗ ਸਿੰਘਾਂ ਦੇ ਸਿਰ ਦਾ ਤਾਜ ਦੁਮਾਲਾ, ਪਗੜੀ ਅਤੇ ਵੱਖ-ਵੱਖ ਧਰਮਾਂ ਵਿੱਚ ਸਿਰਾਂ 'ਤੇ ਬੰਨ੍ਹੀਆਂ ਜਾਣ ਵਾਲੀ ਦਸਤਾਰਾਂ ਅਤੇ ਉਨ੍ਹਾਂ ਦਾ ਮਹੱਤਵ ਦੱਸਿਆ ਜਾਵੇਗਾ। ਦਸਤਾਰ ਸਬੰਧੀ ਗੁਰਦੁਆਰਿਆਂ/ਧਾਰਮਿਕ ਜਥੇਬੰਦੀਆਂ/ਸੰਪਰਦਾਵਾਂ ਨੂੰ ਧਿਆਨ ਦੇਣ ਦੀ ਲੋੜ ਹੈ।

****

## ਪੰਜਾਬੀ ਗੀਤਾਂ ਵਿੱਚ

ਮੁੱਖ ਜ਼ਿੰਮੇਵਾਰ ਬਣਾ ਕੇ ਪੇਸ਼ ਕਰਨ ਨਾਲ ਅਸੀਂ ਉਸ ਢਾਂਚੇ ਨੂੰ ਦੋਸ਼ਮੁਕਤ ਕਰ ਦਿੰਦੇ ਹਾਂ ਜਿਹੜਾ ਇਨ੍ਹਾਂ ਸਮਾਜਿਕ ਕੋਝਾਂ ਲਈ ਅਸਲ ਜ਼ਿੰਮੇਵਾਰ ਹੈ। ਇਹ ਗ਼ਲਤ ਨਿਸ਼ਾਨਦੇਹੀ ਸਾਨੂੰ ਗ਼ਲਤ ਰਸਤੇ ਲੈ ਜਾਂਦੀ ਹੈ ਅਤੇ ਅਸੀਂ ਸੱਪ ਦੀ ਥਾਂ ਸੱਪ ਦੀ ਲੀਕ ਨੂੰ ਕੁੱਟਣ ਲੱਗਦੇ ਹਾਂ।

ਪਰ ਕੀ ਇਨ੍ਹਾਂ ਗੀਤਾਂ ਦਾ ਵਿਰੋਧ ਨਹੀਂ ਕੀਤਾ ਜਾਣਾ ਚਾਹੀਦਾ, ਜਾਂ ਕੀ ਅਜਿਹਾ ਵਿਰੋਧ ਸੰਭਵ ਹੈ ਅਤੇ ਜੇ ਸੰਭਵ ਹੈ ਤਾਂ ਕਿਵੇਂ ਕੀਤਾ ਜਾਣਾ ਚਾਹੀਦਾ ਹੈ ? ਇਨ੍ਹਾਂ ਸਵਾਲਾਂ ਦਾ ਸਹੀ ਜਵਾਬ ਇਸ ਮਸਲੇ ਪ੍ਰਤੀ ਦਰੁਸਤ ਪਹੁੰਚ ਵਿੱਚ ਹੀ ਪਿਆ ਹੈ ਕਿਉਂਕਿ ਇਹ ਗੀਤ ਇਸੇ ਢਾਂਚੇ ਦੀ ਗੰਦਗੀ ਦਾ ਪ੍ਰਗਟਾਵਾ ਹਨ, ਇਸ ਲਈ ਇਨ੍ਹਾਂ ਦਾ ਵਿਰੋਧ ਇਸੇ ਗੰਦਗੀ ਭਾਵ ਇਸੇ ਢਾਂਚੇ ਦੀ ਜ਼ਮੀਨ ਉੱਤੇ ਖੜ੍ਹੇ ਹੋ ਕੇ ਨਹੀਂ ਹੋ ਸਕਦਾ। ਇਨ੍ਹਾਂ ਗੀਤਾਂ ਦਾ ਵਿਰੋਧ ਇੱਕ ਬਿਹਤਰ ਸਮਾਜ ਸਿਰਜਣ ਦੀ ਜ਼ਮੀਨ 'ਤੇ ਖੜ੍ਹੇ ਹੋ ਕੇ ਹੀ ਹੋ ਸਕਦਾ ਹੈ। ਜੇ ਅਸੀਂ ਇਹ ਸਮਝਣ ਵਿੱਚ ਨਾਕਾਮ ਰਹਾਂਗੇ ਤਾਂ ਅੱਜ ਦੇ ਗੀਤਾਂ ਦਾ ਬਦਲ ਬੀਤੇ ਦੇ ਮਾਰਕਾ ਗੀਤਾਂ ਵਿੱਚ ਦੇਖਾਂਗੇ ਜਿਹੜੇ ਇਨ੍ਹਾਂ ਗੀਤਾਂ ਨਾਲੋਂ ਕਿਸੇ ਪੱਖੋਂ ਬਿਹਤਰ ਨਹੀਂ ਹਨ, ਨਾ ਤਾਂ ਤੱਤ ਪੱਖੋਂ ਤੇ ਨਾ ਰੂਪ ਪੱਖੋਂ, ਉਲਟਾ ਇਨ੍ਹਾਂ ਗੀਤਾਂ ਉੱਤੇ ਪਾਈ ਵਿਰਾਸਤ ਦੀ ਚਾਦਰ ਇਨ੍ਹਾਂ ਨੂੰ ਹੋਰ ਖ਼ਤਰਨਾਕ ਬਣਾਵੇਗੀ। ਦੂਸਰਾ ਬਦਲ ਅਕਸਰ ਧਾਰਮਿਕ ਭਜਨਾਂ, ਕਵੀਸ਼ਰੀਆਂ, ਬੋਲੀਆਂ ਆਦਿ ਨੂੰ ਪੇਸ਼ ਕੀਤਾ ਜਾਂਦਾ ਹੈ। ਧਾਰਮਿਕ ਭਜਨਾਂ ਨੂੰ ਬਹੁਗਿਣਤੀ ਲੋਕ ਸੁਣਨ ਲਈ ਹੀ ਤਿਆਰ ਨਹੀਂ। ਕਵੀਸ਼ਰੀਆਂ, ਬੋਲੀਆਂ ਆਦਿ ਵੀ ਪੁਰਾਣੇ ਪੈ ਚੁੱਕੇ ਰੂਪ ਹਨ, ਨਵੀਂ ਪੀੜ੍ਹੀ ਦੀ ਗਿਟਾਰ, ਡਰੱਮ ਸਾਹਮਣੇ ਇਨ੍ਹਾਂ ਦਾ ਟਿਕਣਾ ਨਾਮੁਮਕਿਨ ਹੈ। ਇਨ੍ਹਾਂ ਨੂੰ ਟਿਕਾਉਣ ਦੀਆਂ ਕੋਸ਼ਿਸ਼ਾਂ ਜਾਂ ਤਾਂ ਪੁੱਠੀਆਂ ਪੈਣਗੀਆਂ, ਜਾਂ ਮਰੀਅਲ ਕਿਸਮ ਦਾ ਵਿਰੋਧ ਬਣਨਗੀਆਂ, ਜਾਂ ਫਿਰ ਸਾਡੀ ਇੱਛਾ ਦੇ ਬਿਲਕੁਲ ਉਲਟ ਉਸੇ ਚੀਜ਼ ਨੂੰ ਲੋਕ-ਮਨਾਂ ਵਿੱਚ ਸਥਾਪਤ ਕਰਨਗੀਆਂ ਜਿਸ ਦਾ ਅਸੀਂ ਵਿਰੋਧ ਕਰ ਰਹੇ ਹੁੰਦੇ ਹਾਂ।

ਇਸ ਦਾ ਕਾਰਨ ਹੈ ਕਿ ਇਨ੍ਹਾਂ ਦਾ ਰੂਪ ਸਰੋਤੇ ਨੂੰ ਭਵਿੱਖ ਨਾਲ ਨਹੀਂ ਸਗੋਂ ਬੀਤੇ ਨਾਲ ਜੋੜੇਗਾ ਅਤੇ ਬੀਤੇ ਦੇ ਹੇਰਵੇ ਵਿੱਚੋਂ ਫ਼ਾਸੀਵਾਦ, ਧਾਰਮਿਕ ਕੱਟੜਪੰਥ, ਅਖੌਤੀ ਅਣਖ ਜਿਹੇ ਖੋਭੇ ਹੀ ਮਿਲਦੇ ਹਨ, ਬਿਹਤਰ ਭਵਿੱਖ ਨਹੀਂ। ਇਸ ਲਈ ਸਾਨੂੰ ਅੱਜ ਦੇ ਪੰਜਾਬੀ ਗੀਤ-ਸੰਗੀਤ ਅਤੇ ਆਮ ਰੂਪ ਵਿੱਚ ਮਨੋਰੰਜਨ-ਸਨਅਤ ਦਾ ਬਦਲ ਪੇਸ਼ ਕਰਦਿਆਂ ਭਵਿੱਖ ਦੇ ਸੁਪਨਿਆਂ ਦੀ ਜ਼ਮੀਨ ਉੱਤੇ ਖੜ੍ਹੇ ਹੋਣਾ ਚਾਹੀਦਾ ਹੈ। ਬੀਤੇ ਦੇ ਸੰਗੀਤਕ ਰੂਪਾਂ ਵਿੱਚੋਂ ਅਤੇ ਪ੍ਰਚੱਲਿਤ ਸੰਗੀਤ ਰੂਪਾਂ ਵਿੱਚ ਉਨ੍ਹਾਂ ਵੰਨਗੀਆਂ ਨੂੰ ਹੀ ਲੋਕਾਂ ਵਿੱਚ ਪ੍ਰਚਾਰਨਾ ਚਾਹੀਦਾ ਹੈ ਜਿਹੜੇ ਇਨ੍ਹਾਂ ਸੁਪਨਿਆਂ ਨੂੰ ਸੱਚ ਕਰ ਦਿਖਾਉਣ ਦੀ ਹਿੰਮਤ ਪੈਦਾ ਕਰਦੇ ਹੋਣ, ਉਮੀਦਾਂ ਨੂੰ ਹੁਲਾਰਾ ਦਿੰਦੇ ਹੋਣ, ਅਣਮਨੁੱਖੀਪਣ ਖਿਲਾਫ਼ ਨਫ਼ਰਤ ਪੈਦਾ ਕਰਦੇ ਹੋਣ। ਇਸ ਦੇ ਨਾਲ ਹੀ ਸਾਡੀਆਂ ਲੋੜਾਂ ਅਨੁਸਾਰ ਨਵਾਂ ਸੰਗੀਤ ਸਿਰਜਣ ਦੇ ਯਤਨ ਹੋਣੇ ਚਾਹੀਦੇ ਹਨ।

***

## ਸ੍ਰੀ ਹਰਿਮੰਦਰ ਸਾਹਿਬ ਵਿਖੇ ਯੋਗ ਕਰਨ

ਸ਼੍ਰੋਮਣੀ ਕਮੇਟੀ ਨੇ ਤਿੰਨ ਮੁਲਾਜ਼ਮਾਂ ਖ਼ਿਲਾਫ਼ ਕੀਤੀ ਸੀ ਕਾਰਵਾਈ

ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਬੀਤੇ ਦਿਨੀਂ ਅਰਚਨਾ ਮਕਵਾਨਾ ਨਾਂ ਦੀ ਲੜਕੀ ਨੇ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚ ਯੋਗ ਆਸਣ ਕਰਕੇ ਇਸ ਦੀ ਤਸਵੀਰ ਫੈਲਾਈ ਸੀ। ਇਸ ਦੀ ਸੀ. ਸੀ. ਟੀ. ਵੀ. ਕੈਮਰਿਆਂ ਦੁਆਰਾ ਤਸਦੀਕ ਕਰਨ 'ਤੇ ਸਾਹਮਣੇ ਆਇਆ ਕਿ ਸਿਰਫ 5 ਸਕਿੰਟ ਦੇ ਕਰੀਬ ਇਸ ਹਰਕਤ ਨੂੰ ਲੜਕੀ ਵੱਲੋਂ ਅੰਜਾਮ ਦਿੱਤਾ ਗਿਆ, ਜਿਸ ਨੂੰ ਲੈ ਕੇ ਅਣਗਹਿਲੀ ਕਰਨ ਵਾਲੇ 3 ਮੁਲਾਜ਼ਮਾਂ 'ਚੋਂ 2 ਨੂੰ ਮੁੱਢਲੇ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਇੱਕ ਆਰਜ਼ੀ ਮੁਲਾਜ਼ਮ ਨੂੰ 5 ਹਜ਼ਾਰ ਰੁਪਏ ਜੁਰਮਾਨਾ ਕਰਦਿਆਂ ਉਸ ਦੀ ਤਬਦੀਲੀ ਗੁਰਦੁਆਰਾ ਗੜ੍ਹੀ ਸਾਹਿਬ ਗੁਰਦਾਸ ਨੰਗਲ ਵਿਖੇ ਕੀਤੀ ਗਈ ਹੈ।

***

## ਹਿਮਾਲਿਆ 'ਚ ਬਰਫ਼ ਦੀ ਕਮੀ

2005 ਵਿੱਚ ਭਾਰਤ ਵਿੱਚ ਸੁਨਾਮੀ ਆਈ ਸੀ। ਸ਼ੁਰੂ ਸ਼ੁਰੂ ਵਿੱਚ ਹੜ੍ਹ ਆਉਣਗੇ, ਬਾਅਦ ਵਿੱਚ ਜਦੋਂ ਗਲੇਸ਼ੀਅਰ ਖਤਮ ਹੋ ਜਾਣਗੇ ਤਾਂ ਦਰਿਆਵਾਂ ਵਿੱਚ ਪਾਣੀ ਨਹੀਂ ਹੋਵੇਗਾ ਅਤੇ ਸੋਕਾ ਪਵੇਗਾ।

47 ਡਿਗਰੀ ਸੈਲਸੀਅਸ ਤੋਂ ਵੀ ਵੱਧ ਤਾਪਮਾਨ ਹੋਣ ਕਾਰਨ ਦਰਿਆ ਬਿਆਸ ਵਿੱਚ ਆਮ ਦਿਨਾਂ ਨਾਲੋਂ ਪਾਣੀ ਦੀ ਆਮਦ ਵੱਧਦੀ ਹੋਈ ਨਜ਼ਰ ਆਈ ਹੈ। ਇਸ ਸਬੰਧੀ ਇਰੀਗੇਸ਼ਨ ਵਿਭਾਗ ਦੇ ਮੁਲਾਜ਼ਮ ਵਿਜੈ ਕੁਮਾਰ ਨੇ ਦੱਸਿਆ ਕਿ ਪਹਾੜਾਂ ਵਿੱਚ ਬਰਫ ਪਿਘਲਣ ਕਾਰਨ ਬਿਆਸ ਦਰਿਆ ਵਿੱਚ ਪਾਣੀ ਦੀ ਆਮਦ ਕੁਝ ਵਧੀ ਹੈ। ਉਹਨਾਂ ਕਿਹਾ ਕਿ ਇਸ ਮੌਸਮ ਦੇ ਵਿੱਚ ਬਾਰਿਸ਼ ਨਹੀਂ ਹੋ ਰਹੀ ਹੈ, ਜਿਸ ਕਾਰਨ ਪਹਾੜੀ ਇਲਾਕਿਆਂ ਵਿੱਚ ਬਰਫ ਪਿਘਲਣ ਨਾਲ ਦਰਿਆ ਬਿਆਸ ਵਿੱਚ ਪਾਣੀ ਦਾ ਪੱਧਰ ਵਧ ਸਕਦਾ ਹੈ।

***

## ਸੰਸਦ 'ਚ ਪਈ ਅੰਮ੍ਰਿਤਪਾਲ ਸਿੰਘ ਨੂੰ ਆਵਾਜ਼

ਅੰਮ੍ਰਿਤਪਾਲ ਸਿੰਘ ਦਾ ਵੀ ਨਾਂ ਲਿਆ ਗਿਆ, ਜੋ ਇਸ ਸਮੇਂ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ। ਪਰ ਨਿਯਮਾਂ ਅਨੁਸਾਰ ਪ੍ਰੋਟਮ ਸਪੀਕਰ ਨੇ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁਕਾਉਣ ਲਈ ਆਵਾਜ਼ ਦਿੱਤੀ। ਜਦੋਂ ਸੰਸਦ ਵਿੱਚ ਉਨ੍ਹਾਂ ਦੀ ਮੌਜੂਦਗੀ ਨਜ਼ਰ ਨਹੀਂ ਆਈ ਤਾਂ ਅਗਲੇ ਸੰਸਦ ਮੈਂਬਰ ਦਾ ਨਾਂ ਲਿਆ ਗਿਆ।

ਜ਼ਿਕਰਯੋਗ ਹੈ ਕਿ ਖਡੂਰ ਸਾਹਿਬ ਤੋਂ ਜਿੱਤ ਹਾਸਲ ਕਰਨ ਵਾਲੇ ਤੇ 'ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਸਿੰਘ ਇਸ ਸਮੇਂ ਐੱਨਐੱਸਏ ਤਹਿਤ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਸਹੁੰ ਚੁੱਕਣ ਲਈ ਉਹਨਾਂ ਨੂੰ ਜੇਲ੍ਹ ਤੋਂ ਬਾਹਰ ਆਉਣਾ ਪੈਣਾ ਸੀ, ਜਿਸ ਦੀ ਉਹਨਾਂ ਨੂੰ ਇਜਾਜ਼ਤ ਨਹੀਂ ਦਿੱਤੀ ਗਈ। ਚੋਣਾਂ ਦੌਰਾਨ ਵੀ ਉਹ ਬਾਹਰ ਨਹੀਂ ਆ ਸਕੇ। ਉਨ੍ਹਾਂ ਨੇ ਚੋਣ ਪ੍ਰਚਾਰ ਕੀਤੇ ਬਿਨ੍ਹਾਂ ਹੀ ਕਾਂਗਰਸ ਦੇ ਕੁਲਬੀਰ ਸਿੰਘ ਜ਼ੀਰਾ ਨੂੰ 1.9 ਲੱਖ ਤੋਂ ਵੱਧ ਵੋਟਾਂ ਨਾਲ ਹਰਾਇਆ। ਦੱਸ ਦੇਈਏ ਕਿ ਬੀਤੇ ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਨੇ ਉਨ੍ਹਾਂ ਦੀ ਐੱਨਐੱਸਏ ਵਿਚ ਇਕ ਸਾਲ ਦਾ ਹੋਰ ਵਾਧਾ ਕਰ ਦਿੱਤਾ। ਇਸ ਦਰਮਿਆਨ ਹੁਣ ਦੇਖਣਾ ਇਹ ਹੋਵੇਗਾ ਕਿ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁਕਵਾਉਣ ਲਈ ਜੇਲ੍ਹ ਤੋਂ ਬਾਹਰ ਆਉਣ ਦੀ ਇਜਾਜ਼ਤ ਕਦੋਂ ਮਿਲੇਗੀ ?


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com